ਸ਼ੁੱਕਰਵਾਰ, 11 ਅਗਸਤ, 2023
27 ਸਾਉਣ { ਨਾਨਕਸ਼ਾਹੀ 555 / ਬਿਕਰਮੀ 2080 }
ਜਿਲਦ/VOL. : 72
ਅੰਕ/NO. : 71

# ਨਵਾਂ ਜ਼ਮਾਨਾ

DAILY NAWAN ZAMANA • FRIDAY, 11 AUGUST, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਬੱਦਲ ਫਟਣ ਨਾਲ ਮਲਬੇ 'ਚ ਪੰਜ ਲੋਕਾਂ ਦੇ ਦੱਬੇ ਜਾਣ ਦਾ ਖਦਸ਼ਾ

**ਨਾਹਨ :** ਹਿਮਾਚਲ ਦੇ ਸਿਰਮੌਰ ਜ਼ਿਲ੍ਹੇ ਦੇ ਪਾਉਂਟਾ ਸਾਹਿਬ ਖੇਤਰ ਦੇ ਪਿੰਡ ਮਲਾਗੀ ਦਦਿਆਤ 'ਚ ਬੁੱਧਵਾਰ ਰਾਤ ਬੱਦਲ ਫਟਣ ਕਾਰਨ ਢਹਿ-ਢੇਰੀ ਹੋਏ ਮਕਾਨ ਦੇ ਮਲਬੇ ਹੇਠ ਪਰਵਾਰ ਦੇ ਪੰਜ ਮੈਂਬਰਾਂ ਦੇ ਦੱਬਣ ਦਾ ਖਦਸ਼ਾ ਹੈ। ਕਈ ਘਰਾਂ 'ਚ ਪਾਣੀ ਵੜ ਗਿਆ ਤੇ ਇੱਕ ਮਕਾਨ ਢਹਿ ਗਿਆ। ਮਲਬੇ 'ਚ ਲੋਕ ਨਿਰਮਾਣ ਵਿਭਾਗ 'ਚ ਕੰਮ ਕਰਨ ਵਾਲੇ ਕੁਲਦੀਪ ਸਿੰਘ, ਉਸ ਦੀ ਪਤਨੀ ਜੀਤੋ ਦੇਵੀ, ਪਰਵਾਰ ਦੇ ਜੀਅ ਰਜਨੀ ਦੇਵੀ, ਨਿਤੇਸ਼ ਅਤੇ ਦੀਪਿਕਾ ਦੇ ਦੱਬੇ ਹੋਣ ਦਾ ਖਦਸ਼ਾ ਹੈ।

## ਪੰਜਾਬ ਨੂੰ ਹਥਿਆਰ ਸਪਲਾਈ ਕਰਨ ਵਾਲੀ ਫੈਕਟਰੀ ਫੜੀ

**ਰੁਦਰਪੁਰ :** ਉਤਰਾਖੰਡ ਪੁਲਸ ਨੇ ਊਧਮ ਸਿੰਘ ਨਗਰ ਜ਼ਿਲ੍ਹੇ ਤੋਂ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ 'ਚ ਨਾਜਾਇਜ਼ ਅਸਲੇ ਦੀ ਤਸਕਰੀ ਦਾ ਪਰਦਾ ਫਾਸ਼ ਕੀਤਾ ਹੈ। ਉਸ ਨੇ ਵੱਡੀ ਗੈਰ-ਕਾਨੂੰਨੀ ਹਥਿਆਰ ਫੈਕਟਰੀ ਵਿੱਚੋਂ ਦੋ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਹੈ। ਕਾਸ਼ੀਪੁਰ ਕੋਤਵਾਲੀ ਦੀ ਪੁਲਸ ਨੇ ਦੱਸਿਆ ਕਿ ਗੈਰਕਾਨੂੰਨੀ ਹਥਿਆਰਾਂ ਦੀ ਫੈਕਟਰੀ ਦਾ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਮਾਮਲਾ ਹੈ। ਕਾਸ਼ੀਪੁਰ ਖੇਤਰ ਦੇ ਕੁੰਡਾ ਥਾਣੇ ਦੀ ਕਾਰਵਾਈ ਦੌਰਾਨ ਨਾਜਾਇਜ਼ ਅਸਲਾ ਫੈਕਟਰੀ ਵਿੱਚੋਂ ਵੱਡੀ ਮਾਤਰਾ 'ਚ ਸੈਮੀ-ਆਟੋਮੈਟਿਕ ਪਿਸਤੌਲ, ਪਿਸਤੌਲ, ਕਾਰਤੂਸ, ਮੈਗਜ਼ੀਨ ਬਰਾਮਦ ਕੀਤੇ ਗਏ ਹਨ। ਮੁਲਜ਼ਮਾਂ ਨੇ ਪੁੱਛ-ਪੜਤਾਲ ਦੌਰਾਨ ਦੱਸਿਆ ਕਿ ਉਹ ਵੱਡੀ ਮਾਤਰਾ 'ਚ ਹਰਿਆਣਾ, ਪੰਜਾਬ ਅਤੇ ਉੱਤਰ ਪ੍ਰਦੇਸ਼ ਨੂੰ ਹਥਿਆਰ ਭੇਜਦੇ ਸਨ।

## ਭਲਵਾਨਾਂ ਨੂੰ ਰੋਕਿਆ

**ਨਵੀਂ ਦਿੱਲੀ :** ਨਾਮੀ ਮਹਿਲਾ ਭਲਵਾਨ ਵਿਨੇਸ਼ ਫੋਗਾਟ ਨੇ ਵੀਰਵਾਰ ਕਿਹਾ ਕਿ ਪੁਲਸ ਨੇ ਦਿੱਲੀ ਦੇ ਰਾਜਘਾਟ 'ਤੇ ਧਾਰਾ 144 ਲਗਾ ਕੇ ਭਲਵਾਨਾਂ ਨੂੰ ਪ੍ਰੈੱਸ ਕਾਨਫਰੰਸ ਕਰਨ ਤੋਂ ਰੋਕ ਦਿੱਤਾ। ਵਿਨੇਸ਼ ਦੇ ਨਾਲ ਬਜਰੰਗ ਪੂਨੀਆ ਅਤੇ ਸਾਕਸ਼ੀ ਮਲਿਕ ਨੇ ਟਵਿੱਟਰ 'ਤੇ ਦੁਪਹਿਰੇ ਪ੍ਰੈੱਸ ਕਾਨਫਰੰਸ ਕਰਨ ਦਾ ਐਲਾਨ ਕੀਤਾ ਸੀ।

## ਮਾਨਸਾ ਦੇ ਟਰੱਕ ਡਰਾਈਵਰ ਦੀ ਬਿਹਾਰ 'ਚ ਲਾਸ਼ ਮਿਲੀ

**ਪਟਨਾ :** ਬਿਹਾਰ ਦੇ ਬਕਸਰ ਜ਼ਿਲ੍ਹੇ 'ਚ ਵੀਰਵਾਰ ਪੰਜਾਬ ਦੇ 40 ਸਾਲਾ ਡਰਾਈਵਰ ਦੀ ਟਰੱਕ ਅੰਦਰੋਂ ਲਾਸ਼ ਮਿਲੀ। ਮਾਨਸਾ ਜ਼ਿਲ੍ਹੇ ਦੇ ਜਗਜੀਤ ਸਿੰਘ ਦੀ ਲਾਸ਼ ਚੌਸਾ ਬਲਾਕ 'ਚ ਨਿਰਮਾਣ ਅਧੀਨ ਪਾਵਰ ਪਲਾਂਟ ਨੇੜੇ ਖੜ੍ਹੇ ਟਰੱਕ ਦੇ ਅੰਦਰ ਰਾਡ ਨਾਲ ਲਟਕਦੀ ਮਿਲੀ। ਪੁਲਸ ਮੁਤਾਬਕ ਜਗਜੀਤ ਦਾ ਕਲੀਨਰ ਨਾਸ਼ਤਾ ਕਰਨ ਗਿਆ ਸੀ ਅਤੇ ਜਦੋਂ ਉਹ ਵਾਪਸ ਆਇਆ ਤਾਂ ਨੇੜੇ ਖੜ੍ਹੇ ਹੋਰ ਟਰੱਕਾਂ ਦੇ ਡਰਾਈਵਰਾਂ ਨੇ ਉਸ ਨੂੰ ਦੱਸਿਆ ਕਿ ਜਗਜੀਤ ਨੇ ਟਰੱਕ ਦੇ ਅੰਦਰ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਹੈ।

## ਰਾਸ਼ਟਰਪਤੀ ਚੋਣ ਦੇ ਉਮੀਦਵਾਰ ਦੀ ਹੱਤਿਆ



**ਕਿਊਟੋ :** ਇਕੁਆਡੋਰ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਫਰਨਾਂਡੋ ਵਿਲਾਵਿਸੇਨਸੀਓ ਦੀ ਦੇਸ਼ ਦੀ ਰਾਜਧਾਨੀ ਕਿਊਟੋ 'ਚ ਸਿਆਸੀ ਰੈਲੀ ਦੌਰਾਨ ਅਣਪਛਾਤੇ ਬੰਦੂਕਧਾਰੀ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਹ ਕਤਲ ਅਜਿਹੇ ਸਮੇਂ ਹੋਇਆ ਹੈ, ਜਦੋਂ ਦੱਖਣੀ ਅਮਰੀਕੀ ਦੇਸ਼ 'ਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਹਿੰਸਾ ਆਪਣੇ ਸਿਖਰ 'ਤੇ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ 'ਚ ਫਰਨਾਂਡੋ ਨੂੰ ਸੁਰੱਖਿਆ ਕਰਮਚਾਰੀਆਂ ਨਾਲ ਘਟਨਾ ਸਥਾਨ ਛੱਡਦੇ ਦੇਖਿਆ ਜਾ ਸਕਦਾ ਹੈ। ਵੀਡੀਓ 'ਚ ਉਹ ਚਿੱਟੇ ਰੰਗ ਦੇ ਟਰੱਕ 'ਚ ਦਾਖਲ ਹੁੰਦੇ ਹੋਏ ਨਜ਼ਰ ਆ ਰਹੇ ਹਨ ਅਤੇ ਫਿਰ ਉਨ੍ਹਾ 'ਤੇ ਗੋਲੀਆਂ ਚਲਦੀਆਂ ਦੇਖੀਆਂ ਗਈਆਂ। ਫਰਨਾਂਡੋ (59) 'ਬਿਲਡ ਇਕੁਆਡੋਰ ਮੂਵਮੈਂਟ' ਦੇ ਉਮੀਦਵਾਰ ਸਨ। ਅਗਸਤ ਦੇ ਅਖੀਰ 'ਚ ਹੋਣ ਵਾਲੀਆਂ ਚੋਣਾਂ 'ਚ ਉਹ 8 ਉਮੀਦਵਾਰਾਂ ਵਿੱਚੋਂ ਇੱਕ ਸਨ। ਉਨ੍ਹਾ ਦੇ ਪੰਜ ਬੱਚੇ ਹਨ।

## ਕਾਮਰੇਡ ਸੁਮਿੱਤਰਾ ਗੁਪਤਾ ਦੇ ਦਿਹਾਂਤ 'ਤੇ ਸੀ ਪੀ ਆਈ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ



**ਚੰਡੀਗੜ੍ਹ :** ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ, ਕਿਸਾਨ ਸਭਾ ਦੇ ਪ੍ਰਧਾਨ ਭੁਪਿੰਦਰ ਸਾਂਬਰ ਤੇ ਪੰਜਾਬ ਇਸਤਰੀ ਸਭਾ ਦੀ ਜਨਰਲ ਸਕੱਤਰ ਰਾਜਿੰਦਰਪਾਲ ਕੌਰ ਨੇ ਵੈਟਰਨ ਇਸਤਰੀ ਅਤੇ ਕਮਿਊਨਿਸਟ ਆਗੂ ਕਾਮਰੇਡ ਸੁਮਿੱਤਰਾ ਗੁਪਤਾ ਦੇ ਦਿਹਾਂਤ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਉਹਨਾ ਦੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਉਹਨਾਂ ਕਿਹਾ ਕਿ ਲੱਗਭੱਗ 6-7 ਦਹਾਕੇ ਪਹਿਲਾਂ ਬੀਬੀ ਸੁਮਿੱਤਰਾ ਅਤੇ ਉਹਨਾ ਦੇ ਪਤੀ ਕਾਮਰੇਡ ਅਮਰ ਕਾਂਤ ਗੁਪਤਾ ਬਠਿੰਡਾ ਵਿਚ ਪਾਰਟੀ ਨਾਲ ਜੁੜੇ। ਉਹਨਾਂ ਇਕਬਾਲ ਭਸੀਨ, ਮਹਿੰਦਰ ਸਾਂਬਰ, ਵਿਮਲਾ ਡਾਂਗ ਅਤੇ ਉਹਨਾਂ ਦੇ ਸਮੇਂ ਇਸਤਰੀ ਸਭਾ ਦੀ ਟੀਮ ਨਾਲ ਮਿਲ ਕੇ ਇਸਤਰੀ ਦੀ ਬਰਾਬਰੀ ਅਤੇ ਮੁਕਤੀ ਲਈ ਘੋਲ ਲੜੇ। ਉਹਨਾ ਦੇ ਪਤੀ ਅਮਰ ਕਾਂਤ ਅਤੇ ਪਰਵਾਰ ਵੀ ਕਮਿਊਨਿਸਟ ਪਾਰਟੀ ਨਾਲ ਜੁੜੇ ਰਹੇ। ਕਾਮਰੇਡ ਸੁਮਿੱਤਰਾ ਨਮਿਤ ਅੰਤਮ ਸੰਸਕਾਰ 11 ਅਗਸਤ ਨੂੰ ਦੁਪਹਿਰ 12.00 ਵਜੇ ਚੰਡੀਗੜ੍ਹ ਦੇ ਸ਼ਮਸ਼ਾਨਘਾਟ ਸੈਕਟਰ 25 ਵਿਖੇ ਹੋਵੇਗਾ।

# ਆਪੋਜ਼ੀਸ਼ਨ 'ਤੇ ਚਾਂਦਮਾਰੀ, ਮਨੀਪੁਰ ਦਾ ਚਲਾਵਾਂ ਜ਼ਿਕਰ



**ਨਵੀਂ ਦਿੱਲੀ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪੋਜ਼ੀਸ਼ਨ ਵੱਲੋਂ ਮਨੀਪੁਰ ਨੂੰ ਪ੍ਰਮੁੱਖ ਮੁੱਦੇ ਵਜੋਂ ਉਭਾਰਦਿਆਂ ਲਿਆਂਦੇ ਗਏ ਬੇਵਿਸਾਹੀ ਮਤੇ 'ਤੇ ਤਿੰਨ ਦਿਨ ਚੱਲੀ ਬਹਿਸ ਦਾ ਵੀਰਵਾਰ ਲੋਕ ਸਭਾ 'ਚ ਜਵਾਬ ਦਿੰਦਿਆਂ ਦੋ ਘੰਟੇ 12 ਮਿੰਟ ਦੇ ਭਾਸ਼ਣ 'ਚ ਬਹੁਤਾ ਸਮਾਂ ਆਪਣੀ ਸਰਕਾਰ ਦੇ ਗੁਣਗਾਨ 'ਚ ਲੰਘਾਇਆ। ਮਨੀਪੁਰ ਬਾਰੇ ਸਿਰਫ ਏਨਾ ਹੀ ਕਿਹਾ—ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਹਿਲਾਂ ਹੀ ਲੋਕ ਸਭਾ ਵਿਚ ਮਨੀਪੁਰ ਦੀ ਸਥਿਤੀ ਬਾਰੇ ਵਿਸਥਾਰ ਨਾਲ ਗੱਲਾਂ ਕੀਤੀਆਂ ਹਨ। ਮੈਂ ਮਨੀਪੁਰ ਦੇ ਲੋਕਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਉਨ੍ਹਾਂ ਦਾ ਸੂਬਾ ਫਿਰ ਵਿਕਾਸ ਦੇ ਰਾਹ 'ਤੇ ਪਰਤੇਗਾ। ਉੱਤਰ-ਪੂਰਬ ਉਨ੍ਹਾ ਦੇ ਜਿਗਰ ਦਾ ਟੁਕੜਾ ਹੈ। ਮਹਿਲਾਵਾਂ ਨਾਲ ਅਪਰਾਧ ਕਰਨ ਵਾਲਿਆਂ ਨੂੰ ਸਜ਼ਾ ਦੇਣ ਲਈ ਕੇਂਦਰ ਤੇ ਰਾਜ ਮਿਲ ਕੇ ਯਤਨ ਕਰ ਰਹੇ ਹਨ। ਦੇਸ਼ ਤੇ ਸਦਨ ਮਨੀਪੁਰ ਦੀਆਂ ਬੇਟੀਆਂ-ਮਾਂਵਾਂ-ਭੈਣਾਂ ਦੇ ਨਾਲ ਹੈ। ਉਨ੍ਹਾ ਦਾਅਵਾ ਕੀਤਾ ਕਿ 2018 ਵਿਚ ਲਿਆਂਦੇ ਗਏ ਬੇਵਿਸਾਹੀ ਮਤੇ ਤੋਂ ਬਾਅਦ ਉਹ 2019 ਵਿਚ ਦੂਜੀ ਵਾਰ ਵਧੇਰੇ ਸੀਟਾਂ ਜਿੱਤ ਕੇ ਸੱਤਾ 'ਚ ਆਏ ਸਨ ਤੇ ਤੀਜੀ ਵਾਰ ਵੀ 'ਰੱਬ ਦਾ ਆਸ਼ੀਰਵਾਦ' ਉਨ੍ਹਾ ਨੂੰ ਹੀ ਮਿਲੇਗਾ। ਉਨ੍ਹਾ ਬੇਵਿਸਾਹੀ ਮਤੇ ਨੂੰ ਆਪਣੇ ਲਈ ਲੱਕੀ ਦੱਸਿਆ। ਪ੍ਰਧਾਨ ਮੰਤਰੀ ਨੇ ਦਾਅਵਾ ਕੀਤਾ ਕਿ ਦੇਸ਼ ਦੇ ਲੋਕ ਉਨ੍ਹਾ ਦੇ ਨਾਲ ਹਨ। ਉਨ੍ਹਾ ਦੀ ਸਰਕਾਰ ਨੇ ਦੁਨੀਆ ਵਿਚ ਦੇਸ਼ ਦਾ ਵਕਾਰ ਵਧਾਇਆ ਹੈ, ਪਰ ਕੁਝ ਲੋਕ ਇਸ ਦੀ ਸਾਖ ਖਰਾਬ ਕਰ ਰਹੇ ਹਨ। ਦੁਨੀਆ ਵਿਚ ਭਾਰਤ ਪ੍ਰਤੀ ਵਿਸ਼ਵਾਸ ਵਧ ਰਿਹਾ ਹੈ। ਉਨ੍ਹਾ ਕਿਹਾ ਕਿ ਉਨ੍ਹਾ ਨੌਜਵਾਨਾਂ ਨੂੰ ਘੁਟਾਲਿਆਂ ਤੋਂ ਮੁਕਤ ਸਰਕਾਰ ਦਿੱਤੀ ਹੈ। ਪਿਛਲੇ ਪੰਜ ਸਾਲਾਂ ਵਿਚ ਸਾਢੇ 13 ਕਰੋੜ ਲੋਕ ਗਰੀਬੀ ਵਿੱਚੋਂ ਬਾਹਰ ਨਿਕਲੇ ਹਨ। ਕੌਮਾਂਤਰੀ ਮਾਲੀ ਫੰਡ ਲਿਖਦਾ ਹੈ ਕਿ ਭਾਰਤ ਨੇ ਅੱਤ-ਗਰੀਬੀ ਨੂੰ ਖਤਮ ਕਰ ਦਿੱਤਾ ਹੈ। ਸਵੱਛ ਭਾਰਤ ਕਾਰਨ ਹਰ ਸਾਲ ਗਰੀਬਾਂ ਦੇ 50-50 ਹਜ਼ਾਰ ਰੁਪਏ ਬਚ ਰਹੇ ਹਨ। ਆਪੋਜ਼ੀਸ਼ਨ ਵਾਲੇ ਕਹਿੰਦੇ ਸਨ ਕਿ ਬੈਂਕਿੰਗ ਸੈਕਟਰ ਡੁੱਬ ਜਾਏਗਾ, ਪਰ ਪਬਲਿਕ ਸੈਕਟਰ ਦੇ ਬੈਂਕਾਂ ਦੇ ਮੁਨਾਫੇ ਦੁੱਗਣੇ ਹੋ ਗਏ ਹਨ।

ਉਨ੍ਹਾ ਦਾਅਵਾ ਕੀਤਾ ਕਿ ਜੀਵਨ ਬੀਮਾ ਨਿਗਮ ਵੀ ਮਜ਼ਬੂਤ ਹੋ ਰਿਹਾ ਹੈ। ਤੀਜੀ ਵਾਰ ਉਨ੍ਹਾ ਦੀ ਸਰਕਾਰ ਬਣੇਗੀ ਤਾਂ ਭਾਰਤ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਆਰਥਕ ਸ਼ਕਤੀ ਬਣ ਜਾਵੇਗਾ। ਪ੍ਰਧਾਨ ਮੰਤਰੀ ਨੇ ਕਾਂਗਰਸ ਨੂੰ ਭੰਡਣ ਲਈ ਵੀ ਕਾਫੀ ਸਮਾਂ ਲਿਆ। ਉਨ੍ਹਾ ਆਪੋਜ਼ੀਸ਼ਨ ਦੇ ਗੱਠਜੋੜ 'ਇੰਡੀਆ' ਨੂੰ ਘੁਮੰਡੀਆਂ ਦਾ ਗੱਠਜੋੜ ਕਰਾਰ ਦਿੱਤਾ। ਇਸ ਦੇ ਸਾਰੇ ਆਗੂ ਪ੍ਰਧਾਨ ਮੰਤਰੀ ਬਣਨਾ ਲੋਚਦੇ ਹਨ। ਉਨ੍ਹਾ ਰਾਹੁਲ ਗਾਂਧੀ 'ਤੇ ਵੀ ਤਿੱਖੇ ਹਮਲੇ ਕੀਤੇ ਅਤੇ ਉਨ੍ਹਾ ਦੀ 'ਮੁਹੱਬਤ ਦੀ ਦੁਕਾਨ' ਨੂੰ ਲੁੱਟ ਦੀ ਦੁਕਾਨ ਤੇ ਝੂਠ ਦਾ ਬਾਜ਼ਾਰ ਦੱਸਿਆ। ਪ੍ਰਧਾਨ ਮੰਤਰੀ ਦੇ ਭਾਸ਼ਣ ਤੋਂ ਬਾਅਦ ਬੇਵਿਸਾਹੀ ਮਤਾ ਜ਼ੁਬਾਨੀ ਵੋਟ ਨਾਲ ਰੱਦ ਕਰ ਦਿੱਤਾ ਗਿਆ।

## ਚੋਣ ਕਮਿਸ਼ਨਰਾਂ ਦੀ ਚੋਣ ਕਰਨ ਵਾਲੀ ਕਮੇਟੀ 'ਚੋਂ ਚੀਫ ਜਸਟਿਸ ਬਾਹਰ

### ਆਪੋਜ਼ੀਸ਼ਨ ਦੇ ਵਿਰੋਧ ਦੇ ਦਰਮਿਆਨ ਰਾਜ ਸਭਾ 'ਚ ਬਿੱਲ ਪੇਸ਼

**ਨਵੀਂ ਦਿੱਲੀ :** ਸਰਕਾਰ ਨੇ ਮੁੱਖ ਚੋਣ ਕਮਿਸ਼ਨਰ ਅਤੇ ਹੋਰ ਚੋਣ ਕਮਿਸ਼ਨਰਾਂ ਦੀ ਨਿਯੁਕਤੀ, ਸੇਵਾ ਦੀਆਂ ਸ਼ਰਤਾਂ ਅਤੇ ਕਾਰਜਕਾਲ ਬਾਰੇ ਵੀਰਵਾਰ ਰਾਜ ਸਭਾ 'ਚ ਇੱਕ ਬਿੱਲ ਪੇਸ਼ ਕੀਤਾ, ਜਿਸ 'ਚ ਇਹ ਵਿਵਸਥਾ ਕੀਤੀ ਗਈ ਹੈ ਕਿ ਭਵਿੱਖ 'ਚ ਚੋਣ ਕਮਿਸ਼ਨਰਾਂ ਦੀ ਚੋਣ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਕਮੇਟੀ ਵੱਲੋਂ ਕੀਤੀ ਜਾਵੇਗੀ, ਜਿਸ 'ਚ ਲੋਕ ਸਭਾ 'ਚ ਵਿਰੋਧੀ ਧਿਰ ਦਾ ਨੇਤਾ ਅਤੇ ਕੈਬਨਿਟ ਮੰਤਰੀ ਸ਼ਾਮਲ ਹੋਵੇਗਾ। ਕਾਨੂੰਨ ਅਤੇ ਨਿਆਂ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਮੁੱਖ ਚੋਣ ਕਮਿਸ਼ਨਰ ਅਤੇ ਹੋਰ ਚੋਣ ਕਮਿਸ਼ਨਰ (ਨਿਯੁਕਤੀ, ਸੇਵਾ ਸ਼ਰਤਾਂ ਅਤੇ ਕਾਰਜਕਾਲ) ਬਿੱਲ, 2023 ਵਿਰੋਧੀ ਧਿਰ ਦੇ ਮੈਂਬਰਾਂ ਦੇ ਵਿਰੋਧ ਦੇ ਵਿਚਕਾਰ ਪੇਸ਼ ਕੀਤਾ। ਬਿੱਲ ਦੀ ਇਹ ਵਿਵਸਥਾ ਸੁਪਰੀਮ ਕੋਰਟ ਦੇ ਮਾਰਚ ਦੇ ਫੈਸਲੇ ਦੇ ਉਲਟ ਹੈ, ਜਿਸ 'ਚ ਕਿਹਾ ਗਿਆ ਸੀ ਕਿ ਕਮੇਟੀ 'ਚ ਪ੍ਰਧਾਨ ਮੰਤਰੀ, ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਅਤੇ ਚੀਫ ਜਸਟਿਸ ਸ਼ਾਮਲ ਹੋਣੇ ਚਾਹੀਦੇ ਹਨ, ਪਰ ਸਰਕਾਰ ਨੇ ਬਿੱਲ 'ਚ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਬਾਹਰ ਕਰ ਦਿੱਤਾ ਹੈ।

## ਦੋ ਭਰਾਵਾਂ ਨੂੰ ਸੱਪ ਨੇ ਡੰਗਿਆ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)



ਕਸਬਾ ਖਾਲੜਾ ਦੇ ਦੋ ਭਰਾਵਾਂ ਗੁਰਪ੍ਰੀਤ ਸਿੰਘ (18) ਅਤੇ ਲਵਪ੍ਰੀਤ ਸਿੰਘ (14) ਨੂੰ ਸੁੱਤਿਆਂ ਹੋਇਆਂ ਨੂੰ ਸੱਪ ਨੇ ਡੰਗ ਮਾਰ ਦਿੱਤਾ। ਪਿਤਾ ਹੀਰਾ ਸਿੰਘ, ਜੋ ਅਪਾਹਜ ਹੈ, ਨੇ ਦੱਸਿਆ ਕਿ ਉਹ ਗਰੀਬੀ ਕਾਰਨ ਆਪਣੇ ਪੁੱਤਰਾਂ ਦਾ ਇਲਾਜ ਕਰਵਾਉਣ ਤੋਂ ਅਸਮਰਥ ਹੈ। ਉਸ ਨੇ ਦਾਨੀ ਸੱਜਣਾਂ ਨੂੰ ਅਪੀਲ ਕੀਤੀ ਕਿ ਉਸ ਦੇ ਪੁੱਤਰਾਂ ਦੀ ਜਾਨ ਬਚਾਈ ਜਾਵੇ। ਡਾਕਟਰ ਰਣਜੀਤ ਸਿੰਘ ਰਾਣਾ ਦਾ ਕਹਿਣਾ ਹੈ ਕਿ ਸੱਪ ਜ਼ਿਆਦਾ ਜ਼ਹਿਰੀਲਾ ਹੋਣ ਕਾਰਨ ਲਵਪ੍ਰੀਤ ਸਿੰਘ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ, ਜਦਕਿ ਗੁਰਪ੍ਰੀਤ ਸਿੰਘ ਦੀ ਹਾਲਤ 'ਚ ਸੁਧਾਰ ਹੋਇਆ ਹੈ।

## ਗੌਡਸੇਵਾਦੀਆਂ ਨੂੰ ਸੰਸਦੀ ਚੋਣਾਂ 'ਚ ਸੱਤਾ 'ਚੋਂ ਬਾਹਰ ਕਰਨ ਦਾ ਸੱਦਾ



**ਚੰਡੀਗੜ੍ਹ :** ਭਾਰਤ ਦੀਆਂ ਦੀਆਂ ਪ੍ਰਮੁੱਖ 10 ਟਰੇਡ ਯੂਨੀਅਨਾਂ ਦੇ ਸੱਦੇ 'ਤੇ ਚੰਡੀਗੜ੍ਹ ਅਤੇ ਮੁਹਾਲੀ ਦੀਆਂ ਮਜ਼ਦੂਰ ਜਥੇਬੰਦੀਆਂ ਵੱਲੋਂ ਪ੍ਰਦਰਸ਼ਨ ਕੀਤਾ ਗਿਆ। ਏਟਕ, ਸੀਟੂ, ਸੀ ਟੀ ਯੂ ਪੰਜਾਬ, ਐਕਟੂ ਅਤੇ ਇੰਟਕ ਵੱਲੋਂ ਸਾਂਝੇ ਤੌਰ 'ਤੇ ਚੰਡੀਗੜ੍ਹ ਦੇ ਸੈਕਟਰ 17 ਵਿਚ ਆਯੋਜਿਤ ਰੈਲੀ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਆਰ ਐੱਸ ਐੱਸ ਦੀ ਵਿਚਾਰਧਾਰਾ 'ਤੇ ਅਧਾਰਤ ਭਾਜਪਾ ਸਰਕਾਰ ਵੱਲੋਂ ਕੀਤੀ ਗਈ ਦੇਸ਼ ਦੀ ਆਰਥਕ, ਵਿਚਾਰਧਾਰਕ ਅਤੇ ਸਮਾਜਕ ਬਰਬਾਦੀ ਦੀ ਖੁੱਲ੍ਹ ਕੇ ਨਿਖੇਧੀ ਕੀਤੀ।

ਬੰਤ ਸਿੰਘ ਬਰਾੜ ਪ੍ਰਧਾਨ ਪੰਜਾਬ ਏਟਕ ਨੇ ਕਿਹਾ ਕਿ ਮੋਦੀ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਨੇ ਦੇਸ਼ ਨੂੰ ਬਰਬਾਦੀ ਦੇ ਕੰਢੇ 'ਤੇ ਖੜ੍ਹਾ ਕਰ ਦਿੱਤਾ ਹੈ। ਉਹਨਾ ਕਿਹਾ ਕਿ ਸਰਕਾਰ ਨੇ ਆਪਣਾ ਸਾਰਾ ਪ੍ਰਸ਼ਾਸਨ, ਪੁਲਸ ਅਤੇ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰਕੇ ਘੱਟ-ਗਿਣਤੀਆਂ, ਦਲਿਤਾਂ ਅਤੇ ਔਰਤਾਂ ਨੂੰ ਗੁਲਾਮੀ ਦੀ ਅਵਸਥਾ ਵਿਚ ਧੱਕ ਦਿੱਤਾ ਹੈ। ਆਗੂਆਂ ਕਿਹਾ ਕਿ ਬਿਲਕਿਸ ਬਾਨੋ ਦੇ ਪਰਵਾਰ ਨੂੰ ਖਤਮ ਕਰਨ ਅਤੇ ਰੇਪ ਦੀਆਂ ਘਟਨਾਵਾਂ ਵਾਲੇ ਦੋਸ਼ੀਆਂ ਨੂੰ ਰਿਹਾ ਕਰਕੇ ਉਹਨਾਂ ਦਾ ਫੁੱਲਾਂ ਨਾਲ ਸਵਾਗਤ ਕੀਤਾ ਗਿਆ, ਦੂਜੇ ਪਾਸੇ ਕਈ ਦਰਜਨ ਬੁੱਧੀਜੀਵੀ, ਕਲਾਕਾਰ ਅਤੇ ਲੇਖਕਾਂ ਨੂੰ ਬਿਨਾਂ ਦੋਸ਼ਾਂ ਤੋਂ ਜੇਲ੍ਹੀਂ ਡੱਕਿਆ ਹੋਇਆ ਹੈ ਅਤੇ ਆਏ ਦਿਨ ਵਿਰੋਧੀ ਪਾਰਟੀਆਂ ਦੇ ਆਗੂਆਂ 'ਤੇ ਕੇਸ ਚਲਾਏ ਜਾ ਰਹੇ ਹਨ। ਪਿਛਲੇ ਦਿਨੀਂ ਪਹਿਲਵਾਨ ਬੱਚੀਆਂ ਦੇ ਅੰਦੋਲਨ ਨੂੰ ਕੁਚਲਿਆ ਗਿਆ ਅਤੇ ਦੋਸ਼ੀ ਬ੍ਰਿਜ ਭੂਸ਼ਣ ਚਰਨ ਸਿੰਘ ਦਾ ਪ੍ਰਧਾਨ ਮੰਤਰੀ ਅਤੇ ਸਰਕਾਰ ਵੱਲੋਂ ਪੂਰਨ ਸਮਰਥਨ ਕੀਤਾ ਗਿਆ। ਮਨੀਪੁਰ ਅਤੇ ਹਰਿਆਣਾ ਵਿਚ ਯੋਜਨਾਬੱਧ ਢੰਗ ਨਾਲ ਘੱਟ ਗਿਣਤੀਆਂ 'ਤੇ ਹਮਲੇ ਕੀਤੇ ਜਾ ਰਹੇ ਹਨ, ਪਰ ਪ੍ਰਧਾਨ ਮੰਤਰੀ ਦੜ ਵੱਟ ਕੇ ਬੈਠਾ ਹੋਇਆ ਘੱਟ ਗਿਣਤੀਆਂ ਦੇ ਕਤਲ, ਰੇਪ ਅਤੇ ਬੁਲਡੋਜ਼ਰਾਂ ਰਾਹੀਂ ਘਰਾਂ ਨੂੰ ਬਰਬਾਦ ਕਰਵਾ ਰਿਹਾ ਹੈ। ਆਗੂਆਂ ਕਿਹਾ ਕਿ ਸਾਰੀ ਦੁਨੀਆਂ ਵਿਚ ਸਰਕਾਰੀ ਜ਼ੁਲਮ ਦੀ ਥੂਹ-ਥੂਹ ਹੋ ਰਹੀ ਹੈ, ਪਰ ਸਰਕਾਰੀ ਛੜਯੰਤਰ ਲਾਗਾਤਾਰ ਜਾਰੀ ਹਨ। ਆਗੂਆਂ ਜ਼ੋਰ ਦਿੱਤਾ ● ਬਾਕੀ ਸਫ਼ਾ 2 'ਤੇ

## ਘਰ ਤੇ ਵਾਹਨ ਕਰਜ਼ ਫਿਕਸਡ ਦਰ 'ਤੇ ਦੇਣ ਦੀ ਤਿਆਰੀ

**ਨਵੀਂ ਦਿੱਲੀ :** ਭਾਰਤੀ ਰਿਜ਼ਰਵ ਬੈਂਕ ਕਰਜ਼ਦਾਰਾਂ ਨੂੰ ਫਲੋਟਿੰਗ (ਵਧਣ-ਘਟਣ) ਵਿਆਜ ਦਰ ਅਤੇ ਫਿਕਸਡ (ਸਥਿਰ) ਵਿਆਜ ਦਰ ਵਿੱਚੋਂ ਇਕ ਦੀ ਚੋਣ ਕਰਨ ਦਾ ਅਧਿਕਾਰ ਦੇਣ ਦੀ ਤਿਆਰੀ ਕਰ ਰਹੀ ਹੈ। ਇਸ ਕਦਮ ਨਾਲ ਘਰ, ਵਾਹਨ ਅਤੇ ਹੋਰ ਕਰਜ਼ਾ ਲੈਣ ਵਾਲਿਆਂ ਨੂੰ ਕੁਝ ਰਾਹਤ ਮਿਲੇਗੀ, ਕਿਉਂਕਿ ਫਲੋਟਿੰਗ ਵਿਆਜ ਦਰ ਵਾਲੇ ਅਜਿਹੇ ਗਾਹਕ ਵਿਆਜ ਦਰਾਂ ਵਧਣ ਕਾਰਨ ਸਭ ਤੋਂ ਵੱਧ ਪ੍ਰਭਾਵਤ ਹੁੰਦੇ ਹਨ।

ਵੀਰਵਾਰ ਮੁਦਰਾ ਸਮੀਖਿਆ ਬੈਠਕ ਦੇ ਨਤੀਜਿਆਂ ਦੀ ਜਾਣਕਾਰੀ ਦਿੰਦੇ ਹੋਏ ਰਿਜ਼ਰਵ ਬੈਂਕ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਕਿਹਾ ਕਿ ਇਸ ਦ ● ਬਾਕੀ ਸਫ਼ਾ 2 'ਤੇ

## ਬਾਇਡਨ ਨੂੰ ਧਮਕਾਉਣ ਵਾਲੇ ਨੂੰ ਮਾਰ ਮੁਕਾਇਆ

**ਪ੍ਰੋਵੋ (ਅਮਰੀਕਾ) :** ਅਮਰੀਕਾ ਦੀ ਸੰਘੀ ਜਾਂਚ ਏਜੰਸੀ (ਐੱਫ ਬੀ ਆਈ) ਦੇ ਏਜੰਟ ਨੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਮਾਰਨ ਦੀ ਧਮਕੀ ਦੇਣ ਵਾਲੇ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਅਧਿਕਾਰੀਆਂ ਨੇ ਕਿਹਾ ਕਿ ਉਟਾਹ ਦੇ ਰਹਿਣ ਵਾਲੇ ਮਸ਼ਕੂਕ ਨੂੰ ਰਾਸ਼ਟਰਪਤੀ ਦੇ ਰਾਜ 'ਚ ਆਉਣ ਤੋਂ ਪਹਿਲਾਂ ਗੋਲੀ ਮਾਰ ਦਿੱਤੀ ਗਈ। ਬਾਇਡਨ ਪੱਛਮੀ ਅਮਰੀਕਾ ਦਾ ਦੌਰਾ ਕਰ ਰਹੇ ਹਨ। ਉਹ ਨਿਊ ਮੈਕਸੀਕੋ ਗਏ ਸਨ ਤੇ ਬਾਅਦ ਵਿਚ ਉਟਾਹ ਜਾਣ ਵਾਲੇ ਸਨ। ਐੱਫ ਬੀ ਆਈ ਨੇ ਬਿਆਨ 'ਚ ਕਿਹਾ ਕਿ ਵਿਸ਼ੇਸ਼ ਏਜੰਟ ਸਾਲਟ ਲੇਕ ਸਿਟੀ ਦੇ ਦੱਖਣ 'ਚ ਪ੍ਰੋਵੋ 'ਚ ਵਾਰੰਟ ਲੈ ਕੇ ਕ੍ਰੈਗ ਡਿਲੀਊ ਰੌਬਰਟਸਨ ਦੇ ਘਰ ਪਹੁੰਚੇ ਸਨ ਤੇ ਉਸੇ ਸਮੇਂ ਗੋਲੀਬਾਰੀ ਹੋਈ। ਉਸ ਵੇਲੇ ਸਮਾਂ ਸਵੇਰੇ 6:15 ਵਜੇ ਦਾ ਸੀ। ਸੂਤਰਾਂ ਨੇ ਦੱਸਿਆ ਕਿ ਗੋਲੀਬਾਰੀ ਦੇ ਸਮੇਂ ਰੌਬਰਟਸਨ ਹਥਿਆਰਾਂ ਨਾਲ ਲੈਸ ਸੀ।

## ਨਸ਼ੇੜੀ ਪੁੱਤਰ ਘਰ 'ਚ ਲੜਦਿਆਂ ਮਾਰਿਆ ਗਿਆ

ਜਲਾਲਾਬਾਦ (ਜੀਤ ਕੁਮਾਰ)

ਲਾਗਲੇ ਪਿੰਡ ਢਾਣੀ ਕੋਟੂ ਫੰਗੀਆ ਵਿਖੇ ਸ਼ਰਾਬ ਪੀਣ ਲਈ ਪੈਸੇ ਮੰਗਣ 'ਤੇ ਹੋਏ ਝਗੜੇ ਦੇ ਚਲਦੇ ਨਸ਼ੇੜੀ ਮੁੰਡੇ ਨਰਿੰਦਰ ਸਿੰਘ (32) ਦੀ ਮੌਤ ਹੋ ਗਈ। ਬੁੱਧਵਾਰ ਰਾਤ ਕਰੀਬ 12 ਵਜੇ ਨਰਿੰਦਰ ਸਿੰਘ ਨੇ ਘਰ ਵਿਚ ਨਸ਼ੇ ਦੀ ਤੋੜ ਨੂੰ ਲੈ ਕੇ ਹੰਗਾਮਾ ਕਰਦਿਆਂ ਮਾਂ ਅਤੇ ਭਾਣਜੀ ਉਪਰ ਕਈ ਵਾਰ ਕੀਤੇ। ਪਿਓ ਮੁਣਸ਼ਾ ਸਿੰਘ ਨੇ ਛੁਡਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਉੱਤੇ ਵੀ ਹਮਲਾ ਕਰ ਦਿੱਤਾ। ਗੁੱਸੇ ਵਿਚ ਆਏ ਪਿਤਾ ਨੇ ਨਰਿੰਦਰ ਸਿੰਘ 'ਤੇ ਕਹੀ ਨਾਲ ਵਾਰ ਕੀਤੇ ਅਤੇ ਉਸ ਦੀ ਬਾਂਹ ਵੱਢ ਦਿੱਤੀ। ਇਸ ਤੋਂ ਬਾਅਦ ਖੁਦ ਮੁਣਸ਼ਾ ਸਿੰਘ ਬੇਟੇ ਨੂੰ ਜਲਾਲਾਬਾਦ ਦੇ ਸਰਕਾਰੀ ਹਸਪਤਾਲ ਵਿਖੇ ਇਲਾਜ ਲਈ ਲੈ ਕੇ ਨਿਕਲਿਆ, ਪਰ ਰਸਤੇ ਵਿੱਚ ਹੀ ਉਸ ਨੇ ਦਮ ਤੋੜ ਦਿੱਤਾ। ਥਾਣਾ ਸਿਟੀ ਦੀ ਪੁਲਸ ਨੇ ਮੁਣਸ਼ਾ ਸਿੰਘ ਨੂੰ ਕਤਲ ਦੇ ਦੋਸ਼ 'ਚ ਗ੍ਰਿਫਤਾਰ ਕਰ ਲਿਆ ਹੈ।

# ਚੱਢਾ ਨੇ ਦੋਸ਼ ਝੁਠਲਾਇਆ



**ਨਵੀਂ ਦਿੱਲੀ :** ਆਮ ਆਦਮੀ ਪਾਰਟੀ (ਆਪ) ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਦਿੱਲੀ ਸਰਵਿਸਿਜ਼ ਬਿੱਲ ਨਾਲ ਸੰਬੰਧਤ ਮਤੇ ਵਿਚ ਪੰਜ ਸੰਸਦ ਮੈਂਬਰਾਂ ਦੇ ਜਾਲ੍ਹੀ ਦਸਤਖਤ ਕਰਾਉਣ ਦੇ ਭਾਜਪਾ ਦੇ ਦੋਸ਼ਾਂ ਦਾ ਵੀਰਵਾਰ ਜਵਾਬ ਦਿੰਦਿਆਂ ਕਿਹਾ ਕਿ ਉਹ ਉਨ੍ਹਾ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਚਾਰ ਸੰਸਦ ਮੈਂਬਰਾਂ ਨੇ ਚੱਢਾ 'ਤੇ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਉਨ੍ਹਾਂ ਦੀ ਸਹਿਮਤੀ ਤੋਂ ਬਿਨਾਂ ਸਿਲੈਕਟ ਕਮੇਟੀ ਦੇ ਗਠਨ ਲਈ ਉਨ੍ਹਾਂ ਦੇ ਨਾਂਅ ਪ੍ਰਸਤਾਵਤ ਕਰਨ ਦਾ ਦੋਸ਼ ਲਗਾਇਆ ਸੀ ਤੇ ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੇ ਉ ਨ੍ਹਾਂ ● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਆਪੋਜ਼ੀਸ਼ਨ ਦਾ ਬੋਲੇ ਕੋਈ ਜਦੋਂ ਲੀਡਰ,
ਲਾਈ ਬੱਸ ਜਾਪਦੀ ਸਿਖਰਲੀ ਚੋਟ ਬੇਲੀ।
ਨੁਕਤੇ ਨਾਲ ਪਿਆ ਜੋੜਦਾ ਇੰਜ ਨੁਕਤਾ,
ਗਿਣ-ਗਿਣ ਦੱਸੇ ਸਰਕਾਰ ਦਾ ਖੋਟ ਬੇਲੀ।
ਹਾਕਮ ਧਿਰ ਦੀ ਆਉਂਦੀ ਹੈ ਜਦੋਂ ਵਾਰੀ,
ਦੇਂਦੇ ਰਹਿਣ ਨਹੀਂ ਉਹ ਕੋਈ ਟੋਟ ਬੇਲੀ।
ਉਨ੍ਹਾਂ ਦੀ 'ਵਾਜ਼ ਦੀ ਵੱਖਰੀ ਬੜ੍ਹਕ ਦੱਸੇ,
ਮੁੱਦੇ ਲਿਆਏ ਨੇ ਕੂੰਡੇ ਵਿੱਚ ਘੋਟ ਬੇਲੀ।
ਦੋਵਾਂ ਈ ਧਿਰਾਂ ਨੂੰ ਸੁਣੇ ਜਦ ਆਮ ਬੰਦਾ,
ਸਕਦਾ ਅੰਦਰ ਦੀ ਜਾਣ ਨਾ ਰਮਜ਼ ਬੇਲੀ।
ਕਿੱਧਰ ਘਿਉ ਦਾ ਕੁੱਪਾ ਸਭ ਰੁੜ੍ਹੀ ਜਾਂਦਾ,
ਆਦਮੀ ਆਮ ਨੂੰ ਆਏ ਨਾ ਸਮਝ ਬੇਲੀ।

-ਤੀਸ ਮਾਰ ਖਾਂ

## ਪਠਾਨਕੋਟ ਪੰਚਾਇਤੀ ਜ਼ਮੀਨ ਘੁਟਾਲੇ 'ਚ ਏ ਡੀ ਸੀ ਤੇ ਲਾਭਪਾਤਰੀਆਂ ਖਿਲਾਫ਼ ਕੇਸ ਦਰਜ

### ਦੋ ਔਰਤਾਂ ਗ੍ਰਿਫ਼ਤਾਰ ਤੇ ਬਾਕੀਆਂ ਨੂੰ ਫੜਨ ਲਈ ਛਾਪੇਮਾਰੀ

ਚੰਡੀਗੜ੍ਹ (ਗੁਰਜੀਤ ਬਿੱਲਾ)

ਪੰਜਾਬ ਵਿਜੀਲੈਂਸ ਬਿਊਰੋ ਵੱਲੋਂ 734 ਕਨਾਲ ਅਤੇ 1 ਮਰਲੇ ਪੰਚਾਇਤੀ ਜ਼ਮੀਨ ਘੁਟਾਲੇ ਦੇ ਸੰਬੰਧ ਵਿੱਚ ਸੇਵਾਮੁਕਤ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ (ਡੀ.ਡੀ.ਪੀ.ਓ.) ਕੁਲਦੀਪ ਸਿੰਘ, ਜਿਸ ਕੋਲ ਏ.ਡੀ.ਸੀ. (ਡੀ) ਪਠਾਨਕੋਟ ਦਾ ਚਾਰਜ ਵੀ ਸੀ ਅਤੇ ਸੱਤ ਪ੍ਰਾਈਵੇਟ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਇਸ ਮਾਮਲੇ ਵਿੱਚ ਦੋ ਔਰਤਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਮੁਲਜ਼ਮ ਏ.ਡੀ.ਸੀ. ਕੁਲਦੀਪ ਸਿੰਘ ਨੇ 27 ਫਰਵਰੀ ਨੂੰ ਵੀਨਾ ਪਰਮਾਰ ਅਤੇ ਹੋਰ ਬਨਾਮ ਗ੍ਰਾਮ ਪੰਚਾਇਤ ਪਿੰਡ ਗੋਲ, ਬਲਾਕ ਨਰੋਟ ਜੈਮਲ ਸਿੰਘ, ਜ਼ਿਲ੍ਹਾ ਪਠਾਨਕੋਟ ਦੇ ਮਾਮਲੇ ਵਿੱਚ ਪ੍ਰਾਈਵੇਟ ਵਿਅਕਤੀਆਂ ਦੇ ਹੱਕ ਵਿੱਚ ਫੈਸਲਾ ਸੁਣਾਇਆ ਸੀ। ਉਸ ਦੇ ਇਸ ਮੰਦਭਾਵਨਾ ਵਾਲੇ ਇਸ ਫੈਸਲੇ ਕਾਰਨ 734 ਕਨਾਲ ਅਤੇ 1 ਮਰਲਾ ਪੰਚਾਇਤੀ ਜ਼ਮੀਨ ਕੁਝ ਪ੍ਰਾਈਵੇਟ ਵਿਅਕਤੀਆਂ ਦੇ ਨਾਂਅ ਤਬਦੀਲ ਹੋਣ ਦਾ ਰਾਹ ਪੱਧਰਾ ਹੋ ਗਿਆ ਸੀ।

ਇਸ ਸੰਬੰਧੀ ਸਾਬਕਾ ਡੀ.ਡੀ.ਪੀ.ਓ. ਕੁਲਦੀਪ ਸਿੰਘ ਵਾਸੀ ਮਕਬੂਲਪੁਰਾ (ਅੰਮ੍ਰਿਤਸਰ) ਅਤੇ ਇਸ ਫੈਸਲੇ ਦੇ ਲਾਭਪਾਤਰੀਆਂ ਜਿਨ੍ਹਾਂ ਵਿੱਚ ਵੀਨਾ ਪਰਮਾਰ ਵਾਸੀ ਕ੍ਰਿਸ਼ਨਾ ਨਗਰ ਹੁਸ਼ਿਆਰਪੁਰ, ਇੰਦਰਦੀਪ ਕੌਰ ਵਾਸੀ ਫਿਰੋਜ਼ਪੁਰ ਸਿਟੀ, ਭਾਰਤੀ ਬਾਂਟਾ ਵਾਸੀ ਕ੍ਰਿਸ਼ਨਾ ਨਗਰ ● ਬਾਕੀ ਸਫ਼ਾ 2 'ਤੇ




30.06.2023 ਨੂੰ ਖਤਮ ਹੋਈ ਤਿਮਾਹੀ ਲਈ ਸਟੈਂਡਲੋਨ ਅਣ-ਪੜਤਾਲੇ ਮਾਲੀ ਨਤੀਜਿਆਂ ਦਾ ਸਾਰ

(ਰਕਮ ਲੱਖਾਂ 'ਚ ਸਿਵਾਏ ਈ ਪੀ ਐੱਸ ਡਾਟਾ)

| ਲੜੀ ਨੰ: | ਵੇਰਵੇ | ਤਿਮਾਹੀ ਖਤਮ | ਪਿਛਲੀ ਤਿਮਾਹੀ ਖਤਮ | ਪਿਛਲੇ ਸਾਲ 'ਚ ਤਿੰਨ ਮਹੀਨੇ ਖਤਮ ਅਨੁਸਾਰ | ਸਾਲ ਖਤਮ |
|---|---|---|---|---|---|
| | | 30.06.2023 | 31.03.2023 | 30.06.2022 | 31.03.2023 |
| | | (ਅਣ-ਪੜਤਾਲੇ) | (ਪੜਤਾਲੇ) | (ਅਣ-ਪੜਤਾਲੇ) | (ਪੜਤਾਲੇ) |
| 1. | ਕਾਰੋਬਾਰਾਂ ਤੋਂ ਕੁੱਲ ਆਮਦਨ (ਨੈੱਟ) | 26335.27 | 35716.90 | 40983.27 | 138734.63 |
| 2. | ਸਮੇਂ ਲਈ ਸ਼ੁੱਧ ਲਾਭ (ਟੈਕਸ ਤੋਂ ਪਹਿਲਾਂ, ਅਸਧਾਰਨ ਅਤੇ/ਜਾਂ ਗੈਰ-ਸਧਾਰਨ ਆਇਟਮਾਂ) | 3681.16 | 5018.24 | 3057.77 | 15720.04 |
| 3. | ਟੈਕਸ ਤੋਂ ਪਹਿਲਾਂ ਸਮੇਂ ਲਈ ਸ਼ੁੱਧ ਲਾਭ (ਖਾਸ ਅਤੇ/ਜਾਂ ਅਸਧਾਰਨ ਆਇਟਮਾਂ ਮਗਰੋਂ) | 3681.16 | 5018.24 | 3057.77 | 15720.04 |
| 4. | ਟੈਕਸ ਮਗਰੋਂ ਸਮੇਂ ਲਈ ਸ਼ੁੱਧ ਲਾਭ (ਖਾਸ ਅਤੇ/ਜਾਂ ਅਸਧਾਰਨ ਆਇਟਮਾਂ ਮਗਰੋਂ) | 2746.90 | 3773.94 | 2227.12 | 11766.79 |
| 5. | ਸਮੇਂ ਲਈ ਕੁੱਲ ਵਿਆਪਕ ਆਮਦਨ | 2746.90 | 3773.94 | 2227.12 | 11766.79 |
| 6. | ਪੇਡ-ਅੱਪ ਇਕੁਇਟੀ ਸ਼ੇਅਰ ਕੈਪੀਟਲ (ਫੇਸ ਵੈਲਿਊ ਰੁ: 2/- ਹਰੇਕ) | 1034.67 | 1034.67 | 1034.67 | 1034.67 |
| 7. | ਰਿਜ਼ਰਵਜ਼ (ਰੀਵੈਲੂਏਸ਼ਨ ਰਿਜ਼ਰਵ ਤੋਂ ਬਗੈਰ) | | | | 59811.01 |
| 8. | ਕਮਾਈ ਪ੍ਰਤੀ ਸ਼ੇਅਰ (ਹਰੇਕ 2 ਰੁ: ਦੀ) (ਚਾਲੂ ਅਤੇ ਬੰਦ ਕੀਤੇ ਕਾਰੋਬਾਰਾਂ ਲਈ) * | | | | |
| | ਬੇਸਿਕ : | 5.31 | 7.33 | 4.30 | 22.76 |
| | ਡਿਲਿਊਟਡ : | 5.31 | 7.33 | 4.30 | 22.76 |
| | * ਸਾਲਾਨਾ ਨਹੀਂ ਹੈ | | | | |

ਉਪਰੋਕਤ, ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼ 2015 ਦੇ ਰੈਗੂਲੇਸ਼ਨ 33 ਤਹਿਤ ਸਟਾਕ ਐਕਸਚੇਂਜ (ਬੀ ਐੱਸ ਈ ਅਤੇ ਐੱਨ ਐੱਸ ਈ) ਕੋਲ ਦਾਇਰ 30.06.2023 ਨੂੰ ਖਤਮ ਹੋਈ ਤਿਮਾਹੀ ਦੇ ਸਟੈਂਡਲੋਨ ਅਣ-ਪੜਤਾਲੇ ਵਿੱਤੀ ਨਤੀਜਿਆਂ ਦੀ ਸਟੇਟਮੈਂਟ ਦੇ ਵਿਸਥਾਰਤ ਫਾਰਮਟ ਦਾ ਸਾਰ ਹੈ। 30.06.2023 ਨੂੰ ਖਤਮ ਹੋਈ ਤਿਮਾਹੀ ਦੇ ਸਟੈਂਡਲੋਨ ਅਣ-ਪੜਤਾਲੇ ਵਿੱਤੀ ਨਤੀਜਿਆਂ ਦੀ ਸਟੇਟਮੈਂਟ ਦਾ ਪੂਰਾ ਫਾਰਮਟ, ਸਟਾਕ ਐਕਸਚੇਂਜ ਵੈੱਬਸਾਈਟ (www.bseindia.com) ਅਤੇ ਐੱਨ ਐੱਸ ਈ (www.nseindia.com) ਦੇ ਨਾਲ-ਨਾਲ ਕੰਪਨੀ ਦੀ ਵੈੱਬਸਾਈਟ (www.clsel.in) 'ਤੇ ਉਪਲੱਬਧ ਹੈ।

ਸਥਾਨ : ਗੁਰੂਗ੍ਰਾਮ
ਮਿਤੀ : 09.08.2023

ਵਾਸਤੇ ਚਮਨ ਲਾਲ ਸੇਤੀਆ ਐਕਸਪੋਰਟਸ ਲਿਮ:
(ਰਾਜੀਵ ਸੇਤੀਆ)
ਜਾਇੰਟ ਮੈਨੇਜਿੰਗ ਡਾਇਰੈਕਟਰ ਅਤੇ ਸੀ ਐੱਫ ਓ
(ਡੀ ਆਈ ਐੱਨ 01125921)

ਚਮਨ ਲਾਲ ਸੇਤੀਆ ਐਕਸਪੋਰਟਸ ਲਿਮ:
(ਸਰਕਾਰ ਵੱਲੋਂ ਮਾਨਤਾ ਪ੍ਰਾਪਤ ਸਟਾਰ ਐਕਸਪੋਰਟ ਹਾਊਸ) ਸੀ ਆਈ ਐੱਨ : L51909PB 1994 PLC015083

Maharani Basmati Rice · Zafar · Green World · Mithas Reserve Basmati Rice · Roopalee · Begum

Regd. Office: Meerankot Road, P.O. Central Jail, Ajnala Road, AMRITSAR-143002 (INDIA)
Corpt. Office: 472, Udyog Vihar Phase 3, Gurugram RICE MILLS: Karnal - Kaithal Road| Gujarat - Gandhidham
Ph: +91 124 4745900 E-mail: clsetia@rediffmail.com Website: www.clsel.in, www.maharanirice.in

## 'ਵਰਸਿਟੀ ਕਾਲਜ ਬੇਨੜਾ ਦਾ ਨਤੀਜਾ ਸ਼ਾਨਦਾਰ



**ਧੂਰੀ (ਸੁਖਦੇਵ ਧੂਰੀ)**-ਯੂਨੀਵਰਸਿਟੀ ਕਾਲਜ, ਬੇਨੜਾ (ਧੂਰੀ) ਵਿਖੇ ਸਾਇੰਸ ਵਿਭਾਗ ਦੇ ਬੀ ਐੱਸ ਸੀ (ਮੈਡੀਕਲ ਅਤੇ ਨਾਨ-ਮੈਡੀਕਲ) ਭਾਗ ਪਹਿਲਾ ਦੇ ਵਿਦਿਆਰਥੀਆਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਘੋਸ਼ਿਤ ਕੀਤੇ ਗਏ ਨਤੀਜੇ 'ਚ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ। ਪ੍ਰਿੰਸੀਪਲ ਡਾ. ਪਰਮਜੀਤ ਕੌਰ ਨੇ ਵਿਦਿਆਰਥੀਆਂ ਅਤੇ ਸਮੂਹ ਸਾਇੰਸ ਵਿਭਾਗ ਦੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੀ ਕਾਰਗੁਜ਼ਾਰੀ ਦੀ ਆਸ ਕੀਤੀ। ਇਸ ਤੋਂ ਇਲਾਵਾ ਸਾਇੰਸ ਵਿਭਾਗ ਦੇ ਕੋਆਰਡੀਨੇਟਰ ਡਾ. ਅਸ਼ੋਕ ਕੁਮਾਰ ਨੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ 'ਤੇ ਖੁਸ਼ੀ ਪ੍ਰਗਟ ਕੀਤੀ। ਕਸ਼ਿਸ, ਕਿਰਨਦੀਪ ਕੌਰ ਅਤੇ ਪ੍ਰਭਦੀਪ ਕੌਰ ਨੇ ਬੀ.ਐੱਸ.ਸੀ. ਨਾਨ-ਮੈਡੀਕਲ ਭਾਗ ਪਹਿਲਾ 'ਚ ਕ੍ਰਮਵਾਰ 88.1%, 85.27% ਅਤੇ 78.5% ਅੰਕ ਪ੍ਰਾਪਤ ਕੀਤੇ। ਜਦੋਂ ਕਿ ਚੰਦਨ, ਮਨਪ੍ਰੀਤ ਕੌਰ ਅਤੇ ਸੰਦੀਪ ਕੌਰ ਨੇ ਬੀ.ਐੱਸ.ਸੀ. ਮੈਡੀਕਲ ਭਾਗ ਪਹਿਲਾ ਵਿੱਚ ਕ੍ਰਮਵਾਰ 76.9%, 76.7% ਤੇ 67.6% ਅੰਕ ਪ੍ਰਾਪਤ ਕਰਕੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ।

## ਵਿਦਿਆਰਥੀਆਂ ਨੂੰ ਆਈ ਫਲੂ ਬਾਰੇ ਕੀਤਾ ਜਾਗਰੂਕ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਸਥਾਨਕ ਸੰਸਥਾ ਮਾਊਂਟ ਲਿਟਰਾ ਜੀ ਸਕੂਲ ਫਰੀਦਕੋਟ ਵੱਲੋਂ ਆਈ ਫਲੂ ਸੰਬੰਧੀ ਵਿਦਿਆਰਥੀਆਂ ਦੀ ਸਿਹਤ ਸੰਬੰਧੀ ਸੈਮੀਨਾਰ ਕਰਵਾਇਆ ਗਿਆ। ਸਕੂਲ ਦੇ ਚੇਅਰਮੈਨ ਇੰਜੀ. ਚਮਨ ਲਾਲ ਗੁਲਾਟੀ ਅਤੇ ਪ੍ਰਿੰਸੀਪਲ ਡਾ. ਸੁਰੇਸ਼ ਸ਼ਰਮਾ ਨੇ ਦੱਸਿਆ ਕਿ ਇਸ ਸੈਮੀਨਾਰ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਅੱਖਾਂ ਦੇ ਫਲੂ ਦੇ ਵਧ ਰਹੇ ਪ੍ਰਭਾਵਾਂ ਤੋਂ ਜਾਣੂ ਕਰਵਾਉਣਾ ਅਤੇ ਅੱਖਾਂ ਦੇ ਫਲੂ ਤੋਂ ਬਚਾਅ ਸੰਬੰਧੀ ਸਾਵਧਾਨੀਆਂ ਬਾਰੇ ਜਾਣੂ ਕਰਵਾਉਣਾ ਹੈ। ਵਿਦਿਆਰਥੀਆਂ ਵੱਲੋਂ ਚਾਰਟ ਬਣਾ ਕੇ ਅੱਖਾਂ ਦੇ ਫਲੂ ਤੋਂ ਬਚਾਅ ਲਈ ਸੁਝਾਅ ਦਿੱਤੇ ਗਏ। ਵਿਦਿਆਰਥੀਆਂ ਨੂੰ ਇਹ ਵੀ ਦੱਸਿਆ ਗਿਆ ਕਿ ਅੱਖਾਂ ਦੇ ਫਲੂ ਸਮੇਂ ਸਾਨੂੰ ਆਪਣੀਆਂ ਅੱਖਾਂ ਨੂੰ ਸਾਫ ਪਾਣੀ ਨਾਲ ਧੋਣਾ ਚਾਹੀਦਾ ਹੈ। ਅੱਖਾਂ ਨੂੰ ਸਾਫ ਤੌਲੀਏ ਜਾਂ ਰੁਮਾਲ ਨਾਲ ਪੂੰਝਣਾ ਚਾਹੀਦਾ ਹੈ। ਅੱਖਾਂ ਨੂੰ ਵਾਰ-ਵਾਰ ਰਗੜਨਾ ਨਹੀਂ ਚਾਹੀਦਾ। ਹੱਥਾਂ ਦੀ ਸਫਾਈ ਦਾ ਧਿਆਨ ਰੱਖਣਾ ਚਾਹੀਦਾ। ਡਾਕਟਰ ਦੀ ਸਲਾਹ ਨਾਲ ਹੀ ਦਵਾਈ ਦੀ ਵਰਤੋਂ ਕਰਨੀ ਚਾਹੀਦੀ। ਇਹ ਬਿਮਾਰੀ ਛੂਤ ਦੀ ਬਿਮਾਰੀ ਹੈ ਜੋ ਛੂਹਣ ਨਾਲ ਫੈਲਦੀ ਹੈ। ਇਸ ਲਈ ਆਪਣੇ ਆਲੇ-ਦੁਆਲੇ ਦੀ ਸਫਾਈ ਦਾ ਪੂਰਾ ਧਿਆਨ ਰੱਖੋ। ਅੰਤ 'ਚ ਚਮਨ ਲਾਲ ਗੁਲਾਟੀ ਤੇ ਪ੍ਰਿੰਸੀਪਲ ਡਾ. ਸੁਰੇਸ਼ ਸ਼ਰਮਾ ਨੇ ਵਿਦਿਆਰਥੀਆਂ ਨੂੰ ਆਪਣੀ ਤੇ ਆਪਣੇ ਪਰਵਾਰ ਦੇ ਮੈਂਬਰਾਂ ਦੀਆਂ ਅੱਖਾਂ ਤੇ ਸਿਹਤ ਦਾ ਧਿਆਨ ਰੱਖਣ, ਸਹੀ ਖੁਰਾਕ ਲੈਣ ਅਤੇ ਸਿਹਤਮੰਦ ਰਹਿਣ ਦੀ ਸਲਾਹ ਦਿੱਤੀ।

## ਰਾਣਾ ਗਰੁੱਪ ਨੇ ਤੀਜ ਦਾ ਤਿਉਹਾਰ ਮਨਾਇਆ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਰਾਣਾ ਗਰੁੱਪ ਸਰਹਿੰਦ ਦੇ ਮਹਿਲਾ ਸਟਾਫ਼ ਵੱਲੋਂ ਪੰਜਾਬ ਦਾ ਪ੍ਰਸਿੱਧ ਤਿਉਹਾਰ ਤੀਜ, ਰਿਆਸਤ-ਏ-ਰਾਣਾ ਹੋਟਲ ਵਿੱਚ ਬੜੀ ਧੂਮਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਸਮੂਹ ਮੈਂਬਰਾਂ ਨੇ ਚਾਰ ਚੰਨ ਲਾ ਕੇ ਖੂਬ ਮਨੋਰੰਜਨ ਕੀਤਾ। ਗਿੱਧਾ, ਸੋਲੋ ਡਾਂਸ, ਮਨੋਰੰਜਨ ਖੇਡਾਂ ਆਦਿ ਵਿੱਚ ਔਰਤਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਮੰਚ ਦੀ ਸੰਚਾਲਨ ਦਾ ਕੰਮ ਮਿਸ ਗੁਰਪਿੰਦਰ ਤੇ ਮਿਸ ਨੇਹਾ ਨੇ ਬਾਖੂਬੀ ਨਿਭਾਇਆ। ਖੇਡਾਂ ਦੇ ਜੇਤੂ ਸ੍ਰੀਮਤੀ ਜਸਪ੍ਰੀਤ ਕੌਰ ਤੇ ਸ੍ਰੀਮਤੀ ਰਮਨਦੀਪ ਕੌਰ ਸਨ। ਤੀਜ ਪੰਜਾਬ ਦਾ ਪ੍ਰਸਿੱਧ ਤਿਉਹਾਰ ਹੈ, ਜਿਸ ਦਾ ਹਰ ਔਰਤ ਨੂੰ ਇੰਤਜ਼ਾਰ ਰਹਿੰਦਾ ਹੈ। ਹਰ ਇੱਕ ਔਰਤ ਸਾਵਣ ਦੇ ਮਹੀਨੇ ਇਸ ਤਿਉਹਾਰ ਨੂੰ ਸੋਲ੍ਹਾਂ ਸ਼ਿੰਗਾਰ ਸਜਾ ਕੇ ਤੇ ਮਹਿੰਦੀ ਲਾ ਕੇ ਮਨਾਉਂਦੀ ਹੈ, ਝੂਲੇ ਲੈਂਦੀ ਹੈ ਤੇ ਆਪਣੇ ਪਤੀ ਦੀ ਲੰਬੀ ਉਮਰ ਦੀ ਕਾਮਨਾ ਕਰਦੀ ਹੈ। ਇਸ ਮੌਕੇ ਰਾਣਾ ਗਰੁੱਪ ਦੇ ਐਮ.ਡੀ ਡਾ. ਦੀਪਿਕਾ ਸੂਰੀ ਨੇ ਦੱਸਿਆ ਕਿ ਰਾਣਾ ਗਰੁੱਪ ਵੱਲੋਂ ਹਰ ਤਿਉਹਾਰ ਬੜੀ ਧੂਮਧਾਮ ਨਾਲ ਆਪਣੇ ਸਟਾਫ਼ ਮੈਂਬਰਾਂ ਨਾਲ ਮਨਾਇਆ ਜਾਂਦਾ ਹੈ। ਇਸ ਮੌਕੇ ਸ੍ਰੀਮਤੀ ਰਮਾ ਸੂਰੀ, ਡਾ. ਗੁਰਜੀਤ ਕੌਰ, ਕੁਲਦੀਪ ਕੌਰ, ਪੂਨਮ, ਸ੍ਰੀਮਤੀ ਸਰਬਜੀਤ ਕੌਰ, ਗੁਰਜਿੰਦਰ, ਮੰਜੂ, ਅਮਨਦੀਪ, ਪੂਜਾ ਤੇ ਗੁਰਪਿੰਦਰ ਆਦਿ ਹਾਜ਼ਰ ਸਨ।

## ਪੈਨਸ਼ਨਰ ਮਹਾਂਸੰਘ ਇਕਾਈ ਮਾਛੀਵਾੜਾ ਦੀ ਮੀਟਿੰਗ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੰਜਾਬ ਰਾਜ ਪੈਨਸ਼ਨਰਜ਼ ਮਹਾਂਸੰਘ ਇਕਾਈ ਮਾਛੀਵਾੜਾ ਸਾਹਿਬ ਦੀ ਮਾਸਿਕ ਮੀਟਿੰਗ ਰਾਮ ਸਿੰਘ ਕਾਲੜਾ ਦੀ ਪ੍ਰਧਾਨਗੀ ਹੇਠ ਪੈਨਸ਼ਨਰਜ਼ ਭਵਨ ਵਿਖੇ ਹੋਈ, ਜਿਸ ਵਿੱਚ ਮਣੀਪੁਰ, ਹਰਿਆਣਾ ਤੇ ਦਿੱਲੀ ਵਿਚ ਔਰਤਾਂ ਦੀ ਹੋਈ ਬੇਪੱਤੀ ਤੇ ਧੱਕੇਸ਼ਾਹੀ ਵਿਰੁੱਧ ਜ਼ੋਰਦਾਰ ਅਵਾਜ਼ ਬੁਲੰਦ ਕੀਤੀ ਗਈ ਅਤੇ ਕਸੂਰਵਾਰ ਵਿਅਕਤੀਆਂ ਵਿਰੁੱਧ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਮੋਹਨ ਸਿੰਘ, ਤਰਲੋਚਨ ਸਿੰਘ, ਬਖ਼ਸ਼ੀ ਰਾਮ, ਚਮਨ ਲਾਲ, ਗੁਰਮੀਤ ਸਿੰਘ ਨੇ ਪੰਜਾਬ ਸਰਕਾਰ ਦੀ ਪੈਨਸ਼ਨਰਾਂ ਪ੍ਰਤੀ ਬੇਰੁਖ਼ੀ ਤੇ ਉਨ੍ਹਾਂ ਦੀਆਂ ਹੱਕੀ ਮੰਗਾਂ ਨੂੰ ਸਵੀਕਾਰ ਨਾ ਕਰਕੇ ਖੱਜਲ-ਖੁਆਰ ਕਰਨ ਦੀ ਸਖ਼ਤ ਨਿਖੇਧੀ ਕੀਤੀ ਗਈ। ਰਾਮ ਸਿੰਘ ਕਾਲੜਾ ਨੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਪੈਨਸ਼ਨਰਾਂ ਦੀਆਂ ਭਖ਼ਵੀਆਂ ਮੰਗਾਂ 2.59 ਦਾ ਗੁਣਾਂਕ ਅਤੇ ਕਮਾਈ ਛੁੱਟੀ ਦਾ ਭੁਗਤਾਨ ਨਾ ਹੋਣ ਕਰਕੇ ਪੈਨਸ਼ਨਰਾਂ ਵਿਚ ਸਰਕਾਰ ਪ੍ਰਤੀ ਰੋਸ ਲਹਿਰ ਦਾ ਹੋ ਚੁੱਕੀ ਹੈ। ਇਸ ਮੌਕੇ ਸੁਰਜੀਤ ਸਿੰਘ, ਕੁਲਵੰਤ ਸਿੰਘ, ਮੋਹਨ ਸਿੰਘ, ਪਰਮਜੀਤ ਮਾਂਗਟ, ਗੁਰਦਿਆਲ ਸਿੰਘ, ਨਾਹਰ ਸਿੰਘ, ਪ੍ਰੇਮ ਸਿੰਘ, ਸੋਹਨ ਲਾਲ, ਜੋਗਾ ਸਿੰਘ, ਅਮਰਜੀਤ ਸਿੰਘ, ਸੁਰੇਸ਼ ਨਾਗਪਾਲ ਤੇ ਹੋਰ ਪੈਨਸ਼ਨਰ ਸਾਥੀ ਹਾਜ਼ਰ ਸਨ।

## ਬਿਜਲੀ ਕਾਮਿਆਂ ਨੇ ਮੁੱਖ ਮੰਤਰੀ ਦੇ ਓ ਐੱਸ ਡੀ ਨੂੰ ਮੰਗ ਪੱਤਰ ਸੌਂਪਿਆ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਮੁਲਾਜ਼ਮ ਸੰਘਰਸ਼ ਕਮੇਟੀ ਵੱਲੋਂ ਸੀ.ਆਰ.ਏ 295/19 ਦੇ ਸਾਥੀਆਂ ਨੇ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਦੇ ਓ ਐਸ ਡੀ ਪ੍ਰੋ. ਉਂਕਾਰ ਸਿੰਘ ਸਿੱਧੂ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਮੁਲਾਜ਼ਮ ਆਗੂ ਮਨਜੀਤ ਸਿੰਘ ਲੱਡਾ ਨੇ ਦੱਸਿਆ ਕਿ ਸੌਂਪੇ ਗਏ ਮੰਗ ਪੱਤਰ ਰਾਹੀਂ ਪਾਵਰਕਾਮ 'ਚ ਡਿਊਟੀ ਕਰਦੇ ਤਿੰਨ ਸਾਲ ਦਾ ਪਰਖਕਾਲ ਸਮਾਂ ਪੂਰਾ ਕਰ ਚੁੱਕੇ ਸਹਾਇਕ ਲਾਈਨਮੈਨਾਂ ਤੇ ਕ੍ਰਮਚਾਰੀਆਂ ਦੀ ਤਨਖਾਹ ਰੈਗੂਲਰ ਕਰਨ ਦੀ ਮੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ ਓ ਐਸ ਡੀ ਪ੍ਰੋ: ਸਿੱਧੂ ਨੇ ਵਫ਼ਦ ਨੂੰ ਵਿਸ਼ਵਾਸ ਦਿਵਾਇਆ ਕਿ ਮਸਲਾ ਜਲਦੀ ਹਲ ਕਰਾਇਆ ਜਾਵੇਗਾ। ਇਸ ਮੌਕੇ ਮੇਵਾ ਸਿੰਘ ਮੀਮਸਾ, ਰਮਨਜੀਤ ਬਮਾਲ, ਸੁਖਵਿੰਦਰ ਸਿੰਘ ਬਮਾਲ, ਸੰਦੀਪ ਸਿੰਘ ਧੂਰਾ, ਪ੍ਰਿਤਪਾਲ ਚਿੰਟੂ ਤੇ ਚਰਨਜੀਤ ਖੁਰਮੀ ਆਦਿ ਹਾਜ਼ਰ ਸਨ।

## ਮੁਕਤੇਸ਼ਵਰ ਧਾਮ ਕਮੇਟੀ ਦੀ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ਼ਹਿਰ ਦੇ ਜਲਾਲਾਬਾਦ ਰੋਡ ਮੁਕਤੇਸ਼ਵਰ ਧਾਮ ਕਮੇਟੀ 'ਚ ਹੋਈ ਕਮੇਟੀ ਦੀ ਮੀਟਿੰਗ 'ਚ ਭਾਜਪਾ ਦੇ ਸਾਬਕਾ ਮੰਡਲ ਪ੍ਰਧਾਨ ਬ੍ਰਿਜੇਸ਼ ਗੁਪਤਾ ਨੂੰ ਮੰਦਰ ਦੇ ਪ੍ਰਧਾਨ ਤੇ ਮੋਢੀ ਵਜੋਂ ਅਹਿਮ ਜ਼ਿੰਮੇਵਾਰੀ ਦਿੱਤੀ ਗਈ। ਹੁਣ ਬ੍ਰਿਜੇਸ਼ ਗੁਪਤਾ ਦੀ ਪ੍ਰਧਾਨਗੀ 'ਚ ਮੰਦਰ ਕਮੇਟੀ ਕੰਮ ਕਰੇਗੀ। ਮੀਟਿੰਗ ਦੌਰਾਨ ਮੁਕਤੇਸ਼ਵਰ ਧਾਮ ਕਮੇਟੀ 'ਚ ਵਿਸਤਾਰ ਤੇ ਵਾਧੇ ਸੰਬੰਧੀ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਬ੍ਰਿਜੇਸ਼ ਗੁਪਤਾ ਬਾਬਾ ਖੇਤਰਪਾਲ ਮੰਦਰ ਪੁਰਾਣੀ ਦਾਣਾ ਮੰਡੀ ਤੇ ਕਰਾਨੇ ਵਾਲਾ ਸ਼ਿਆਮ ਕਮੇਟੀ ਦੇ ਵਾਈਸ ਚੇਅਰਮੈਨ ਵਜੋਂ ਵੀ ਸੇਵਾਵਾਂ ਨਿਭਾ ਰਹੇ ਹਨ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਕ੍ਰਿਸ਼ਨ ਕੁਮਾਰ ਸ਼ੰਮੀ ਤੇਰੀਆ, ਡਾ. ਅਸ਼ੋਕ ਕੁਮਾਰ ਬਾਬੂ ਰਾਮ, ਪੰ. ਸਤਪਾਲ ਸੈਨੀ, ਹੈਪੀ ਗਰਗ, ਪਵਨ ਗਲਹੋਤਰਾ, ਮੁਖਤਿਆਰ ਯਾਦਵ, ਰਾਜਨ ਸਾਹਨੀ, ਸੁਰਿੰਦਰ ਕੰਡਾ, ਬਰਜਿੰਦਰ ਸ਼ਰਮਾ, ਸ਼ਿਵਨੰਦਨ ਬਿੱਲੂ ਕਟਾਰੀਆ, ਰਾਜਨ ਗਿਰਧਰ, ਦੀਪਕ ਨਾਰੰਗ, ਸੰਦੀਪ ਕੁਮਾਰ ਰਾਜੂ, ਅਟਲ ਕੁਮਾਰ, ਮਨੋਜ ਕੁਮਾਰ ਗਰਗ, ਜਤਿੰਦਰ ਕੁਮਾਰ, ਬਲਵੰਤ ਸਿੰਘ ਸੰਧੂ, ਦਵਿੰਦਰ ਸਿੰਘ, ਕੇਵਲ ਕ੍ਰਿਸ਼ਨ ਕੇਲੀ, ਮਹਿੰਦਰਪਾਲ ਚਾਵਲਾ, ਰਾਜ ਗਰਗ, ਰਵੀ ਗਰਗ, ਬਲਰਾਜ ਆਹੂਜਾ, ਪਵਨ ਜੁਲਾਹਾ ਆਦਿ ਮੌਜੂਦ ਸਨ।

## ਵਿਧਾਇਕ ਬੜਿੰਗ ਸੰਤ ਭਵਨ ਠਾਠ ਵਿਖੇ ਹੋਏ ਨਤਮਸਤਕ



**ਅਮਲੋਹ (ਲਖਵੀਰ ਸਿੰਘ, ਹਰਚਰਨ ਉਪਲ)**-ਧੰਨ-ਧੰਨ ਸੰਤ ਸੁਆਮੀ ਨਮੋ ਨਾਥ ਮਹਾਰਾਜ ਜੀ ਦੇ ਸਥਾਨ ਸੰਤ ਭਵਨ ਠਾਠ ਡੇਰਾ ਨਮੋਸਰ ਸਾਹਿਬ ਰਾਏਪੁਰ ਚੋਬਦਾਰਾ ਵਿਖੇ ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨਤਮਸਤਕ ਹੋਏ ਤੇ ਸੰਤ ਮਹਾਂਪੁਰਸ਼ਾਂ ਤੋਂ ਆਸ਼ੀਰਵਾਦ ਵੀ ਲਿਆ। ਇਸ ਮੌਕੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਕਿਹਾ ਕਿ ਸਾਨੂੰ ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਕਰਨਾ ਚਾਹੀਦਾ ਹੈ, ਉਥੇ ਹੀ ਆਮ ਆਦਮੀ ਪਾਰਟੀ ਵੀ ਹਰ ਧਰਮ ਦਾ ਸਤਿਕਾਰ ਕਰਦੀ ਹੈ। ਅੱਜ ਸੰਗਤਾਂ ਦਾ ਵੱਡਾ ਇਕੱਠ ਇਹ ਸਾਬਿਤ ਕਰਦਾ ਹੈ ਕਿ ਸੰਤ ਸੁਆਮੀ ਨਮੋ ਨਾਥ ਜੀ ਪ੍ਰਤੀ ਸੰਗਤਾਂ 'ਚ ਕਿੰਨਾ ਪਿਆਰ ਤੇ ਸ਼ਰਧਾ ਹੈ ਅਤੇ ਵੱਖ ਵੱਖ ਹਲਕਿਆਂ ਤੋਂ ਸੰਗਤਾਂ ਨਤਮਸਤਕ ਹੋਣ ਲਈ ਪਹੁੰਚੀਆਂ ਹਨ। ਇਸ ਮੌਕੇ ਵੱਡੀ ਗਿਣਤੀ ਸੰਗਤਾਂ ਮੌਜੂਦ ਸਨ।

# ਈ ਟੀ ਟੀ ਟੀਚਰ ਯੂਨੀਅਨ ਦਾ ਵਫਦ ਡੀ ਈ ਓ ਤੇ ਡਿਪਟੀ ਡੀ ਈ ਓ ਨੂੰ ਮਿਲਿਆ

**ਪੇ-ਅਨਾਮਲੀ ਦੀ ਮੰਗ ਦਾ ਤੁਰੰਤ ਹੱਲ ਕਰਨ ਦੀ ਕੀਤੀ ਮੰਗ**



**ਜਲਾਲਾਬਾਦ (ਜੀਤ ਕੁਮਾਰ)**-ਈਟੀਟੀ ਟੀਚਰ ਯੂਨੀਅਨ ਦਾ ਇੱਕ ਵਫਦ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਢਾਬਾਂ ਦੀ ਅਗਵਾਈ ਹੇਠ ਫਾਜ਼ਿਲਕਾ ਦੇ ਜ਼ਿਲ੍ਹਾ ਸਿੱਖਿਆ ਅਫਸਰ ਦੌਲਤ ਰਾਮ ਤੇ ਡਿਪਟੀ ਡੀ.ਈ.ਓ. ਸ੍ਰੀਮਤੀ ਅੰਜੂ ਸੇਠੀ ਨੂੰ ਮਿਲਿਆ ਅਤੇ ਅਧਿਆਪਕਾਂ ਦੀ ਪੇ-ਅਨਾਮਲੀ ਦੀ ਮੰਗ ਦਾ ਹੱਲ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਈਟੀਟੀ ਟੀਚਰ ਯੂਨੀਅਨ ਫਾਜ਼ਿਲਕਾ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਢਾਬਾਂ, ਪ੍ਰਾਇਮਰੀ ਸਿੱਖਿਆ ਦਫਤਰ ਜਲਾਲਾਬਾਦ-1 ਮਲਕੀਤ ਸਿੰਘ, ਜਲਾਲਾਬਾਦ-2 ਤੋਂ ਅੰਗਰੇਜ ਸਿੰਘ, ਗੁਰੂ ਹਰਸਹਾਏ-3 ਰਾਧੇ ਸ਼ਾਮ ਨੇ ਕਰਮਚਾਰੀਆਂ ਦੀਆਂ ਸਰਵਿਸ ਬੁੱਕ ਅਤੇ ਕੰਪੈਰੀਜਨ ਸਟੇਟਮੈਂਟ ਦਾ ਕੰਪਲੀਟ ਰਿਕਾਰਡ ਤਿਆਰ ਕਰਕੇ ਜ਼ਿਲ੍ਹਾ ਸਿੱਖਿਆ ਅਫਸਰ ਦੌਲਤ ਰਾਮ ਤੇ ਡਿਪਟੀ ਡੀ.ਈ.ਓ. ਸ੍ਰੀਮਤੀ ਅੰਜੂ ਸੇਠੀ ਨੂੰ ਸੌਂਪਿਆ, ਜਿਸ 'ਤੇ ਉਨ੍ਹਾਂ ਨੇ ਯੂਨੀਅਨ ਨੂੰ ਭਰੋਸਾ ਦਿੱਤਾ ਕਿ ਜਲਦੀ ਹੀ ਇਹ ਕੇਸ ਚੈੱਕ ਕਰਕੇ ਡੀ.ਪੀ.ਆਈ. ਦਫਤਰ ਨੂੰ ਫਾਰਵਡ ਕਰ ਦਿੱਤੇ ਜਾਣਗੇ। ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਢਾਬਾਂ ਨੇ ਕਿਹਾ ਕਿ ਪੇ ਅਨਾਮਲੀ ਸਬੰਧੀ ਲਗਾਤਾਰ ਬਲਾਕ ਪੱਧਰ ਤੇ ਜ਼ਿਲ੍ਹਾ ਪੱਧਰ 'ਤੇ ਅਧਿਆਪਕਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਲਈ ਸੰਘਰਸ਼ ਲੜਿਆ ਗਿਆ, ਪਰ ਕੁਝ ਕਾਰਨਾਂ ਕਰਕੇ ਜ਼ਿਲ੍ਹਾ ਫਾਜ਼ਿਲਕਾ ਦੇ ਅਧਿਆਪਕਾਂ ਦੀ ਪੇ ਅਨਾਮਲੀ ਸਬੰਧੀ ਮੰਗ ਅਧੂਰੀ ਹੀ ਰਹਿ ਗਈ ਸੀ। ਡੀ.ਪੀ.ਆਈ ਤੋਂ ਪੱਤਰ ਜਾਰੀ ਕਰਕੇ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ) ਪੰਜਾਬ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਪੰਜਾਬ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਸੀਨੀਅਰ/ਜੂਨੀਅਰ ਕੇਸਾਂ ਦਾ ਨਿਪਟਾਰਾ ਸਮੇਂ ਸਿਰ ਨਾ ਹੋਣ ਕਾਰਨ ਪੋਰਟਲ ਬੰਦ ਕਰ ਦਿੱਤਾ ਗਿਆ ਹੈ ਅਤੇ ਆਦੇਸ਼ ਜਾਰੀ ਕੀਤੇ ਗਏ ਹਨ ਕਿ ਸੀਨੀਅਰ ਜੂਨੀਅਰ ਕੇਸਾਂ ਨੂੰ ਮੈਨੂਅਲ ਮੁੱਖ ਦਫਤਰ ਨੂੰ ਭੇਜਿਆ ਜਾਵੇਗਾ, ਜਿਸ ਦਾ ਸਬੰਧਤ ਸ਼ਾਖਾਵਾਂ ਦੇ ਪੱਧਰ 'ਤੇ ਡੀ.ਸੀ.ਐੱਫ.ਏ. ਤੋਂ ਚੈੱਕ ਕਰਵਾਉਣ ਉਪਰੰਤ ਨਿਪਟਾਰਾ ਕੀਤਾ ਜਾਵੇਗਾ। ਇਸ ਮੌਕੇ ਹਾਜ਼ਰ ਸਮੂਹ ਅਹੁਦੇਦਾਰ ਵੱਲੋਂ ਜ਼ਿਲ੍ਹਾ ਸਿੱਖਿਆ ਅਫਸਰ ਦੌਲਤ ਰਾਮ ਤੇ ਡਿਪਟੀ ਡੀ.ਈ.ਓ. ਸ੍ਰੀਮਤੀ ਅੰਜੂ ਸੇਠੀ ਨੂੰ ਯੂਨੀਅਨ ਵੱਲੋਂ ਕੈਲੰਡਰ ਵੀ ਭੇਟ ਕੀਤੀ ਗਿਆ।

# ਮੰਗਾਂ ਸੰਬੰਧੀ ਪੈਨਸ਼ਨਰਾਂ ਦੀ ਕਨਵੈਨਸ਼ਨ 18 ਨੂੰ



**ਸਮਰਾਲਾ (ਸੁਰਜੀਤ ਸਿੰਘ)**

ਪੈਨਸ਼ਨਰਜ਼ ਐਸੋਸੀਏਸ਼ਨ ਪੰਜਾਬ ਰਾਜ ਪਾਵਰਕਾਮ ਮੰਡਲ ਦੇ ਪਾਵਰਕਾਮ ਪੈਨਸ਼ਨਰਾਂ ਦੀ ਮੰਡਲ ਪੱਧਰ ਦੀ ਮੀਟਿੰਗ ਸਿਕੰਦਰ ਸਿੰਘ ਮੰਡਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਸਭ ਤੋਂ ਪਹਿਲਾਂ ਵਿੱਛੜ ਗਏ ਸਾਥੀ ਬੀਬੀ ਕਰਨੈਲ ਕੌਰ ਵਿਧਵਾ, ਸਾਧੂ ਸਿੰਘ ਮਾਣਕੀ, ਕਰਮਜੀਤ ਸਿੰਘ ਮੁਸ਼ਕਾਬਾਦ ਦੇ ਨੌਜਵਾਨ ਪੁੱਤਰ ਦੀ ਐਕਸੀਡੈਂਟ ਦੌਰਾਨ ਮੌਤ ਅਤੇ ਸੁਖਵੀਰ ਕੁਮਾਰ ਸਮਰਾਲਾ ਦੇ ਭਰਾ ਦੀ ਬੇਵਕਤੀ ਮੌਤ 'ਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਿਕੰਦਰ ਸਿੰਘ ਪ੍ਰਧਾਨ ਵੱਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਅਤੇ ਮੈਨੇਜਮੈਂਟ ਵੱਲੋਂ ਮੰਨੀਆਂ ਗਈਆਂ ਮੰਗਾਂ ਲਾਗੂ ਨਾ ਕਰਨ ਅਤੇ ਜਬਰੀ 200 ਰੁਪਏ ਵਿਕਾਸ ਫੰਡ ਇਕੱਠਾ ਕਰਨ, ਪੇ ਸਕੇਲ 2.59 ਨਾ ਸੋਧਣਾ, ਮੈਡੀਕਲ ਕੈਸ਼ਲੈੱਸ ਸਕੀਮ ਦੁਬਾਰਾ ਚਾਲੂ ਕਰਨਾ, ਬਿਜਲੀ ਵਰਤੋਂ ਦੀ ਰਾਇਆਤ ਦੇਣਾ, ਮੈਡੀਕਲ ਭੱਤਾ 2500 ਰੁਪਏ ਕਰਨਾ, 23 ਸਾਲਾ ਸਕੇਲ ਬਿਨਾਂ ਸ਼ਰਤ ਤੋਂ ਦੇਣਾ ਆਦਿ ਮੰਗਾਂ ਨੂੰ ਮੀਟਿੰਗਾਂ ਵਿੱਚ ਮੰਨ ਕੇ ਮਹਿਕਮਾ ਲਾਗੂ ਨਹੀਂ ਕਰ ਰਿਹਾ। ਇਸ ਲਈ ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਸੰਘਰਸ਼ ਵਿੱਢਿਆ ਗਿਆ ਹੈ। ਇਸ ਲੜੀ ਦੇ ਸਬੰਧ ਵਿੱਚ 18 ਅਗਸਤ ਨੂੰ ਰੋਪੜ ਸਰਕਲ ਵਿਖੇ ਕਨਵੈਸ਼ਨ ਕੀਤੀ ਜਾ ਰਹੀ ਹੈ, ਜਿਸ ਦੇ ਸਬੰਧ ਵਿੱਚ ਦੋ ਬੱਸਾਂ ਇਕ ਕੁਹਾੜਾ/ਕਟਾਣੀ ਤੇ ਇਕ ਬੱਸ ਮਾਛੀਵਾੜਾ ਸਾਹਿਬ ਤੋਂ ਸਵੇਰੇ ਸਾਢੇ ਅੱਠ ਵਜੇ ਰੋਪੜ ਲਈ ਚੱਲਣਗੀਆਂ। ਸਤੰਬਰ ਦੇ ਪਹਿਲੇ ਹਫਤੇ ਪਟਿਆਲਾ ਹੈੱਡ ਆਫਿਸ ਦੇ ਸਾਹਮਣੇ ਵਿਸ਼ਾਲ ਧਰਨਾ ਦਿੱਤਾ ਜਾ ਰਿਹਾ ਹੈ। ਮੰਡਲ ਪ੍ਰਧਾਨ ਸਿਕੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ/ਮੈਨੇਜਮੈਂਟ ਮੀਟਿੰਗਾਂ ਵਿੱਚ ਤਾਂ ਪੈਨਸ਼ਨਰਾਂ ਦੀਆਂ ਮੰਗਾਂ ਮੰਨਣ ਸਬੰਧੀ ਆਪਣੀ ਸਹਿਮਤੀ ਪ੍ਰਗਟ ਕਰਦੀ ਹੈ ਤੇ ਫਿਰ ਉਨ੍ਹਾਂ ਨੂੰ ਲਮਕ ਅਵਸਥਾ ਵਿੱਚ ਰੱਖੀ ਰੱਖਦੀ ਹੈ। ਮੰਗਾਂ ਲਾਗੂ ਕਰਨ ਦੀ ਬਜਾਏ 200 ਰੁਪਏ ਦਾ ਜਬਰੀ ਵਿਕਾਸ ਫੰਡ 60 ਸਾਲ ਤੋਂ ਵੱਧ ਉਮਰ ਦੇ ਪੈਨਸ਼ਨਰਾਂ ਉੱਪਰ ਵੀ ਥੋਪ ਦਿੱਤਾ ਗਿਆ ਹੈ। ਪੰਜਾਬ ਸਰਕਾਰ ਖ਼ਜ਼ਾਨਾ ਭਰੇ ਹੋਣ ਦੇ ਦਗਮਜੇ ਤਾਂ ਬਹਤ ਮਾਰਦੀ ਹੈ, ਪ੍ਰੰਤੂ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਮੰਨ ਕੇ ਲਾਗੂ ਨਹੀਂ ਕਰਦੀ। ਇਸ ਤੋਂ ਇਲਾਵਾ ਮੈਡੀਕਲ ਬਿੱਲ ਵੀ ਸਾਲਾਂ ਬੱਧੀ ਪਾਸ ਨਹੀਂ ਕੀਤੇ ਜਾਂਦੇ। ਉਨ੍ਹਾਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੈਨਸ਼ਨਰਾਂ ਦੀ ਉਪਰੋਕਤ ਮੰਗਾਂ ਸਬੰਧੀ ਜਲਦੀ ਹੋਈ ਫ਼ੈਸਲਾ ਨਾ ਲਿਆ ਗਿਆ ਤਾਂ 18 ਅਗਸਤ ਨੂੰ ਰੋਪੜ ਸਰਕਲ ਵਿਖੇ ਵਿਸ਼ਾਲ ਕਨਵੈਸ਼ਨ ਕੀਤੀ ਜਾਵੇਗੀ ਤੇ ਸੰਘਰਸ਼ ਨੂੰ ਤਿੱਖਾ ਕਰਦੇ ਹੋਏ ਸਤੰਬਰ ਮਹੀਨੇ ਵਿੱਚ ਹੈੱਡ ਆਫਿਸ ਪਟਿਆਲਾ ਵਿਖੇ ਪੰਜਾਬ ਪੱਧਰੀ ਵਿਸ਼ਾਲ ਧਰਨਾ ਦਿੱਤਾ ਜਾਵੇਗਾ, ਜਿਸਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

# ਦਸਮੇਸ਼ ਪਬਲਿਕ ਸਕੂਲ 'ਚ ਵਿਸ਼ੇਸ਼ ਸਿਖਲਾਈ ਸੈਸ਼ਨ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਦੇ ਅਧੀਨ ਚਲ ਰਹੇ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ/ ਕਾਲਜ ਦੇ ਓਰਥੋ ਵਿਭਾਗ ਦੁਆਰਾ 4 ਅਗਸਤ ਨੂੰ "ਵਰਲਡ ਬੋਨ ਐਂਡ ਜੋਇੰਟ-ਡੇ" ਮੌਕੇ ਭਾਰਤੀ ਆਰਥੋਪੈਡਿਕ ਐਸੋਸੀਏਸ਼ਨ (ਆਈ.ਓ.ਏ.) ਦੇ ਸਹਿਯੋਗ ਨਾਲ ਦਸਮੇਸ਼ ਪਬਲਿਕ ਸਕੂਲ ਫਰੀਦਕੋਟ ਵਿਖੇ 200 ਵਿਦਿਆਰਥੀਆਂ ਲਈ ਵਿਸ਼ੇਸ਼ ਸਿਖਲਾਈ ਸੈਸ਼ਨ ਦਾ ਆਯੋਜਨ ਕੀਤਾ ਗਿਆ। ਕੈਂਪ ਵਿਚ ਮੈਡੀਕਲ ਸਾਇੰਸ ਵਿੰਗ ਦੇ ਅਧਿਆਪਕ ਤੇ ਵਿਦਿਆਰਥੀਆਂ ਨੂੰ ਫਸਟਏਡ, ਸੜਕ ਕਿਨਾਰੇ ਦੁਰਘਟਨਾ ਪੀੜਤਾਂ ਲਈ ਮੁਢਲੀ ਜੀਵਨ ਸਹਾਇਤਾ ਤੇ ਓਸਟੀਓਪੋਰੋਸਿਸ ਬਾਰੇ ਜਾਗਰੂਕ ਕੀਤਾ ਅਤੇ ਇਸ ਦੇ ਰੋਕਥਾਮ ਦੇ ਉਪਾਅ ਦੱਸੇ ਗਏ। ਸਿਖਲਾਈ ਸੈਸ਼ਨ ਦਾ ਸੰਚਾਲਨ ਡਾ. ਕਪਿਲ ਬਾਂਸਲ ਪ੍ਰੋਫੈਸਰ ਤੇ ਆਰਥੋਪੈਡਿਕਸ ਵਿਭਾਗ ਦੇ ਮੁਖੀ, ਡਾ: ਅੰਸੁਲ ਦਹੂਜਾ ਐਸੋਸੀਏਟ ਪ੍ਰੋਫੈਸਰ ਆਰਥੋਪੈਡਿਕਸ ਵਿਭਾਗ, ਜੀ ਜੀ ਐਸ ਐਮ ਸੀ, ਫਰੀਦਕੋਟ ਦੁਆਰਾ ਕੀਤਾ ਗਿਆ। ਇਸ ਤੋਂ ਇਲਾਵਾ ਆਰਥੋਪੈਡਿਕਸ ਵਿਭਾਗ ਦੇ ਰੈਜ਼ੀਡੈਂਟ ਡਾਕਟਰਾਂ ਦੀ ਟੀਮ 'ਚੋਂ ਡਾ. ਸੁਪ੍ਰੀਤ ਸਿੰਘ, ਡਾ. ਨੀਰਜ ਸਿੰਗਲਾ ਤੇ ਡਾ. ਅਵਧੇਸ਼ (ਐਨਸਥੀਸੀਆ) ਆਦਿ ਸ਼ਾਮਲ ਸਨ। ਅਕਾਦਮਿਕ ਸੈਸ਼ਨ ਦੌਰਾਨ ਭਾਰਤੀ ਆਰਥੋਪੈਡਿਕ ਐਸੋਸੀਏਸ਼ਨ ਦੇ ਨੁਮਾਇੰਦਿਆਂ ਸਮੇਤ ਦਸਮੇਸ਼ ਪਬਲਿਕ ਸਕੂਲ ਦੇ ਪ੍ਰਿੰਸੀਪਲ ਅਪੂਰਵਾ ਦੇਵਗਨ ਤੇ ਕੋਆਰਡੀਨੇਟਰ ਰਾਕੇਸ਼ ਧਵਨ ਹਾਜ਼ਰ ਸਨ। ਡਾ. ਕਪਿਲ ਬਾਂਸਲ, ਪ੍ਰੋਫੈਸਰ ਤੇ ਆਰਥੋਪੈਡਿਕਸ ਵਿਭਾਗ ਦੇ ਮੁਖੀ ਨੇ ਦਸਿਆ ਕਿ ਇਸ ਸਾਲ ਭਾਰਤੀ ਆਰਥੋਪੈਡਿਕ ਐਸੋਸੀਏਸ਼ਨ ਦੁਆਰਾ 1 ਅਗਸਤ ਤੋਂ 6 ਅਗਸਤ ਤੱਕ ਓਸਟੀਓਪੋਰੋਸਿਸ ਹਫਤੇ ਵਜੋਂ ਮਨਾਇਆ ਗਿਆ, ਓਸਟੀਓਪੋਰੋਸਿਸ ਹਫਤੇ ਦਾ ਥੀਮ "ਹਰ ਇੱਕ ਟ੍ਰੇਨ ਇੱਕ ਇੱਕ ਬਚਾਓ," ਸੀ। ਇਸ ਮੁੱਦੇ ਨਾਲ ਨਜਿੱਠਣ ਲਈ, ਆਰਥੋਪੈਡਿਕ ਐਸੋਸੀਏਸ਼ਨ ਆਫ ਇੰਡੀਆ ਨੇ 1.4 ਲੱਖ ਡਰਾਈਵਰਾਂ, ਟ੍ਰੈਫਿਕ ਪੁਲਿਸ, ਵਿਦਿਆਰਥੀਆਂ, ਅਧਿਆਪਕਾਂ, ਪੁਲਸ ਕਰਮਚਾਰੀਆਂ ਅਤੇ ਆਮ ਨਾਗਰਿਕਾਂ ਨੂੰ ਸਿਖਲਾਈ ਦੇਣ ਦੀ ਪਹਿਲ ਕੀਤੀ ਗਈ ਹੈ।

## ਐੱਮ ਜੀ ਮੋਟਰ ਇੰਡੀਆ ਮਨਾਵੇਗੀ ਆਪਣੀ ਸ਼ਤਾਬਦੀ

**ਚੰਡੀਗੜ੍ਹ :** ਆਪਣੇ 100 ਸਾਲਾਂ ਦੇ ਅਮੀਰ ਇਤਿਹਾਸ ਦੇ ਨਾਲ ਆਪਣੀ ਲਚਕਤਾ, ਨਵੀਨਤਾ ਅਤੇ ਗਾਹਕ-ਕੇਂਦ੍ਰਿਤਤਾ ਦੇ ਪ੍ਰਮਾਣ ਵਜੋਂ ਖੜ੍ਹੀ ਐਮਜੀ ਮੋਟਰ ਇੰਡੀਆ ਹੁਣ ਆਪਣੀ ਸ਼ਤਾਬਦੀ ਨੂੰ ਮਨਾਉਣ ਦੀ ਤਿਆਰੀ ਕਰ ਰਿਹਾ ਹੈ। ਤਕਨਾਲੋਜੀ ਅਤੇ ਖੁਸ਼ਹਾਲੀ ਦੁਆਰਾ ਪ੍ਰੇਰਿਤ ਬ੍ਰਾਂਡ ਭਾਰਤ ਵਿਚ ਆਪਣੀ ਵਿਕਾਸ ਗਾਥਾ, ਭਾਈਚਾਰਿਆਂ ਨੂੰ ਉਤਸ਼ਾਹਿਤ ਕਰਨਾ, ਵਿਭਿੰਨਤਾ ਨੂੰ ਉਤਸ਼ਾਹਿਤ ਕਰਨਾ ਅਤੇ ਇਲੈਕਟ੍ਰਿਕ ਵਾਹਨ ਈਕੋਸਿਸਟਮ ਨੂੰ ਮਜਬੂਤ ਕਰਨ ਉਤੇ ਮਾਣ ਮਹਿਸੂਸ ਕਰਦਾ ਹੈ। ਐਮਜੀ ਹੈਕਟਰ ਨਾਲ ਸ਼ੁਰੂਆਤ ਕਰਨ ਵਾਲੀ ਇਹ ਭਾਰਤ ਦੀ ਪਹਿਲੀ ਇੰਟਰਨੈੱਟ ਐਸਯੂਵੀ ਅਤੇ ਹੁਣ ਐਮਜੀ ਜ਼ੈਡਐਸ ਈਵੀ -ਪਹਿਲੀ ਪੂਰੀ-ਇਲੈਕਟ੍ਰਿਕ ਇੰਟਰਨੈੱਟ ਐਸਯੂਵੀ ਹੈ।

## 'ਮੇਰੀ ਮਿੱਟੀ ਮੇਰਾ ਦੇਸ' ਪ੍ਰੋਗਰਾਮ ਤਹਿਤ ਕੋਟਭਾਈ 'ਚ ਲਾਏ ਪੌਦੇ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਨਹਿਰੂ ਯੁਵਾ ਕੇਂਦਰ ਵੱਲੋਂ 'ਮੇਰੀ ਮਿੱਟੀ ਮੇਰਾ ਦੇਸ' ਪ੍ਰੋਗਰਾਮ ਤਹਿਤ ਬਾਬਾ ਦੀਪ ਸਿੰਘ ਸਪੋਰਟਸ ਐਂਡ ਵੈਲਫੇਅਰ ਕਲੱਬ ਦੇ ਸਹਿਯੋਗ ਨਾਲ ਪ੍ਰੋਗਰਾਮ ਕਰਾਇਆ ਗਿਆ। ਇਸ ਪ੍ਰੋਗਰਾਮ ਵਿੱਚ ਸ਼ਹੀਦ ਜਸਕਰਨ ਸਿੰਘ, ਉਨ੍ਹਾਂ ਦੀ ਪਤਨੀ ਸ੍ਰੀਮਤੀ ਕੁਲਦੀਪ ਕੌਰ ਨੂੰ ਬਾਬਾ ਦੀਪ ਸਿੰਘ ਸਪੋਰਟਸ ਐਂਡ ਵੈਲਫੇਅਰ ਕਲੱਬ ਵੱਲੋਂ ਸਨਮਾਨਤ ਕੀਤਾ ਗਿਆ ਤੇ ਸ਼ਹੀਦ ਜਸਕਰਨ ਸਿੰਘ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਯਾਦ ਵਿੱਚ 'ਮੇਰੀ ਮਿੱਟੀ- ਮੇਰਾ ਦੇਸ' ਪ੍ਰੋਗਰਾਮ ਤਹਿਤ ਪਿੰਡ ਕੋਟ ਭਾਈ ਦੇ ਖੇਡ ਸਟੇਡੀਅਮ ਵਿੱਚ ਪੌਦੇ ਲਾਏ ਗਏ ਤਾਂ ਜੁ ਵਾਤਾਵਰਣ ਸਾਫ਼ ਸੁਥਰਾ ਰਹਿ ਸਕੇ। ਇਨ੍ਹਾਂ ਬੂਟਿਆਂ ਦੀ ਦੇਖਭਾਲ ਲਈ ਕਲੱਬ ਦੇ ਅਹੁਦੇਦਾਰ ਅਤੇ ਮੈਂਬਰ ਨੇ ਪ੍ਰਣ ਲਿਆ। ਸ਼ਹੀਦ ਜਸਕਰਨ ਸਿੰਘ ਦੀ ਪਤਨੀ ਨੇ ਕਲੱਬ ਪ੍ਰਧਾਨ ਦਾ ਧੰਨਵਾਦ ਕੀਤਾ, ਜਿਨ੍ਹਾਂ ਦੇ ਯਤਨਾਂ ਸਦਕਾ ਪ੍ਰੋਗਰਾਮ ਤਹਿਤ ਸ਼ਹੀਦ ਜਸਕਰਨ ਸਿੰਘ ਦੀ ਸ਼ਹਾਦਤ ਨੂੰ ਯਾਦ ਕੀਤਾ।

# ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਦੀ ਮੀਟਿੰਗ ਬਲਦੇਵ ਸਿੰਘ ਬੇਦੀ ਦੀ ਪ੍ਰਧਾਨਗੀ ਹੇਠ ਹੋਟਲ ਸਿਟੀ ਪੈਲਸ ਵਿਖੇ ਹੋਈ। ਮੀਟਿੰਗ 'ਚ ਸੰਸਥਾ ਦੇ ਸੰਸਥਾਪਕ ਅਤੇ ਚੇਅਰਮੈਨ ਇੰਦਰ ਸਿੰਘ ਦਰਦੀ ਨੂੰ ਉਨ੍ਹਾਂ ਦੀ ਬਰਸੀ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਅਤੇ ਦੋ ਮਿੰਟ ਦਾ ਮੌਨ ਰੱਖਿਆ ਗਿਆ। ਮੀਟਿੰਗ ਦੌਰਾਨ ਆਏ ਮੈਂਬਰਾਂ ਨੇ ਗੀਤ ਸੰਗੀਤ ਨਾਲ ਮਾਹੌਲ ਨੂੰ ਖੁਸ਼ਗਵਾਰ ਬਣਾ ਦਿੱਤਾ। ਬੁਲਾਰਿਆਂ ਨੇ ਕਿਹਾ ਕਿ ਸੰਗੀਤ ਰੂਹ ਦੀ ਖੁਰਾਕ ਹੈ। ਸੰਗੀਤ ਤਾਂ ਹਰ ਜਗ੍ਹਾ ਹੈ। ਮੰਦਰ, ਗੁਰਦੁਆਰਾ, ਅਰਾਮਘਰ, ਮਾਲ, ਰੈਸਟੋਰੈਂਟ, ਸਮਾਰਟ ਫੋਨ ਆਦਿ ਵਿਚ। ਸੰਗੀਤ ਕਿਸੇ ਵੀ ਮੂਡ ਵਿਚ ਸੁਣਿਆ ਜਾ ਸਕਦਾ ਹੈ, ਖੁਸ਼ੀ ਵਿਚ, ਉਦਾਸੀ ਵਿਚ, ਜਵਾਨੀ ਅਤੇ ਬੁਢਾਪੇ ਵਿਚ। ਮਨੁੱਖ ਦੇ ਜਨਮ ਤੋਂ ਮਰਨ ਤੱਕ ਦੀਆਂ ਸਾਰੀਆਂ ਰਸਮਾਂ ਕਿਸੇ ਨਾ ਕਿਸੇ ਢੰਗ ਨਾਲ ਗੀਤ ਸੰਗੀਤ ਰਾਹੀਂ ਪੂਰੀਆਂ ਹੁੰਦੀਆਂ ਹਨ। ਇਸ ਮੌਕੇ ਸ਼ਾਮ ਲਾਲ ਗੋਇਲ, ਭੰਵਰ ਲਾਲ ਸ਼ਰਮਾ, ਗੋਬਿੰਦ ਸਿੰਘ ਦਾਬੜਾ, ਓਮ ਪ੍ਰਕਾਸ਼, ਜਸਵੰਤ ਸਿੰਘ ਬਰਾੜ, ਬੂਟਾ ਰਾਮ ਕਮਰਾ, ਬਲਜੀਤ ਸਿੰਘ, ਗੁਰਟੇਕ ਸਿੰਘ, ਸੁਭਾਸ਼ ਚਗਤੀ ਸਮੇਤ ਹੋਰ ਮੈਂਬਰ ਮੌਜੂਦ ਸਨ।

# ਮਾਸਟਰ ਤਰਲੋਚਨ ਸਮਰਾਲਾ ਵਿਛੋੜਾ ਦੇ ਗਏ



**ਜਲੰਧਰ :** ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਦੱਸਿਆ ਕਿ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਦੇ ਸਾਬਕਾ ਜਨਰਲ ਸਕੱਤਰ ਅਤੇ ਆਰਟ ਸੈਂਟਰ ਸਮਰਾਲਾ ਦੇ ਨਿਰਦੇਸ਼ਕ ਮਾਸਟਰ ਤਰਲੋਚਨ ਸਮਰਾਲਾ ਸੜਕ ਹਾਦਸੇ ਵਿਚ ਰੰਗਮੰਚ, ਸਾਹਿਤ, ਕਲਾ ਜਗਤ, ਤਰਕਸ਼ੀਲ ਅਤੇ ਜਮਹੂਰੀ ਕਾਫਲੇ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਆਪਣੀ ਸਕੂਟਰੀ 'ਤੇ ਸਮਰਾਲਾ ਵਿਖੇ ਥਾਰ ਗੱਡੀ ਦੀ ਲਪੇਟ ਵਿੱਚ ਆਉਣ ਕਾਰਨ ਮੌਕੇ 'ਤੇ ਹੀ ਦਮ ਤੋੜ ਗਏ। ਉਹਨਾ ਦੀ ਮ੍ਰਿਤਕ ਦੇਹ ਸਿਵਲ ਹਸਪਤਾਲ ਸਮਰਾਲਾ ਰੱਖੀ ਗਈ ਹੈ। ਪਲਸ ਮੰਚ ਦੀ ਸੂਬਾ ਕਮੇਟੀ ਪਲਸ ਮੰਚ ਦਾ ਪਰਚਮ ਉਹਨਾ ਦੇ ਅਦਬ ਵਿੱਚ ਅਤੇ ਉਹਨਾ ਦੀ ਦੇਣ ਨੂੰ ਸਲਾਮ ਕਰਦਿਆਂ ਨੀਵਾਂ ਕਰਦੀ ਹੈ। ਸੂਬਾ ਕਮੇਟੀ ਮਾਸਟਰ ਤਰਲੋਚਨ ਦੇ ਪਰਵਾਰ, ਸਾਕ-ਸੰਬੰਧੀਆਂ ਅਤੇ ਸੰਗੀ-ਸਾਥੀਆਂ ਨਾਲ ਗਹਿਰੇ ਦੁੱਖ 'ਚ ਸ਼ਰੀਕ ਹੈ। ਉਹਨਾ ਦੀ ਅੰਤਮ ਵਿਦਾਇਗੀ ਦੀ ਤਰੀਕ ਅਤੇ ਸਮਾਂ ਵਿਚਾਰ ਕੇ ਨਿਸਚਿਤ ਕਰਨ 'ਤੇ ਸੂਚਿਤ ਕੀਤਾ ਜਾਏਗਾ।

## ...ਸ.ਫਾ 1 ਦੇ ਬਾਕੀ

### ਗੌਡਸੇਵਾਦੀਆਂ ਨੂੰ ਸੰਸਦੀ...

ਕਿ ਆਉਣ ਵਾਲੀਆਂ 2024 ਦੀਆਂ ਸੰਸਦੀ ਚੋਣਾਂ ਵਿਚ 'ਇੰਡੀਆ' ਨਾਂਅ ਦੇ ਬਣੇ ਸਾਂਝੇ ਗਠਜੋੜ ਦੀ ਭਰਪੂਰ ਹਮਾਇਤ ਕਰਕੇ ਦੇਸ਼ ਨੂੰ ਫਾਸ਼ੀਵਾਦੀ ਸ਼ਕਤੀਆਂ ਤੋਂ ਪੂਰੀ ਤਰ੍ਹਾਂ ਮੁਕਤ ਕਰਵਾ ਕੇ ਦੇਸ਼ ਵਿਚ ਅਡਾਨੀਆਂ-ਅੰਬਾਨੀਆਂ ਦੀ ਸਰਕਾਰ ਦਾ ਭੋਗ ਪਾਇਆ ਜਾਵੇ। ਰੈਲੀ ਨੂੰ ਸੰਬੋਧਨ ਕਰਨ ਵਾਲੇ ਦਰਜਨ ਆਗੂਆਂ ਵਿਚ ਉਚੇਚੇ ਤੌਰ 'ਤੇ ਏਟਕ ਦੇ ਦੇਵੀ ਦਿਆਲ ਸ਼ਰਮਾ, ਰਾਜ ਕੁਮਾਰ ਸਕੱਤਰ ਏਟਕ , ਸੀਟੂ ਦੇ ਰਾਮ ਅਧਰ ਤੇ ਨਰਿੰਦਰ, ਸੀ ਟੀ ਯੂ ਪੰਜਾਬ ਦੇ ਇੰਦਰਜੀਤ ਗਰੇਵਾਲ ਤੇ ਪੀ ਡੀ ਐੱਸ ਉਪਲ, ਮੁਹਿੰਦਰਪਾਲ, ਸਤਿਆਵੀਰ ਸਿੰਘ, ਪ੍ਰੀਤਮ ਸਿੰਘ, ਦਿਲਦਾਰ ਸਿੰਘ, ਪ੍ਰੈੱਸ ਸਕੱਤਰ ਪ੍ਰਲਾਦ ਸਿੰਘ, ਸੁਭਾਸ਼ ਆਦਿ ਸਨ। ਚੰਡੀਗੜ੍ਹ ਦੀਆਂ ਮਜ਼ਦੂਰ ਜਥੇਬੰਦੀਆਂ ਵੱਡੀ ਗਿਣਤੀ ਵਿਚ ਸ਼ਾਮਲ ਹੋਈਆਂ। ਚੰਡੀਗੜ੍ਹ ਆਂਗਣਵਾੜੀ ਜਥੇਬੰਦੀ ਨੇ ਵੀ ਹਿੱਸਾ ਲਿਆ। ਐਕਟੂ ਦੇ ਸੀਨੀਅਰ ਆਗੂ ਤੇ ਸਕੱਤਰ ਕਮਲਜੀਤ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ।

### ਘਰ ਤੇ ਵਾਹਨ...

ਲਈ ਨਵਾਂ ਢਾਂਚਾ ਤਿਆਰ ਕੀਤਾ ਜਾ ਰਿਹਾ ਹੈ। ਇਸ ਤਹਿਤ ਕਰਜ਼ਦਾਤਾਵਾਂ ਨੂੰ ਕਰਜ਼ਦਾਰਾਂ ਨੂੰ ਕਰਜ਼ਿਆਂ ਦੀ ਮਿਆਦ ਅਤੇ ਮਹੀਨਾਵਾਰ ਕਿਸ਼ਤ (ਈ ਐੱਮ ਆਈ) ਬਾਰੇ ਸਪੱਸ਼ਟ ਜਾਣਕਾਰੀ ਦੇਣੀ ਹੋਵੇਗੀ। ਬੈਂਕ ਨੇ ਲਗਾਤਾਰ ਤੀਜੀ ਵਾਰ ਨੀਤੀਗਤ ਦਰ ਰੈਪੋ ਨੂੰ 6.5 ਫੀਸਦੀ 'ਤੇ ਬਰਕਰਾਰ ਰੱਖਿਆ। ਇਸ ਦਾ ਮਤਲਬ ਹੈ ਕਿ ਘਰ, ਵਾਹਨ ਸਮੇਤ ਵੱਖ-ਵੱਖ ਕਰਜ਼ਿਆਂ 'ਤੇ ਮਹੀਨਾਵਾਰ ਕਿਸ਼ਤ (ਈ ਐੱਮ ਆਈ) 'ਚ ਕੋਈ ਬਦਲਾਅ ਨਹੀਂ ਹੋਵੇਗਾ। ਕੇਂਦਰੀ ਬੈਂਕ ਨੇ ਚਾਲੂ ਵਿੱਤੀ ਸਾਲ ਲਈ ਆਪਣੇ ਆਰਥਕ ਵਿਕਾਸ ਦੇ ਅਨੁਮਾਨ ਨੂੰ ਵੀ 6.5 ਫੀਸਦੀ 'ਤੇ ਬਰਕਰਾਰ ਰੱਖਿਆ ਹੈ। ਇਸ ਦੇ ਨਾਲ ਹੀ ਮੌਜੂਦਾ ਵਿੱਤੀ ਸਾਲ 2023-24 ਲਈ ਮਹਿੰਗਾਈ ਦਰ ਦਾ ਅਨੁਮਾਨ ਵਧਾ ਕੇ 5.4 ਫੀਸਦੀ ਕਰ ਦਿੱਤਾ ਹੈ। ਦਾਸ ਨੇ ਕਿਹਾ—ਕੌਮਾਂਤਰੀ ਪੱਧਰ 'ਤੇ ਬੇਯਕੀਨੀ ਦੇ ਮਾਹੌਲ ਦੇ ਬਾਵਜੂਦ ਭਾਰਤੀ ਅਰਥ ਵਿਵਸਥਾ ਮਜ਼ਬੂਤ ਹੈ।

### ਚੱਢਾ ਨੇ ਦੋਸ਼...

ਸੰਸਦ ਮੈਂਬਰਾਂ ਦੀਆਂ ਸ਼ਿਕਾਇਤਾਂ ਦਾ ਹਵਾਲਾ ਦਿੰਦੇ ਹੋਏ ਮਾਮਲੇ ਨੂੰ ਜਾਂਚ ਲਈ ਵਿਸ਼ੇਸ਼ ਅਧਿਕਾਰ ਕਮੇਟੀ ਕੋਲ ਭੇਜ ਦਿੱਤਾ। ਇਸ ਘਟਨਾਕ੍ਰਮ ਤੋਂ ਬਾਅਦ ਆਪਣੀ ਪਹਿਲੀ ਪ੍ਰਤੀਕਿਰਿਆ 'ਚ 'ਆਪ' ਨੇਤਾ ਨੇ ਕਿਹਾ ਕਿ ਉਹ ਇਸ ਮਾਮਲੇ 'ਤੇ ਕਮੇਟੀ ਅਤੇ ਅਦਾਲਤ ਤੱਕ ਪਹੁੰਚ ਕਰਨਗੇ। ਉਨ੍ਹਾ ਪ੍ਰੈੱਸ ਕਾਨਫਰੰਸ 'ਚ ਇਹ ਵੀ ਕਿਹਾ ਕਿ ਇਹ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਰਾਜ ਸਭਾ 'ਚ ਸਿਲੈਕਟ ਕਮੇਟੀ ਦੇ ਮੈਂਬਰਾਂ ਦੀ ਨਾਮਜ਼ਦਗੀ ਲਈ ਦਸਤਖ਼ਤ ਅਤੇ ਲਿਖਤੀ ਸਹਿਮਤੀ ਦੀ ਲੋੜ ਹੁੰਦੀ ਹੈ। ਚੱਢਾ ਨੇ ਕਿਹਾ—ਮੈਂ ਭਾਜਪਾ ਦੇ ਉਨ੍ਹਾਂ ਲੋਕ ਸਭਾ ਮੈਂਬਰਾਂ ਵਿਰੁੱਧ ਵਿਸ਼ੇਸ ਅਧਿਕਾਰ ਕਮੇਟੀ ਅਤੇ ਅਦਾਲਤ ਤੱਕ ਪਹੁੰਚ ਕਰਾਂਗਾ, ਜਿਨ੍ਹਾਂ ਮੇਰੇ 'ਤੇ ਜਾਲ੍ਹਸਾਜ਼ੀ ਦੇ ਝੂਠੇ ਦੋਸ਼ ਲਾਏ ਹਨ।

### ਪਠਾਨਕੋਟ ਪੰਚਾਇਤੀ ਜ਼ਮੀਨ...

ਪਠਾਨਕੋਟ, ਤਰਸੇਮ ਰਾਣੀ ਵਾਸੀ ਗੁਰਦਾਸਪੁਰ, ਬਲਵਿੰਦਰ ਕੌਰ ਵਾਸੀ ਪਿੰਡ ਤਾਰਾਗੜ੍ਹ (ਪਠਾਨਕੋਟ), ਮਨਜੀਤ ਕੌਰ ਵਾਸੀ ਪਿੰਡ ਤਾਰਾਗੜ੍ਹ (ਪਠਾਨਕੋਟ) ਅਤੇ ਪਰਵੀਨ ਕੁਮਾਰੀ ਵਾਸੀ ਪਿੰਡ ਕਲਾਨੌਰ (ਗੁਰਦਾਸਪੁਰ) ਸ਼ਾਮਲ ਹਨ, ਖ਼ਿਲਾਫ ਥਾਣਾ ਵਿਜੀਲੈਂਸ ਬਿਊਰੋ, ਅੰਮ੍ਰਿਤਸਰ ਰੇਂਜ ਵਿੱਚ ਮਿਤੀ 09-08-2023 ਨੂੰ ਆਈ.ਪੀ.ਸੀ. ਦੀ ਧਾਰਾ 409, 420, 120-ਬੀ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13 (1) (ਏ), 13 (2) ਤਹਿਤ ਐੱਫ.ਆਈ.ਆਰ ਨੰ. 26 ਦਰਜ ਕੀਤੀ ਗਈ ਹੈ। ਬੁਲਾਰੇ ਨੇ ਦੱਸਿਆ ਕਿ ਮੁਲਜ਼ਮ ਇੰਦਰਦੀਪ ਕੌਰ ਵਾਸੀ ਫਿਰੋਜ਼ਪੁਰ ਸਿਟੀ ਅਤੇ ਭਾਰਤੀ ਬਾਂਟਾ ਵਾਸੀ ਕ੍ਰਿਸ਼ਨਾ ਨਗਰ ਪਠਾਨਕੋਟ, ਜਿਨ੍ਹਾਂ ਨੂੰ ਕਰੀਬ 29 ਏਕੜ ਪੰਚਾਇਤੀ ਜ਼ਮੀਨ ਮਿਲੀ, ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਬਾਕੀ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਛਾਪੇ ਮਾਰੇ ਜਾ ਰਹੇ ਹਨ। ਉਹਨਾਂ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।


**ਉੱਤਰ ਰੇਲਵੇ** (ਆਜ਼ਾਦੀ ਕਾ ਅੰਮ੍ਰਿਤ ਮਹੋਤਸਵ | G20)

**ਈ-ਟੈਂਡਰ ਸੂਚਨਾ**

Tender Notice No:- 770-W/169/WA-1/FZR/151-2023-24-ADEN-LDH, 152-2023-24-ADEN-LDH, 153-2023-24-ADEN-LDH, 154-2023-24-ADEN-II-FZR & 155-2023-24-ADEN-II-FZR ਸੀਨੀਅਰ ਮੰਡਲ ਇੰਜੀਨੀਅਰ ਪਹਿਲੀ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ **31.08.2023** ਵਕਤ **15.00** ਵਜੇ ਤਕ, **www.ireps.gov.in** ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰਾਂ ਨੂੰ ਕੇਵਲ ਆਈਆਰਈਪੀਐਸ ਪੋਰਟਲ ਉਤੇ ਉਪਲਬਧ ਭੁਗਤਾਨ ਮੋਡ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਦੇ ਦੁਵਾਰਾ ਤੋਂ ਟੈਂਡਰ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦੇ ਲਈ ਇਸ ਟੈਂਡਰ ਦੇ ਲਈ ਭੁਗਤਾਨ ਕਰਨ ਦੀ ਅਨੁਮਤੀ ਹੈ। ਡਿਮਾਂਡ ਡਰਾਫਟ, ਬੈਂਕਰਸ ਚੈਕ, ਜਮਾਂ ਰਸੀਦ, ਐਫਡੀਆਰ. ਆਦਿ ਦੇ ਦੁਵਾਰਾ ਤੋਂ ਮੈਨੂੰਅਲ ਭੁਗਤਾਨ ਦੀ ਅਨੁਮਤੀ ਨਹੀਂ ਹੈ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲੀ | ਕੰਮ | ਏਕਲ ਬੋਲੀ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ/ਸ਼ੁਰੂ ਦੀ ਮਿਤੀ | ਬੋਲੀ ਪੂਰਾ ਕਰਨ ਦੀ ਮਿਤੀ ਅਤੇ ਸਮਾਂ |
| 08.08.2023 | 17.08.2023 | 31.08.2023 |

| ਨੰ. | ਟੈਂਡਰ ਨੰ. | ਵੇਰਵਾ | ਵਿਗਿਆਪਨ ਮੂਲ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
|---|---|---|---|---|---|
| 1 | 151-2023-24-ADEN-LDH | ਸਹਾਇਕ ਮੰਡਲ ਇੰਜੀਨੀਅਰ - ਲੁਧਿਆਣਾ ਦੇ ਅਧਿਕਾਰ ਖੇਤਰ LDH-JUC ਵਿਚ ਪੈਣ ਵਾਲੇ ਫਗਵਾੜਾ ਰੇਲਵੇ ਸਟੇਸ਼ਨ ਉਤੇ 12.00 ਮੀਟਰ ਚੋੜੇ ਐਫਓਬੀ ਦੇ ਪ੍ਰਾਵਧਾਨ ਦੇ ਸਬੰਧ ਵਿਚ ਵਿਵਿਧ ਕੰਮ ਕਰਨਾ। | 4,76,18,318.33 | 60 ਦਿਨ | 12 ਮਹੀਨੇ |
| 2 | 152-2023-24-ADEN-LDH | ਸਹਾਇਕ ਮੰਡਲ ਇੰਜੀਨੀਅਰ - ਲੁਧਿਆਣਾ ਦੇ ਅਧਿਕਾਰ ਖੇਤਰ LDH-JUC ਵਿਚ ਪੈਣ ਵਾਲੇ ਫਿਲੌਰ ਰੇਲਵੇ ਸਟੇਸ਼ਨ ਉਤੇ 12.00 ਮੀਟਰ ਚੋੜੇ ਐਫਓਬੀ ਦੇ ਪ੍ਰਾਵਧਾਨ ਦੇ ਸਬੰਧ ਵਿਚ ਵਿਵਿਧ ਕੰਮ ਕਰਨਾ। | 4,44,13,715.15 | 60 ਦਿਨ | 12 ਮਹੀਨੇ |
| 3 | 153-2023-24-ADEN-LDH | ਸਹਾਇਕ ਮੰਡਲ ਇੰਜੀਨੀਅਰ - ਲੁਧਿਆਣਾ ਦੇ ਅਧਿਕਾਰ ਖੇਤਰ LDH-JUC ਵਿਚ ਪੈਣ ਵਾਲੇ ਢੰਢਾਰੀ ਕਲਾਂ ਰੇਲਵੇ ਸਟੇਸ਼ਨ ਉਤੇ 12.00 ਮੀਟਰ ਚੋੜੇ ਐਫਓਬੀ ਦੇ ਪ੍ਰਾਵਧਾਨ ਦੇ ਸਬੰਧ ਵਿਚ ਵਿਵਿਧ ਕੰਮ ਕਰਨਾ। | 2,27,13,819.89 | 60 ਦਿਨ | 12 ਮਹੀਨੇ |
| 4 | 154-2023-24-ADEN-II-FZR | ਸਹਾਇਕ ਮੰਡਲ ਇੰਜੀਨੀਅਰ 2 - ਫਿਰੋਜ਼ਪੁਰ ਦੇ ਅਧਿਕਾਰ ਖੇਤਰ FZP-FKA ਵਿਚ ਪੈਣ ਵਾਲੇ ਫਾਜਿਲਕਾ ਰੇਲਵੇ ਸਟੇਸ਼ਨ ਉਤੇ 12.00 ਮੀਟਰ ਚੋੜੇ ਐਫਓਬੀ ਦੇ ਪ੍ਰਾਵਧਾਨ ਦੇ ਸਬੰਧ ਵਿਚ ਵਿਵਿਧ ਕੰਮ ਕਰਨਾ। | 2,52,62,147.76 | 60 ਦਿਨ | 12 ਮਹੀਨੇ |
| 5 | 155-2023-24-ADEN-II-FZR | ਸਹਾਇਕ ਮੰਡਲ ਇੰਜੀਨੀਅਰ 2 - ਫਿਰੋਜ਼ਪੁਰ ਦੇ ਅਧਿਕਾਰ ਖੇਤਰ FZP-FZR ਵਿਚ ਪੈਣ ਵਾਲੇ ਕਪੂਰਥਲਾ ਰੇਲਵੇ ਸਟੇਸ਼ਨ ਉਤੇ 12.00 ਮੀਟਰ ਚੋੜੇ ਐਫਓਬੀ ਦੇ ਪ੍ਰਾਵਧਾਨ ਦੇ ਸਬੰਧ ਵਿਚ ਵਿਵਿਧ ਕੰਮ ਕਰਨਾ। | 4,61,01,787.94 | 60 ਦਿਨ | 12 ਮਹੀਨੇ |

2479/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਉੱਤਰ ਰੇਲਵੇ** (G20 | ਆਜ਼ਾਦੀ ਕਾ ਅੰਮ੍ਰਿਤ ਮਹੋਤਸਵ)

**ਈ-ਟੈਂਡਰ ਸੂਚਨਾ**

Tender Notice No: 770-W/169/WA-1/FZR/150-2023-24-Sr.DEN-C-FZR ਸੀਨੀਅਰ ਮੰਡਲ ਇੰਜੀਨੀਅਰ ਪਹਿਲੀ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ **30.08.2023** ਵਕਤ **15.00** ਵਜੇ ਤਕ, **www.ireps.gov.in** ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰਾਂ ਨੂੰ ਕੇਵਲ ਆਈਆਰਈਪੀਐਸ ਪੋਰਟਲ ਉਤੇ ਉਪਲਬਧ ਭੁਗਤਾਨ ਮੋਡ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਦੇ ਦੁਵਾਰਾ ਤੋਂ ਟੈਂਡਰ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦੇ ਲਈ ਇਸ ਟੈਂਡਰ ਦੇ ਲਈ ਭੁਗਤਾਨ ਕਰਨ ਦੀ ਅਨੁਮਤੀ ਹੈ। ਡਿਮਾਂਡ ਡਰਾਫਟ, ਬੈਂਕਰਸ ਚੈਕ, ਜਮਾਂ ਰਸੀਦ, ਐਫਡੀਆਰ. ਆਦਿ ਦੇ ਦੁਵਾਰਾ ਤੋਂ ਮੈਨੂੰਅਲ ਭੁਗਤਾਨ। ਦੀ ਅਨੁਮਤੀ ਨਹੀਂ ਹੈ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ | ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ/ਸ਼ੁਰੂ ਦੀ ਮਿਤੀ | ਬੋਲੀ ਪੂਰਾ ਕਰਨ ਦੀ ਮਿਤੀ ਅਤੇ ਸਮਾਂ |
|---|---|---|---|---|---|
| ਖੁਲੀ | ਕੰਮ | ਦੋ ਪੈਕੇਟ ਪ੍ਰਣਾਲੀ | 07.08.2023 | 16.08.2023 | 30.08.2023 |

| ਨੰ: | ਟੈਂਡਰ ਨੰ: ਮਿਤੀ | ਟੈਂਡਰ ਦਾ ਵੇਰਵਾ | ਵਿਗਿਆਪਨ ਮੂਲ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
|---|---|---|---|---|---|
| 1 | 150-2023-24-Sr.DEN-C-FZR | ਸਹਾਇਕ ਮੰਡਲ ਇੰਜੀਨੀਅਰ-ਪਠਾਨਕੋਟ ਦੇ ਅਧਿਕਾਰ ਖੇਤਰ ਵਿਚ ਪੈਣ ਵਾਲੇ PTK-JAT ਖੰਡ ਵਿਚ ਮਾਧੋਪੁਰ ਸਟੇਸ਼ਨ ਉਤੇ ਸਬ ਡਿਪੋ-I ਵਿਚ ਖਦਾਨ ਸਾਈਡਿੰਗ ਵਿਚ 1,20,000 cum 65 ਮਿਮੀ ਗੇਜ ਸਟੋਨ ਗਿਟਟੀ (ਯਾਂਤ੍ਰਿਕ ਰੂਪ ਤੋਂ ਟੁਟੀ ਹੋਈ) ਦਾ ਵਿਨਿਰਮਾਣ ਅਤੇ ਆਪੂਰਤੀ, ਵਿਧੀਵਤ ਸਟੈਕਿੰਗ ਅਤੇ ਰੇਲਵੇ ਵੈਗਨਾਂ/ਹਾਪਰ ਵਿਚ ਲੋਡ ਕਰਨ ਦਾ ਕੰਮ ਕਰਨਾ। | 111804000 | 90 ਦਿਨ | 18 ਮਹੀਨੇ |

2481/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**Midland microfin — beyond microfinance**

**MIDLAND MICROFIN LIMITED**

Registered Office:- The AXIS, Plot No.1, R.B. Badri Dass Colony, G.T Road, Jalandhar (PB) 144001 (INDIA)

(CIN: U65921PB1988PLC008430) Tel : +91-181-5076000, Fax No : +91- 181-2236070 Website : www.midlandmicrofin.com

30 ਜੂਨ, 2023 ਨੂੰ ਖਤਮ ਹੋਈ ਤਿਮਾਹੀ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ (ਰੁਪਏ ਮਿਲੀਅਨ 'ਚ ਜਦ ਤੱਕ ਹੋਰ ਤਰ੍ਹਾਂ ਨਹੀਂ ਐਲਾਨੇ ਜਾਂਦੇ)

| ਲੜੀ ਨੰ. | ਵੇਰਵੇ | ਤਿਮਾਹੀ ਖਤਮ 30-06-2023 (ਅਣ-ਪੜਤਾਲੇ) | 31-03-2023 (ਪੜਤਾਲੇ) | 30-06-2022 (ਅਣ-ਪੜਤਾਲੇ) | ਸਾਲ ਖਤਮ 31-03-2023 (ਪੜਤਾਲੇ) |
|---|---|---|---|---|---|
| 1 | ਕਾਰੋਬਾਰਾਂ ਤੋਂ ਕੁੱਲ ਆਮਦਨ | 1063.24 | 1167.13 | 740.84 | 3944.05 |
| 2 | ਸਮੇਂ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਤੋਂ ਪਹਿਲਾਂ, ਖਾਸ ਅਤੇ ਜਾਂ ਅਸਧਾਰਨ ਆਈਟਮਾਂ) | 213.58 | 231.38 | 81.07 | 615.09 |
| 3 | ਸਮੇਂ ਲਈ ਟੈਕਸ ਤੋਂ ਪਹਿਲਾਂ ਸ਼ੁੱਧ ਲਾਭ/(ਹਾਨੀ)/(ਖਾਸ ਅਤੇ ਜਾਂ ਅਸਧਾਰਨ ਆਈਟਮਾਂ ਤੋਂ ਮਗਰੋਂ) | 213.58 | 231.38 | 81.07 | 615.09 |
| 4 | ਸਮੇਂ ਦੀ ਟੈਕਸ ਤੋਂ ਬਾਅਦ ਸ਼ੁੱਧ ਲਾਭ/ਹਾਨੀ) (ਖਾਸ ਅਤੇ ਜਾਂ ਅਸਧਾਰਨ ਆਈਟਮਾਂ ਤੋਂ ਮਗਰੋਂ) | 160.14 | 182.95 | 60.56 | 468.33 |
| 5 | ਸਮੇਂ ਲਈ ਕੁੱਲ ਵਿਆਪਕ ਆਮਦਨ (ਸਮੇਂ ਲਈ ਸ਼ਾਮਲ ਲਾਭ/(ਹਾਨੀ) (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ) | 150.77 | 195.52 | 55.16 | 467.28 |
| 6 | ਪੇਡਅਪ ਇਕੁਇਟੀ ਸ਼ੇਅਰ ਕੈਪੀਟਲ | 455.70 | 455.70 | 455.70 | 455.70 |
| 7 | ਯੰਤਰ ਪੂਰੀ ਤਰ੍ਹਾਂ ਇਕੁਇਟੀ ਸੂਰਤ 'ਚ | 415.73 | 335.16 | - | 335.16 |
| 8 | ਰਿਜਰਵਜ਼ (ਰੀਵੈਲੂਏਸ਼ਨ ਰਿਜ਼ਰਵ ਤੋਂ ਬਗੈਰ) | 1208.54 | 1057.78 | 677.57 | 1057.78 |
| 9 | ਸਕਿਊਰਿਟੀਜ ਪ੍ਰੀਮੀਅਮ ਅਕਾਊਂਟ | 1627.05 | 1627.05 | 1630.44 | 1627.05 |
| 10 | ਕੁੱਲ ਮੁੱਲ | 3707.02 | 3475.69 | 2763.71 | 3475.69 |
| 11 | ਪੇਡਅਪ ਡੈਬਟ ਕੈਪੀਟਲ/ਆਊਟਸਟੈਂਡਿੰਗ ਡੈਬਟ | 13813.87 | 15239.64 | 13443.71 | 15239.64 |
| 12 | ਆਊਟਸਟੈਂਡਿੰਗ ਰੀਡੀਮੇਬਲ ਪ੍ਰੈਫਰੈਂਸ ਸ਼ੇਅਰਜ਼ | 421.66 | 410.98 | 403.44 | 410.98 |
| 13 | ਡੈਬਟ ਇਕੁਇਟੀ/ਰੇਸ਼ੋ (ਸਮੇਂ ਦੇ ਅੰਦਰ) | 3.73 | 4.38 | 4.86 | 4.38 |
| 14 | ਪ੍ਰਤੀ ਸ਼ੇਅਰ ਕਮਾਈ (ਹਰੇਕ 10 ਰੁਪਏ ਦੀ) (ਚਾਲੂ ਅਤੇ ਬੰਦ ਕਾਰੋਬਾਰਾਂ ਵਾਸਤੇ) | | | | |
| | 1. ਬੇਸਿਕ (ਰੁਪਏ) | 3.51 | 4.01 | 1.33 | 10.28 |
| | 2. ਡਿਲਿਊਟਿਡ (ਰੁਪਏ) | 3.50 | 4.01 | 1.33 | 10.28 |
| 15 | ਕੈਪੀਟਲ ਰੀਡੈਂਪਸ਼ਨ ਰਿਜ਼ਰਵ | 42.80 | 42.80 | 32.55 | 42.80 |
| 16 | ਡਿਬੈਂਚਰ ਰੀਡੈਂਪਸ਼ਨ ਰਿਜ਼ਰਵ | 36.63 | 36.63 | 36.63 | 36.63 |

ਟਿੱਪਣੀਆਂ

1. ਉਪਰੋਕਤ ਨਤੀਜੇ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ਨ 52 ਦੀਆਂ ਰਿਕੁਆਇਰਮੈਂਟਸ ਦੇ ਅਨੁਸਾਰ ਬੋਰਡ ਦੇ ਡਾਇਰੈਕਟਰਾਂ ਦੀ 10 ਅਗਸਤ, 2023 ਨੂੰ ਹੋਈ ਮੀਟਿੰਗ 'ਚ ਮਨਜੂਰ ਕੀਤੇ ਗਏ ਅਤੇ ਆਡਿਟ ਕਮੇਟੀ ਵੱਲੋਂ ਨਜ਼ਰਸ਼ਾਨੀ ਕੀਤੇ ਜਾ ਚੁੱਕੇ ਹਨ। 30 ਜੂਨ, 2023 ਨੂੰ ਖਤਮ ਹੋਈ ਤਿਮਾਹੀ ਦੇ ਉਪਰੋਕਤ ਨਤੀਜੇ ਕੰਪਨੀ ਦੇ ਸੰਵਿਧਾਨਕ ਆਡੀਟਰਾਂ ਵੱਲੋਂ ਨਜ਼ਰਸ਼ਾਨੀ ਕੀਤੇ ਜਾ ਚੁੱਕੇ ਹਨ।
2. ਉਪਰੋਕਤ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ਨ 33 ਅਤੇ 52 ਤਹਿਤ ਸਟਾਕ ਐਕਸਚੇਂਜ ਕੋਲ ਦਾਖ਼ਲ ਅਣ-ਪੜਤਾਲੇ ਵਿੱਤੀ ਨਤੀਜਿਆਂ ਦੇ ਵਿਸਥਾਰਤ ਫਾਰਮਟ ਦਾ ਇਕ ਸਾਰ ਹੈ।
   ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਮੁਕੰਮਲ ਫਾਰਮਟ ਸਟਾਕ ਐਕਸਚੇਂਜ ਦੀ ਵੈੱਬਸਾਈਟ (www.bseindia.com) ਅਤੇ ਕੰਪਨੀ ਦੀ ਵੈੱਬਸਾਈਟ (www.midlandmicrofin.com) 'ਤੇ ਉਪਲੱਬਧ ਹੈ।
3. ਉਪਰੋਕਤ ਵਿੱਤੀ ਨਤੀਜੇ ਕਾਰਪੋਰੇਟ ਮਾਮਲੇ ਮੰਤਰਾਲਾ ਵੱਲੋਂ ਨੋਟੀਫਾਈਡ ਇੰਡੀਅਨ ਅਕਾਊਂਟਿੰਗ ਸਟੈਂਡਰਡਜ਼ (ਇੰਡ-ਏ ਐੱਸ) ਦੇ ਅਨੁਸਾਰ ਤਿਆਰ ਕੀਤੇ ਗਏ ਹਨ।

ਵਾਸਤੇ ਮਿਡਲੈਂਡ ਮਾਈਕ੍ਰੋਫਿਨ ਲਿਮਟਿਡ
ਸਹੀ/-
ਅਮਰਦੀਪ ਸਿੰਘ ਸਮਰਾ
ਮੈਨੇਜਿੰਗ ਡਾਇਰੈਕਟਰ

ਸਥਾਨ : ਜਲੰਧਰ
ਮਿਤੀ : 10 ਅਗਸਤ 2023


ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਫਿਰਕੂ ਹਿੰਸਾ ਨੂੰ ਰੋਕਣ ਲਈ ਦੇਸ਼ ਵਾਸੀਆਂ ਨੂੰ ਲਾਮਬੰਦ ਹੋਣ ਦੀ ਅਪੀਲ




**ਪਠਾਨਕੋਟ (ਦਵਿੰਦਰ ਸਿੰਘ)** ਈਸਾਈ ਭਾਈਚਾਰੇ ਨਾਲ ਸਬੰਧਤ ਵੱਖ-ਵੱਖ ਸੰਗਠਨਾਂ ਵੱਲੋਂ ਦਿੱਤੇ ਗਏ 9 ਅਗਸਤ ਦੇ "ਭਾਰਤ ਬੰਦ" ਦੇ ਸੱਦੇ ਦੇ ਸਮਰਥਨ ਵਿਚ ਖੱਬੀਆਂ ਪਾਰਟੀਆਂ ਆਰ.ਐਮ.ਪੀ.ਆਈ., ਸੀ.ਪੀਆਈ., ਸੀ.ਪੀ.ਐਮ.ਸੀ.ਪੀ.ਆਈ (ਨਿਊ ਡੈਮੋਕਰੇਸੀ) ਦੇ ਆਗੂਆਂ ਨੇ ਪਠਾਨਕੋਟ ਵਿਖੇ ਮੁਜਾਹਰਾ ਕੀਤਾ। ਬੰਦ ਵਿੱਚ ਸ਼ਾਮਲ ਵੱਖ ਵੱਖ ਪਾਰਟੀਆਂ ਦੇ ਆਗੂਆਂ ਨੱਥਾ ਸਿੰਘ ਢਡਵਾਲ, ਸਤਿਆ ਦੇਵ ਸੈਣੀ, ਹਰਬੰਸ ਲਾਲ, ਪਰਮਜੀਤ ਸਿੰਘ ਅਤੇ ਸ਼ਿਵ ਕੁਮਾਰ ਨੇ ਸਾਂਝੇ ਪ੍ਰੈਸ ਬਿਆਨ ਵਿਚ ਕਿਹਾ ਕਿ ਦੇਸ਼ ਵਿਆਪੀ ਬੰਦ ਦਾ ਉਕਤ ਸੱਦਾ ਉੱਤਰ-ਪੂਰਬੀ ਸੂਬੇ ਮਨੀਪੁਰ ਵਿਖੇ ਲੰਘੀ 3 ਮਈ ਤੋਂ ਕੇਂਦਰੀ ਪ੍ਰਸ਼ਾਸਨ ਅਤੇ ਸੂਬਾਈ ਭਾਜਪਾ ਸਰਕਾਰ ਦੀ ਨੰਗੀ-ਚਿੱਟੀ ਪੁਸ਼ਤ ਪਨਾਹੀ ਨਾਲ ਜਾਰੀ ਕਤਲੋ-ਗਾਰਤ, ਖਰੂਦੀ ਗ੍ਰੋਹਾਂ ਵੱਲੋਂ ਕੀਤੇ ਜਾ ਰਹੇ ਔਰਤਾਂ ਦੇ ਹੌਲਨਾਕ ਸਮੂਹਿਕ ਬਲਾਤਕਾਰ ਅਤੇ ਧੀਆਂ-ਭੈਣਾਂ ਦੀ ਜਨਤਕ ਬੇਹੁਰਮਤੀ, ਹਜੂਮੀ ਹਿੰਸਾ ਅਤੇ ਸਾੜ-ਫੂਕ ਦੇ ਅਣ ਮਨੁੱਖੀ ਗੁਨਾਹਾਂ ਖਿਲਾਫ਼ ਦੇਸ਼ ਪੱਧਰ 'ਤੇ ਸ਼ਕਤੀਸ਼ਾਲੀ ਪ੍ਰਤੀਰੋਧ ਉਸਾਰਨ ਦੇ ਉਦੇਸ਼ ਤਹਿਤ ਦਿੱਤਾ ਗਿਆ ਹੈ।

ਆਗੂਆਂ ਨੇ ਕਿਹਾ ਹੈ ਕਿ ਇਹ ਦੇਸ਼ ਦਾ ਵੱਡਾ ਦੁਰਭਾਗ ਹੈ ਕਿ ਦੇਸ਼ ਦੀ ਸਰਵ ਉੱਚ ਅਦਾਲਤ ਦੇ ਯੋਗ ਦਖ਼ਲ ਅਤੇ ਕੇਂਦਰੀ ਤੇ ਸੂਬਾਈ ਪ੍ਰਸ਼ਾਸਨਿਕ ਮਸ਼ੀਨਰੀ ਦੀ ਨਾਅਹਿਲੀ ਖਿਲਾਫ਼ ਮਾਣਯੋਗ ਜੱਜਾਂ ਵੱਲੋਂ ਸਖ਼ਤ ਟਿੱਪਣੀਆਂ ਕਰਨ ਦੇ ਬਾਵਜੂਦ ਕੇਂਦਰੀ ਅਤੇ ਸੂਬਾ ਸਰਕਾਰਾਂ ਸਥਿਤੀ ਵਿੱਚ ਸੁਧਾਰ ਲਿਆਉਣ ਅਤੇ ਉਪਰ ਬਿਆਨੇ ਅਣ ਮਨੁੱਖੀ ਗੁਨਾਹਾਂ ਦੇ ਦੋਸ਼ੀਆਂ ਨੂੰ ਨਕੇਲ ਪਾਉਣ ਪੱਖੋਂ ਰੱਤੀ ਭਰ ਵੀ ਸੰਜ਼ੀਦਗੀ ਅਤੇ ਤਤਪਰਤਾ ਨਹੀਂ ਦਿਖਾ ਰਹੀਆਂ। ਆਗੂਆਂ ਨੇ ਕਿਹਾ ਕਿ ਮਨੀਪੁਰ ਅਤੇ ਹਰਿਆਣੇ ਦੀਆਂ ਘਟਨਾਵਾਂ ਤੋਂ ਇਹ ਤੱਥ ਫਿਰ ਸਿੱਧ ਹੋ ਗਿਆ ਹੈ ਕਿ ਕੇਂਦਰੀ ਹੁਕਮਰਾਨ ਅਤੇ ਇਸ ਦੇ ਕਥਿਤ ਮਾਰਗ ਦਰਸ਼ਕ ਆਰ ਐਸ ਐਸ ਨੇ, ਹਰ ਮੁਹਾਜ 'ਤੇ ਅਸਲੋਂ ਨਾਕਾਮ ਸਿੱਧ ਹੋਈ ਮੋਦੀ ਸਰਕਾਰ ਨੂੰ 2024 ਦੀਆਂ ਆਮ ਚੋਣਾਂ 'ਚ ਮੁੜ ਕੇਂਦਰੀ ਰਾਜਗੱਦੀ 'ਤੇ ਬਿਠਾਉਣ ਲਈ ਸਾਰੇ ਦੇਸ਼ 'ਚ ਧਾਰਮਕ ਵੰਡ ਤਿੱਖੀ ਕਰਦੇ ਹੋਏ ਫਿਰਕੂ ਹਿੰਸਾ ਦੀ ਹਨ੍ਹੇਰੀ ਝੁਲਾਉਣ ਦੀ ਮਨਸੂਬਾਬੰਦੀ ਕੀਤੀ ਹੋਈ ਹੈ। ਫਿਰਕੂ ਕਤਾਰਬੰਦੀ ਦਾ ਇਹ ਕੋਝਾ ਹਥਿਆਰ ਭਾਰਤ ਨੂੰ ਧਰਮ ਆਧਾਰਤ ਕੱਟੜ ਰਾਸ਼ਟਰ ਵਿੱਚ ਤਬਦੀਲ ਕਰਨ ਦੇ ਖਤਰਨਾਕ ਨਿਸ਼ਾਨੇ ਤਹਿਤ ਵੀ ਵਰਤਿਆ ਜਾ ਰਿਹਾ ਹੈ।

ਆਗੂਆਂ ਨੇ ਭਾਰਤੀ ਆਵਾਮ ਨੂੰ ਅਪੀਲ ਕੀਤੀ ਹੈ ਉਹ ਸਮੂਹ ਦੇਸ਼ ਵਾਸੀਆਂ ਦੀ ਧਾਰਮਿਕ ਆਜ਼ਾਦੀਆਂ ਦੇ ਅਧਿਕਾਰ ਦੀ ਰਾਖੀ ਅਤੇ ਫਿਰਕੂ ਹਿੰਸਾ ਨੂੰ ਰੋਕਣ ਲਈ ਅੱਗੇ ਆਉਣ ਦੀ ਅਪੀਲ ਕੀਤੀ। ਉਪਰੋਕਤ ਤੋਂ ਇਲਾਵਾ ਮਾਸਟਰ ਸੁਭਾਸ਼ ਸ਼ਰਮਾਂ, ਬਲਵੰਤ ਸਿੰਘ ਘੋਹ, ਸੂਰਤ ਸਿੰਘ, ਗੁਰਜੀਤ ਸਿੰਘ, ਵਿਜੇ ਕੁਮਾਰ, ਅਜੀਤ ਰਾਮ ਗੰਦਲਾਂ ਲਾਹੜੀ, ਸਕੱਤਰ ਸਿੰਘ, ਪਰਵੀਨ ਕੁਮਾਰ, ਯਸਪਾਲ, ਬਲਕਾਰ ਚੰਦ, ਦਰਸ਼ਨ ਸਿੰਘ ਅਖਰੋਟਾ, ਤਰੀਭਵਨ, ਸੋਹਨ ਸਿੰਘ, ਸੋਹਨ ਲਾਲ, ਬਲਬੀਰ ਸਿੰਘ ਬੇੜੀਆਂ, ਅਸ਼ਵਨੀ ਕੁਮਾਰ, ਨਿਰੰਜਣ ਸਿੰਘ ਅਤੇ ਹੋਰ ਆਗੂਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

## ਬਾਸਮਤੀ ਦੀ ਫਸਲ 'ਤੇ ਗੈਰ ਸਿਫਾਰਸ਼ੀ ਜ਼ਹਿਰਾਂ ਦੀ ਵਰਤੋਂ ਨਾ ਕੀਤੀ ਜਾਵੇ : ਡਾ. ਸੰਦੀਪ ਸਿੰਘ



**ਪੱਟੀ, (ਬਲਦੇਵ ਸਿੰਘ ਸੰਧੂ /ਸਮਸ਼ੇਰ ਸਿੰਘ ਯੋਧਾ)** - ਮੁੱਖ ਖੇਤੀਬਾੜੀ ਅਫਸਰ ਤਰਨ ਤਾਰਨ ਡਾ. ਹਰਪਾਲ ਸਿੰਘ ਪੰਨੂੰ ਤੇ ਬਲਾਕ ਖੇਤੀਬਾੜੀ ਅਫਸਰ ਪੱਟੀ ਡਾ. ਭੁਪਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਅਤੇ ਆਰ ਜੀ ਆਰ ਸੈਲ ਦੇ ਪਰਾਨਾ ਪ੍ਰੋਜੈਕਟ ਵੱਲੋਂ ਪਿੰਡ ਪ੍ਰਿੰਗੜੀ 'ਚ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਇਸ ਮੌਕੇ ਡਾ. ਸੰਦੀਪ ਸਿੰਘ ਏ ਡੀ ਓ, ਦਇਆਪ੍ਰੀਤ ਸਿੰਘ ਏ ਈ ਓ, ਫੀਲਡ ਅਸਿਸਟੈਟ ਮੈਡਮ ਬਲਜੀਤ ਕੌਰ ਨੇ ਕਿਸਾਨਾਂ ਨੂੰ ਝੋਨੇ, ਬਾਸਮਤੀ ਦੇ ਮਿਆਰੀ ਉਤਪਾਦਨ ਲਈ ਜਰੂਰੀ ਨੁਕਤੇ ਸਾਂਝੇ ਕੀਤੇ। ਡਾ. ਸੰਦੀਪ ਸਿੰਘ ਏਡੀਓ ਨੇ ਕਿਹਾ ਕਿ ਬਾਸਮਤੀ ਦੇ ਮੰਡੀਕਰਨ ਦੌਰਾਨ ਕਿਸੇ ਤਰ੍ਹਾਂ ਦੀ ਮੁਸ਼ਕਲ ਪੇਸ਼ ਨਾ ਆਵੇ ਇਸ ਲਈ ਸਰਕਾਰ ਵੱਲੋਂ ਬਾਸਮਤੀ ਦੇ ਮਿਆਰੀ ਉਤਪਾਦਨ ਲਈ 10 ਜਹਿਰਾਂ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਗਈ ਹੈ। ਇਸ ਲਈ ਐਸੀਫੇਟ, ਬੁਪਰੋਫੈਜਿਨ, ਕਲੋਰਪੈਰੀਫਾਸ , ਹੈਕਸਾਕੋਨਾਜ਼ੋਲ, ਪ੍ਰੋਪੀਕੋਨਾਜ਼ੋਲ, ਥਾਇਆਮਿਥੋਕਸਮ, ਪਰਫੀਨੋਫਾਸ, ਇਮਿਡਾਕਲੋਪ੍ਰਿਡ, ਕਾਰਬੈਂਡਾਜਿਮ ਅਤੇ ਟ੍ਰਾਈਸਾਇਕਲਾਜ਼ੋਲ ਦੀ ਵਰਤੋਂ ਬਾਸਮਤੀ ਦੀ ਫਸਲ ਤੇ ਬਿਲਕੁੱਲ ਨਾ ਕੀਤੀ ਜਾਵੇ। ਸਮੂਹ ਜਾਂ ਪੰਚਾਇਤਾਂ ਮਸ਼ੀਨਰੀ ਲੈਣਾ ਚਾਹੁੰਦੀਆਂ ਹਨ ਉਹ ਪੋਰਟਲ 'ਤੇ 15 ਅਗਸਤ ਤੱਕ ਅਪਲਾਈ ਕਰਨ। ਇਸ ਦੌਰਾਨ ਖੇਤੀ ਦੂਤ ਸੁਖਚੈਨ ਸਿੰਘ ਹਰੀਕੇ , ਖੇਤੀ ਦੂਤ ਪਲਵਿੰਦਰ ਸਿੰਘ ਪ੍ਰਿੰਗੜੀ, ਖੇਤੀ ਦੂਤ ਰਣਜੀਤ ਸਿੰਘ ਕਿਰਤੋਵਾਲ, ਸੂਝਵਾਨ ਕਿਸਾਨ ਸਾਬਕਾ ਸਰਪੰਚ ਹਰਜਿੰਦਰ ਸਿੰਘ, ਬਲਵੀਰ ਸਿੰਘ, ਰਛਪਾਲ ਸਿੰਘ, ਪਾਲ ਸਿੰਘ ਫੌਜੀ, ਅੰਗਰੇਜ ਸਿੰਘ, ਦਿਲਬਾਗ ਸਿੰਘ, ਬਲਜੀਤ ਸਿੰਘ, ਖੇਤੀ ਉਪ ਨਿਰੀਖਕ ਤਲਵਿੰਦਰ ਸਿੰਘ, ਖੇਤੀ ਉਪ ਨਿਰੀਖਕ ਨਿਸਾਨ ਸਿੰਘ ਅਤੇ ਇਲਾਕੇ ਦੇ ਕਿਸਾਨਾਂ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।

## ਮਨੀਪੁਰ ਤੇ ਹਰਿਆਣਾ 'ਚ ਢਾਹੇ ਜ਼ੁਲਮ ਖਿਲਾਫ ਮੋਦੀ ਸਰਕਾਰ ਦਾ ਪੁਤਲਾ ਫੂਕਿਆ

**ਵਲਟੋਹਾ (ਰਣਜੀਤ ਸਿੰਘ ਵਲਟੋਹਾ)**— ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਅਤੇ ਕੁਲ ਹਿੰਦ ਕਿਸਾਨ ਸਭਾ ਜਥੇਬੰਦੀਆਂ ਦੇ ਆਗੂਆਂ ਨੇ ਮਨੀਪੁਰ ਅਤੇ ਹਰਿਆਣਾ ਵਿੱਚ ਹੋਏ ਜ਼ੁਲਮ ਦੇ ਖਿਲਾਫ ਮੋਦੀ ਸਰਕਾਰ ਦਾ ਖੇਮਕਰਨ ਬਜ਼ਾਰ ਵਾਲੇ ਚੌਕ ਵਿਚ ਪੁਤਲਾ ਫੂਕਿਆ।

ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਬਲਾਕ ਪ੍ਰਧਾਨ ਅਨੂਪ ਸਿੰਘ ਭੋਲਾ, ਖੇਮਕਰਨ ਬਲਾਕ ਸਕੱਤਰ ਰਣਜੀਤ ਸਿੰਘ ਬਹਾਦਰ ਨਗਰ, ਕਿਸਾਨ ਯੂਨੀਅਨ ਰਾਜੇਵਾਲ ਦੇ ਜ਼ਿਲਾ ਪ੍ਰਧਾਨ ਪ੍ਰਗਟ ਸਿੰਘ ਮਹਿਦੀਪੁਰ ਅਤੇ ਮੇਜਰ ਸਿੰਘ ਨੰਬਰਦਾਰ ਨੇ ਇਕ ਸਾਂਝੇ ਬਿਆਨ ਰਾਹੀਂ ਕਿਹਾ ਕਿ ਮਨੀਪੁਰ ਵਿਚ ਔਰਤਾਂ ਦੇ ਹੋਏ ਬਲਾਤਕਾਰ ਭਾਜਪਾ ਦੀ ਮੌਕੇ ਦੀ ਸਰਕਾਰ ਹੁੰਦਿਆਂ ਕੇਂਦਰ ਦੀ ਮੋਦੀ ਸਰਕਾਰ ਵਿਚ ਮੋਦੀ ਨੇ ਓਥੋਂ ਦੇ ਮੁੱਖ ਮੰਤਰੀ 'ਤੇ ਕੋਈ ਐਕਸ਼ਨ ਨਹੀਂ ਲਿਆ ਸਗੋਂ ਉਸ ਮੁੱਖ ਮੰਤਰੀ ਨੇ ਕਿਹਾ ਕਿ ਇਹੋ ਜਿਹੀਆਂ ਸੌ ਘਟਨਾਵਾਂ ਹੋਈਆਂ ਹਨ। ਮੋਦੀ ਸਰਕਾਰ ਨੂੰ ਸ਼ਰਮ ਨਾਲ ਡੁੱਬ ਕੇ ਮਰ ਜਾਣਾ ਚਾਹੀਦਾ ਹੈ।

ਹਰਿਆਣਾ ਵਿੱਚ ਹੋ ਰਹੇ ਦੰਗੇ ਘੱਟ ਗਿਣਤੀਆਂ 'ਤੇ ਹੋ ਰਹੇ ਜ਼ੁਲਮ ਖਿਲਾਫ ਸਾਡੀਆਂ ਕਿਸਾਨ ਜਥੇਬੰਦੀਆਂ ਲੜਦੀਆਂ ਰਹਿਣਗੀਆਂ। ਮਨੀਪੁਰ ਵਿੱਚ ਬਲਾਤਕਾਰੀਆਂ ਨੂੰ ਜੇਕਰ ਸਖਤ ਤੋਂ ਸਖਤ ਸਜ਼ਾ ਨਾ ਦਿੱਤੀ ਗਈ ਤਾਂ ਅਸੀਂ ਤਿੱਖਾ ਸੰਘਰਸ਼ ਕਰਾਂਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਜਿੰਦਰ ਸਿੰਘ, ਬਾਬਾ ਬਿੱਕਰ ਸਿੰਘ, ਸੁਖਦੇਵ ਸਿੰਘ, ਰਾਣਾ ਸਿੰਘ ਰਾੜੀਆ ਖੇਮਕਰਨ, ਗੁਰਬੇਜ ਸਿੰਘ ਮਹਿਦੀਪੁਰ, ਸੁਖਦੇਵ ਸਿੰਘ ਮਨਾਵਾਂ, ਕਰਮ ਸਿੰਘ, ਅਵਤਾਰ ਸਿੰਘ ਐਮ ਸੀ, ਜੋਗਿੰਦਰ ਸਿੰਘ, ਲਾਲ ਸਿੰਘ, ਅਰਸਾਲ ਸਿੰਘ ਵਲਟੋਹਾ, ਸਤਕਾਰ ਸਿੰਘ, ਸੁਆਮੀ ਗੁਰਲਾਲ ਸਿੰਘ, ਗੁਰਪ੍ਰੀਤ ਸਿੰਘ ਵਲਟੋਹਾ, ਮਨਜੀਤ ਸਿੰਘ ਭੂਰਾ ਯੂ ਕੇ, ਬੀਰ ਸਿੰਘ, ਜਥੇਦਾਰ ਕਾਰਜ ਸਿੰਘ ਮਸਤਗੜ੍ਹ, ਬਾਬਾ ਸੁਖਦੇਵ ਸਿੰਘ ਬੱਬਰ ਖੇਮਕਰਨ ਆਦਿ ਹਾਜ਼ਰ ਸਨ।

## ਨਾਜਾਇਜ਼ ਸ਼ਰਾਬ ਸਮੇਤ ਕਾਬੂ

**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)**-ਥਾਣਾ ਦੀਨਾਨਗਰ ਦੀ ਪੁਲਸ ਨੇ ਇਕ ਮੁਲਜ਼ਮ ਨੂੰ ਸ਼ਰਾਬ ਦੀਆਂ ਬੋਤਲਾਂ ਸਮੇਤ ਗ੍ਰਿਫਤਾਰ ਕੀਤਾ ਹੈ। ਥਾਣਾ ਦੀਨਾਨਗਰ ਦੇ ਏ ਐਸ ਆਈ ਗੁਰਸਰਨ ਸਿੰਘ ਪੁਲਸ ਪਾਰਟੀ ਨਾਲ ਗਸ਼ਤ ਕਰ ਰਹੇ ਸਨ। ਇਸੇ ਦੌਰਾਨ ਮੁਖਬਰ ਦੀ ਸੂਚਨਾ ਦੇ ਆਧਾਰ 'ਤੇ ਮੁਲਜਮ ਰਾਜ ਕੁਮਾਰ ਵਾਸੀ ਕੋਟਾਨ ਦੇ ਘਰ ਛਾਪਾ ਮਾਰ ਕੇ ਉਸ ਨੂੰ 13 ਬੋਤਲਾਂ ਸ਼ਰਾਬ ਸਮੇਤ ਕਾਬੂ ਕੀਤਾ।

### ਡੇਂਗੂ ਦੇ ਖਾਤਮੇ ਲਈ ਐਂਟੀ ਲਾਰਵਾ ਦਵਾਈ ਦਾ ਛਿੜਕਾਅ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਸ਼ਹਿਰ ਵਾਸੀਆਂ ਨੂੰ ਡੇਂਗੂ ਤੋਂ ਬਚਾਉਣ ਲਈ ਸਿਹਤ ਵਿਭਾਗ ਸੁਰਸਿੰਘ ਦੀ ਟੀਮ ਵੱਲੋਂ ਭਿੱਖੀਵਿੰਡ ਦੇ ਵਾਰਡ ਨੰਬਰ 11 'ਚ ਐਂਟੀ ਲਾਰਵਾ ਦਵਾਈ ਦਾ ਛਿੜਕਾਅ ਕੀਤਾ ਗਿਆ। ਵਰਣਨਯੋਗ ਹੈ ਕਿ ਡੇਂਗੂ ਦੇ ਫੈਲਾਅ ਨੂੰ ਰੋਕਣ ਲਈ ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਸਿਮਰਨ, ਡਾ. ਅਮਨਦੀਪ ਸਿੰਘ ਅਤੇ ਡਾ. ਸੰਦੀਪ ਸਿੰਘ ਕਾਲੜਾ ਸੀਨੀਅਰ ਮੈਡੀਕਲ ਅਫਸਰ ਸੀਐੱਚਸੀ ਸੁਰਸਿੰਘ ਵੱਲੋਂ ਇਲਾਕੇ ਵਿੱਚ ਵਿਸੇਸ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੌਕੇ ਹੈਲਥ ਸੁਪਰਵਾਈਜਰ ਸਲਵਿੰਦਰ ਸਿੰਘ ਨੇ ਮੁਹੱਲਾ ਵਾਸੀਆਂ ਨੂੰ ਕੂਲਰ, ਚਬੱਚਿਆਂ, ਗਮਲਿਆਂ, ਫਰਿੱਜਾਂ ਦੀਆਂ ਟਰੇਆਂ ਆਦਿ ਦੀ ਸਾਫ ਸਫਾਈ ਵੱਲ ਖਾਸ ਧਿਆਨ ਦੇਣ ਦੀ ਸਲਾਹ ਦਿੱਤੀ। ਉਨ੍ਹਾਂ ਕਿਹਾ ਕਿ ਕੂਲਰਾਂ, ਗਮਲਿਆਂ ਆਦਿ 'ਚ ਇਕੱਠਾ ਹੋਇਆ ਪਾਣੀ ਡੇਂਗੂ ਮੱਛਰਾਂ ਨੂੰ ਜਨਮ ਦਿੰਦਾ ਹੈ। ਇਸ ਮੌਕੇ ਮਲਟੀਪਰਪਜ਼ ਹੈਲਥ ਵਰਕਰ ਬਲਜਿੰਦਰ ਸਿੰਘ, ਬਖਤਾਵਰ ਸਿੰਘ, ਬਰੀਡਿੰਗ ਚੈਕਰ ਹਰਪਾਲ ਸਿੰਘ, ਗੁਰਿੰਦਰਜੀਤ ਸਿੰਘ ਆਦਿ ਮੁਲਾਜ਼ਮ ਹਾਜ਼ਰ ਸਨ।

### ਐੱਸ ਡੀ ਐੱਮ ਪਠਾਨਕੋਟ ਵੱਲੋਂ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਦਾ ਦੌਰਾ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਮਾਣਯੋਗ ਐੱਸਡੀਐੱਮ ਪਠਾਨਕੋਟ ਨੇ ਆਦਰਸ਼ ਬਿਰਧ ਆਸ਼ਰਮ ਵਿੱਚ ਡਿਊਟੀ ਦੌਰਾਨ ਦੌਰਾ। ਉਨ੍ਹਾਂ ਨੇ ਆਸ਼ਰਮ ਵਿਚ ਰਹਿ ਰਹੇ ਬਜ਼ੁਰਗਾਂ ਦਾ ਹਾਲ-ਚਾਲ ਪੁੱਛਿਆ। ਉਨ੍ਹਾਂ ਨੇ ਬਜ਼ੁਰਗਾਂ ਨਾਲ ਦੁੱਖ-ਸੁੱਖ ਸਾਂਝੇ ਕੀਤੇ। ਬਜ਼ੁਰਗਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਸਾਨੂੰ ਇੱਥੇ ਬਹੁਤ ਵਧੀਆ ਲਗਦਾ ਹੈ। ਅਸੀਂ ਇੱਥੇ ਬਹੁਤ ਖੁਸ਼ ਹਾਂ। ਸਾਨੂੰ ਹਰੇਕ ਚੀਜ਼ ਜਿਵੇਂ ਖਾਣਾ, ਕੱਪੜੇ, ਫਲ, ਦਵਾਈਆਂ ਤੇ ਹੋਰ ਵੀ ਲੋੜਮੰਦ ਚੀਜ਼ਾਂ ਸਮੇਂ ਸਿਰ ਦਿੱਤੀਆਂ ਜਾਂਦੀਆਂ ਹਨ। ਆਸ਼ਰਮ ਦੀ ਮੈਨੇਜਮੈਂਟ ਦੇਖ ਕੇ ਐੱਸਡੀਐੱਮ ਬਹੁਤ ਖੁਸ਼ ਹੋਏ। ਉਨ੍ਹਾਂ ਨੇ ਆਸ਼ਰਮ ਪ੍ਰਬੰਧਕਾਂ ਨਾਲ ਵਾਅਦਾ ਕੀਤਾ ਕਿ ਮੈਂ ਅੱਗੋਂ ਵੀ ਇਨ੍ਹਾਂ ਬਜ਼ੁਰਗਾਂ ਨੂੰ ਮਿਲਣ ਆਉਂਦਾ ਰਹਾਂਗਾ। ਇਸ ਮੌਕੇ ਆਸ਼ਰਮ ਪ੍ਰਧਾਨ ਸਤਨਾਮ ਸਿੰਘ ਤੇ ਸੁਪਰਡੈਂਟ ਮੈਡਮ ਮਿਸ ਅੰਜਲੀ ਸ਼ਰਮਾ ਨੇ ਆਏ ਹੋਏ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸਮੂਹ ਸਟਾਫ ਸਵਿਤਾ, ਕੁਲਵਿੰਦਰ ਕੌਰ, ਆਰਤੀ, ਅੰਜੂ ਬਾਲਾ, ਸੁਖਵਿੰਦਰ ਕੌਰ, ਤਰਸੇਮ ਲਾਲ ਅਤੇ ਰਾਜੇਸ਼ ਕੁਮਾਰ ਆਦਿ ਮੌਜੂਦ ਸਨ।

### ਫੋਟੋਗ੍ਰਾਫਰਜ਼ ਵੱਲੋਂ ਅਹਿਮ ਮੁੱਦਿਆਂ 'ਤੇ ਵਿਚਾਰ-ਵਟਾਂਦਰਾ

**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)**—ਗੁਰਦਾਸਪੁਰ ਫੋਟੋਗ੍ਰਾਫਰਜ ਵੈੱਲਫੇਅਰ ਐਸੋਸੀਏਸ਼ਨ ਦੀ ਇੱਕ ਵਿਸ਼ੇਸ਼ ਮੀਟਿੰਗ ਬੱਸ ਸਟੈਂਡ ਦੇ ਪਿੱਛੇ ਕ੍ਰਿਸ਼ਨਾ ਸਟੂਡੀਓ ਵਿਖੇ ਹੋਈ ਜਿਸ ਵਿੱਚ ਯੂਨੀਅਨ ਦੇ ਪ੍ਰਧਾਨ ਯੋਗੇਸ਼ ਕੁਮਾਰ ਨੀਟੂ ਨੇ ਸ਼ਿਰਕਤ ਕੀਤੀ। ਮੀਟਿੰਗ 'ਚ ਕਈ ਫੋਟੋਗ੍ਰਾਫਰਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਯੂਨੀਅਨ ਦੇ ਪ੍ਰਧਾਨ ਯੋਗੇਸ਼ ਕੁਮਾਰ ਨੇ ਦੱਸਿਆ ਕਿ ਉਹ ਫੋਟੋਗ੍ਰਾਫਰ ਦੇ ਦੁੱਖ ਵਿੱਚ ਉਨ੍ਹਾਂ ਦੇ ਨਾਲ ਹਨ ਅਤੇ ਯੂਨੀਅਨ ਦਾ ਪੂਰਾ ਸਹਿਯੋਗ ਵੀ ਉਨ੍ਹਾਂ ਦੇ ਨਾਲ ਰਹੇਗਾ। ਜੇਕਰ ਕਿਸੇ ਕਾਰਨ ਉਨ੍ਹਾਂ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਯੂਨੀਅਨ ਦੇ ਸਹਿਯੋਗ ਨਾਲ ਉਸ ਨੂੰ ਪੂਰੀ ਤਰ੍ਹਾਂ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਅਤੇ ਅਸੀਂ ਉਸ ਨੂੰ ਹੱਲ ਕਰਾਂਗੇ। ਇਸ ਮੌਕੇ ਕ੍ਰਿਸ਼ਨਾ ਸਟੂਡੀਓ, ਅਕਸ਼ੈ ਸਟੂਡੀਓ, ਨੋਨੀ ਸਟੂਡੀਓ, ਟੋਨੀ ਸਟੂਡੀਓ, ਗੁਰਜੀਤ ਸਟੂਡੀਓ, ਅਮਨ ਕਲਹੋਤਰਾ, ਰੋਹਿਤ ਸਟੂਡੀਓ, ਰਾਜੂ ਸਟੂਡੀਓ ਗੁਰਦਾਸਪੁਰ, ਮਹਾਜਨ ਸਟੂਡੀਓ, ਮੋਨੂੰ ਸਟੂਡੀਓ, ਰਾਜੂ ਸਟੂਡੀਓ ਆਦਿ ਹਾਜ਼ਰ ਸਨ।

### ਸਵਰਾਜ 8200 ਵੀਲ ਹਾਰਵੇਸਟਰ ਲਾਂਚ

**ਜਲੰਧਰ :** ਦੇਸ਼ ਵਿੱਚ ਤੇਜੀ ਨਾਲ ਵਧਦੇ ਟ੍ਰੈਕਟਰ ਬ੍ਰਾਂਡ ਅਤੇ ਮਹਿੰਦਾ ਸਮੂਹ ਦੇ ਇੱਕ ਸਵਰਾਜ ਟ੍ਰੈਕਟਰਸ ਨੇ 'ਸਵਰਾਜ 8200 ਵਾਈਲ ਹਾਰਵੇਸਟਰ' ਲਾਂਚ ਕੀਤਾ, ਜੋ ਨਾ ਸਿਰਫ ਘੱਟ ਫੈਡਰੇਸ਼ਨ ਲਈ ਸਭ ਤੋਂ ਵਧੀਆ ਕੰਮ ਕਰਦਾ ਹੈ। ਲਾਭ ਨਾਲ ਲੈਸ ਹੁੰਦੇ ਹਨ, ਜੋ ਇੰਡਸਟ੍ਰੀ ਵਿੱਚ ਪਹਿਲਾਂ ਕਦੇ ਨਹੀਂ ਦੇਖਣਾ ਮਿਲਦਾ ਹੈ। ਸਵਰਾਜ ਦਾ ਇਹ ਨਵਾਂ ਸਾਹਕਾਰ ਆਪਣੀ ਬ੍ਰਾਂਡ ਦੀ ਤਾਕਤ ਅਤੇ ਭਰੋਸੇ ਨੂੰ ਅੱਗੇ ਵਧਾ ਰਿਹਾ ਹੈ। ਇਕਵਿਪਮੈਂਟ ਸੇਕਟਰ-ਐੱਮ.ਐੱਲ.ਐਂਡ.ਐੱਮ. ਲਿਮਿਟਿਡ ਦੇ ਪ੍ਰੈਸਿਡੈਂਟ ਹੇਮੰਤ ਸਿੱਕਾ ਨੇ ਕਿਹਾ, 'ਸਵਰਾਜ 8200 ਵੀਲ ਹਾਰਵੇਸਟਰ ਫਾਰਮ ਦੀ ਪੇਸ਼ਕਸ਼ ਫਾਰਮ ਮਸ਼ੀਨ 'ਤੇ ਸਾਡੇ ਸੋਚੇਸਮਝੇ ਫੋਕਸ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

### ਹੈਰੋਇਨ ਸਮੇਤ ਦੋ ਕਾਬੂ

**ਝਬਾਲ (ਹਰਜਿੰਦਰ ਸਿੰਘ ਸੋਨੀ )**-ਸਰਹੱਦੀ ਥਾਣਾ ਸਰਾਏ ਅਮਾਨਤ ਖਾਂ ਦੀ ਪੁਲਸ ਵੱਲੋਂ 500 ਕਿੱਲੋ ਹੈਰੋਇਨ ਸਮੇਤ ਦੋ ਨੌਜਆਨਾਂ ਨੂੰ ਕਾਬੂ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਨਰਿੰਦਰ ਸਿੰਘ ਨੇ ਕਿਹਾ ਕਿ ਉਹ ਪੁਲਸ ਪਾਰਟੀ ਸਮੇਤ ਨੌਸਹਿਰਾ ਢਾਲਾ ਤੋਂ ਪਿੰਡ ਹਵੇਲੀਆਂ ਵਾਲੇ ਪਾਸੇ ਗਸ਼ਤ ਕਰ ਰਹੇ ਸਨ ਕਿ ਜਦ ਉਹ ਹਵੇਲੀਆਂ ਮੋੜ 'ਤੇ ਪਹੁੰਚੇ ਤਾਂ ਅੱਗੋਂ ਇੱਕ ਮੋਟਰਸਾਇਕਲ ਨੰਬਰ ਪੀ ਬੀ 02 ਬੀ ਐਮ 7352 ਤੇ ਸਵਾਰ ਦੋ ਨੌਜਆਨ ਆ ਰਹੇ ਸਨ ਤੇ ਉਨ੍ਹਾਂ ਨੂੰ ਸ਼ੱਕ ਦੇ ਅਧਾਰ 'ਤੇ ਰੋਕਿਆ ਤੇ ਮੌਕੇ ਤੇ ਡੀ ਐਸ ਪੀ (ਸਿਟੀ) ਤਰਸੇਮ ਮਸੀਹ ਨੂੰ ਬੁਲਾ ਕੇ ਉਨ੍ਹਾਂ ਦੀ ਤਲਾਸ਼ੀ ਲਈ ਗਈ ਤਾਂ ਮੋਟਰਸਾਇਕਲ 'ਤੇ ਪਿੱਛੇ ਬੈਠੇ ਨੌਜਆਨ ਦੀ ਪੈਂਟ ਦੀ ਜੇਬ ਵਿੱਚੋਂ ਅੱਧਾ ਕਿੱਲੋ ਹੈਰੋਇਨ ਬਰਾਮਦ ਹੋਈ। ਫੜੇ ਗਏ ਨੌਜਆਨਾਂ ਦੀ ਪਛਾਣ ਗੁਰਲਾਲ ਸਿੰਘ ਲਾਲੀ ਪੁੱਤਰ ਲਖਵਿੰਦਰ ਸਿੰਘ ਅਤੇ ਜਗਤਾਰ ਸਿੰਘ ਕਾਕੂ ਪੁੱਤਰ ਜਗੀਰ ਸਿੰਘ ਵਾਸੀ ਪਿੰਡ ਧਨੋਏ ਕਲਾਂ ਵਜੋਂ ਹੋਈ। ਉਨ੍ਹਾਂ ਕਿਹਾ ਕਿ ਦੋਵਾਂ ਨੌਜੁਆਨਾਂ ਦੇ ਖਿਲਾਫ ਥਾਣਾ ਸਰਾਏ ਅਮਾਨਤ ਖਾਂ ਵਿਖੇ ਐਨ ਡੀ ਪੀ ਐਸ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ।

### ਐੱਚ ਡੀ ਐੱਫ ਸੀ ਬੈਂਕ ਨੇ 'ਪੁਰਾਣੀ ਗਾੜੀ, ਨਈ ਸ਼ੁਰੂਆਤ' ਦੀ ਕੀਤੀ ਸ਼ੁਰੂਆਤ

**ਅੰਮ੍ਰਿਤਸਰ :** ਐਚ ਡੀ ਐਫ ਸੀ ਬੈਂਕ 'ਪੁਰਾਣੀ ਗੱਡੀ, ਨਈ ਸ਼ੁਰੂਆਤ' ਮੁਹਿੰਮ ਦੇ ਤਹਿਤ ਦੇਸ਼ ਵਿਆਪੀ ਮੁਹਿੰਮ ਚਲਾ ਰਿਹਾ ਹੈ। ਇਸ ਇੱਕ ਹਫਤੇ ਦੀ ਮੁਹਿੰਮ ਜੋ ਕਿ 7 ਅਗਸਤ, ਨੂੰ ਸ਼ੁਰੂ ਹੋਈ ਸੀ, ਦਾ ਉਦੇਸ਼ ਟਰਾਂਸਪੋਰਟਰਾਂ ਅਤੇ ਠੇਕੇਦਾਰਾਂ ਨੂੰ ਵਰਤੇ ਗਏ ਵਪਾਰਕ ਵਾਹਨਾਂ ਅਤੇ ਵਰਤੇ ਗਏ ਨਿਰਮਾਣ ਉਪਕਰਣਾਂ ਦੀ ਖਰੀਦ ਲਈ ਪੇਸ਼ਗੀ ਵਧਾਉਣਾ ਹੈ। ਇਸ ਪਹਿਲਕਦਮੀ ਦੇ ਹਿੱਸੇ ਵਜੋਂ, ਐਚ ਡੀ ਐਫ ਸੀ ਬੈਂਕ ਦੇਸ ਭਰ ਵਿੱਚ ਲਗਭਗ 50,000 ਟਰਾਂਸਪੋਰਟਰਾਂ, ਠੇਕੇਦਾਰਾਂ ਅਤੇ ਵਿਚੋਲਿਆਂ ਤੱਕ ਪਹੁੰਚਣ ਦੀ ਯੋਜਨਾ ਬਣਾ ਰਿਹਾ ਹੈ, ਖਾਸ ਕਰਕੇ ਪੇਂਡੂ ਅਤੇ ਅਰਧ-ਸਹਿਰੀ ਸਥਾਨਾਂ ਵਿੱਚ। ਰਾਹੁਲ ਐਸ ਸੁਕਲਾ, ਗਰੁੱਪ ਹੈੱਡ - ਕਮਰਸੀਅਲ ਐਂਡ ਰੂਰਲ ਬੈਂਕਿੰਗ, ਐਚ ਡੀ ਐਫ ਸੀ ਬੈਂਕ ਨੇ ਕਿਹਾ, 'ਅਸੀਂ ਇਸ ਪਹਿਲਕਦਮੀ ਨੂੰ ਲੈ ਕੇ ਉਤਸਾਹਿਤ ਹਾਂ, ਜਿੱਥੇ ਬੈਂਕ ਅਧਿਕਾਰੀ ਦੂਰ-ਦੁਰਾਡੇ ਸਥਾਨਾਂ ਦੇ ਗਾਹਕਾਂ ਤੱਕ ਪਹੁੰਚ ਕਰਨਗੇ। ਇਸ ਨਾਲ ਹਜਾਰਾਂ ਡਰਾਈਵਰਾਂ ਨੂੰ ਟਰੱਕਾਂ ਦੇ ਮਾਲਕ ਬਣਨ ਵਿੱਚ ਮਦਦ ਮਿਲੇਗੀ।'

### 1500 ਗੁਰਮੁਖ ਨੂੰ ਕੀਤਾ ਸਨਮਾਨਿਤ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)** ਦਮਦਮੀ ਟਕਸਾਲ ਦੇ ਪਹਿਲੇ ਮੁਖੀ, ਧੰਨ ਧੰਨ ਬਾਬਾ ਦੀਪ ਸਿੰਘ ਦੇ ਪਾਵਨ ਅਸਥਾਨ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਵਿਖੇ ਅੰਮ੍ਰਿਤ ਵੇਲੇ ਤੋਂ ਦੇਰ ਰਾਤ ਤੱਕ ਵੱਖ ਵੱਖ ਸੇਵਾਵਾ ਨਿਭਾਉਣ ਵਾਲੇ ਲਗਭਗ 1500 ਦੇ ਕਰੀਬ ਗੁਰਮੁੱਖ ਵੀਰ ਅਤੇ ਬੀਬੀਆਂ ਨੂੰ ਤਿੰਨ ਪਹਿਰੇ ਇਸ਼ਨਾਨ ਦੀ ਸੇਵਾ ਨਿਭਾਉਂਣ ਲਈ ਮੁੱਖ ਸੇਵਾਦਾਰ ਭਾਈ ਸਵਰਨ ਸਿੰਘ ਭਾਟੀਆ ਅਤੇ ਭਾਈ ਗੁਰਜੀਤ ਸਿੰਘ ਗੀਟੂ ਹਲਦੀ ਵਾਲੇ ਦੀ ਸਰਪ੍ਰਸਤੀ ਹੇਠ ਬਾਬਾ ਦੀਪ ਸਿੰਘ ਦੇ 341ਵੇਂ ਜਨਮ ਦਿਹਾੜੇ ਨੂੰ ਸਮਰਪਿਤ ਦੀ ਖੁਸ਼ੀ 'ਚ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੁੱਜੇ ਸੰਦੀਪ ਰਿਸ਼ੀ ਕਮਿਸ਼ਨਰ ਮਿਉਂਸਪਲ ਕਾਰਪੋਰੇਸ਼ਨ ਨੇ ਗੁਰੂ ਚਰਨਾ 'ਚ ਹਾਜ਼ਰੀ ਭਰੀ। ਪ੍ਰਬੰਧਕਾ ਵੱਲੋਂ ਉਨ੍ਹਾ ਨੂੰ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

### ਫਲਿੱਪਕਾਰਟ ਨੇ ਲੁਧਿਆਣਾ 'ਚ ਖੋਲ੍ਹਿਆ ਪੰਜਾਬ ਦਾ ਪਹਿਲਾ ਸੈਂਟਰ

**ਅੰਮ੍ਰਿਤਸਰ:** ਭਾਰਤ ਦੇ ਪਹਿਲੇ ਘਰੇਲੂ ਈ-ਕਾਮਰਸ ਮਾਰਕੀਟਪਲੇਸ ਫਲਿੱਪਕਾਰਟ ਨੇ ਲੁਧਿਆਣਾ, ਪੰਜਾਬ ਵਿੱਚ ਆਪਣੇ ਪਹਿਲੇ ਗਰੌਸਰੀ ਫੁਲਫਿਲਮੈਂਟ ਸੈਂਟਰ ਦਾ ਉਦਘਾਟਨ ਕੀਤਾ। ਇਸ ਮੌਕੇ ਪੰਜਾਬ ਸਰਕਾਰ ਦੀ ਮਾਣਯੋਗ ਨਿਵੇਸ਼ ਪ੍ਰਮੋਸ਼ਨ, ਕਿਰਤ, ਹਾਸਪਿਟੈਲਿਟੀ, ਸੈਰ-ਸਪਾਟਾ ਅਤੇ ਸੱਭਿਆਚਾਰ ਮੰਤਰੀ ਅਨਮੋਲ ਗਗਨ ਮਾਨ ਹਾਜ਼ਰ ਰਹੇ। ਨਵੇਂ ਫੁਲਫਿਲਮੈਂਟ ਸੈਂਟਰ ਨਾਲ ਫਲਿੱਪਕਾਰਟ ਦੇ ਸਪਲਾਈ ਚੇਨ ਨੈੱਟਵਰਕ ਨੂੰ ਵਿਸਤਾਰ ਮਿਲੇਗਾ ਅਤੇ ਅਸੀਂ ਪੰਜਾਬ, ਜੰਮੂ-ਕਸ਼ਮੀਰ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿੱਚ ਗਰੌਸਰੀ ਦੀ ਡੋਰ-ਸਟੈਪ ਡਿਲੀਵਰੀ ਲਈ ਸਮਰੱਥ ਹੋਵਾਂਗੇ। ਪੰਜਾਬ ਸਰਕਾਰ ਦੀ ਮਾਣਯੋਗ ਨਿਵੇਸ਼ ਪ੍ਰਮੋਸ਼ਨ, ਕਿਰਤ, ਹਾਸਪਿਟੈਲਿਟੀ, ਸੈਰ-ਸਪਾਟਾ ਅਤੇ ਸੱਭਿਆਚਾਰ ਮੰਤਰੀ ਅਨਮੋਲ ਗਗਨ ਮਾਨ ਨੇ ਕਿਹਾ ਕਿ ਈ-ਕਾਮਰਸ ਭਾਰਤ ਵਿੱਚ ਗਰੌਸਰੀ ਦੇ ਕਾਰੋਬਾਰ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਫਲਿੱਪਕਾਰਟ ਗਰੁੱਪ ਚੀਫ਼ ਕਾਰਪੋਰੇਟ ਅਫੇਅਰਸ ਅਫ਼ਸਰ, ਰਜਨੀਸ਼ ਕੁਮਾਰ ਨੇ ਕਿਹਾ ਕਿ ਪੰਜਾਬ 'ਚ ਫਲਿੱਪਕਾਰਟ ਦਾ ਨਿਵੇਸ਼ ਡਿਜ਼ਿਟਲ ਅਤੇ ਭੌਤਿਕ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਸਾਡੀ ਵਚਨਬੱਧਤਾ ਦਾ ਸਬੂਤ ਹੈ।

## ਪੰਜਾਬ ਦੇ ਸਨਅਤਕਾਰਾਂ ਦੀ ਹਰ ਮੁਸ਼ਕਲ ਹੱਲ ਕੀਤੀ ਜਾਵੇਗੀ: ਈ ਟੀ ਓ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਅੰਮ੍ਰਿਤਸਰ ਜ਼ਿਲ੍ਹੇ ਦੇ ਸਨਅਤਕਾਰਾਂ ਨੂੰ ਭਰੋਸਾ ਦਿੱਤਾ ਕਿ ਤੁਹਾਡੀ ਹਰ ਮੁਸ਼ਕਲ ਦਾ ਹੱਲ ਕੀਤਾ ਜਾਵੇਗਾ ਅਤੇ ਤੁਹਾਡੇ ਕਾਰੋਬਾਰ ਵਿਚ ਆਉਂਦੀ ਹਰ ਰੁਕਾਵਟ ਨੂੰ ਦੂਰ ਕੀਤਾ ਜਾਵੇਗਾ। ਅੰਮ੍ਰਿਤਸਰ ਦੇ ਵੱਡੇ ਸਨਅਤਕਾਰਾਂ ਦੀਆਂ ਤਿੰਨ ਜਥੇਬੰਦੀਆਂ ਜਿਨ੍ਹਾਂ ਵਿਚ ਫੋਕਲ ਪੁਆਇੰਟ ਇੰਡਸਟਰੀਅਲ ਵੈੱਲਫੇਅਰ ਐਸੋਸੀਏਸ਼ਨ, ਬੱਲ ਕਲਾਂ ਇੰਡਸਟਰੀਅਲ ਵੈੱਲਫੇਅਰ ਐਸੋਸੀਏਸ਼ਨ ਅਤੇ ਪੰਜਾਬ ਵਪਾਰ ਮੰਡਲ ਸ਼ਾਮਿਲ ਹਨ, ਦੇ ਨੁਮਾਇੰਦੇ ਜੋ ਕਿ ਕੈਬਨਿਟ ਮੰਤਰੀ ਨੂੰ ਮਿਲਣ ਲਈ ਪੁੱਜੇ ਸਨ, ਨਾਲ ਗੱਲਾਬਤ ਕਰਦੇ ਹਰਭਜਨ ਸਿੰਘ ਨੇ ਕਿਹਾ ਕਿ ਪੰਜਾਬ ਦੇ ਵਿਕਾਸ ਵਿਚ ਸਨਅਤਕਾਰਾਂ ਤੇ ਵਪਾਰੀਆਂ ਦਾ ਵੱਡਾ ਯੋਗਦਾਨ ਹੈ, ਜਿਸ ਨੂੰ ਕਦੇ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਰਾਜ ਵਿਚ ਨੌਕਰੀਆਂ ਤੇ ਕਾਰੋਬਾਰ ਦੇ ਮੌਕੇ ਪੈਦਾ ਕਰਨ ਲਈ ਸਾਨੂੰ ਤੁਹਾਡੇ ਵੱਡੇ ਸਾਥ ਦੀ ਲੋੜ ਹੈ ਅਤੇ ਤੁਹਾਡੇ ਕਾਰੋਬਾਰ ਵਿਚ ਆਉਂਦੀ ਹਰ ਮੁਸ਼ਕਿਲ ਦਾ ਹੱਲ ਕਰਨਾ ਸਾਡਾ ਫਰਜ਼ ਹੈ। ਈਟੀਓ ਨੇ ਕਿਹਾ ਕਿ ਬਤੌਰ ਬਿਜਲੀ ਮੰਤਰੀ ਮੈਂ ਤਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਮੇਰੇ ਵਿਭਾਗ ਵੱਲੋਂ ਤਹਾਨੂੰ ਕੋਈ ਤੁਹਾਡੇ ਉਦਯੋਗਾਂ ਨੂੰ ਚਾਲੂ ਰੱਖਣ ਵਿਚ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਮੇਰੇ ਅਧਿਕਾਰੀ ਤੇ ਕਰਮਚਾਰੀ ਤੁਹਾਡੇ ਉਦਯੋਗਾਂ ਦੀ ਊਰਜਾ ਲੋੜ ਨੂੰ ਚਾਲੂ ਰੱਖਣ ਲਈ ਦਿਨ-ਰਾਤ ਸਰਗਰਮ ਹਨ। ਇਸ ਮੌਕੇ ਚੀਫ ਇੰਜੀਨੀਅਰ ਬਾਰਡਰ ਜ਼ੋਨ ਰੁਪਿੰਦਰਜੀਤ ਸਿੰਘ ਰੰਧਾਵਾ, ਐਕਸੀਅਨ ਪਿਆਰੇ ਲਾਲ ਸੇਠ, ਸਮੀਰ ਜੈਨ, ਕਮਲ ਡਾਲਮੀਆ, ਸੰਦੀਪ ਖੋਸਲਾ, ਰਾਜਨ ਮਹਿਰਾ, ਸੰਜੀਵ ਮਹਾਜਨ ਅਤੇ ਹੋਰ ਅਹੁਦੇਦਾਰ ਵੀ ਹਾਜ਼ਰ ਸਨ।

## ਮਨੀਪੁਰ ਘਟਨਾ ਦੇ ਵਿਰੋਧ 'ਚ ਈਸਾਈ ਭਾਈਚਾਰੇ ਨੇ ਕੀਤਾ ਰੋਸ ਪ੍ਰਦਰਸ਼ਨ

**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)** - ਮਨੀਪੁਰ ਘਟਨਾ ਦੇ ਵਿਰੋਧ ਵਿਚ ਈਸਾਈ ਭਾਈਚਾਰੇ ਅਤੇ ਵਾਲਮੀਕੀ ਸਮਾਜ ਵੱਲੋਂ ਸਾਂਝੇ ਤੌਰ 'ਤੇ ਪੰਜਾਬ ਬੰਦ ਦੇ ਸੱਦੇ ਨੂੰ ਅਜਨਾਲਾ 'ਚ ਭਰਵਾਂ ਹੁੰਗਾਰਾ ਮਿਲਿਆ ਹੈ। ਇਸ ਸੰਬੰਧੀ ਈਸਾਈ ਭਾਈਚਾਰੇ ਦੇ ਆਗੂ ਤੇ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਅਵਿਨਾਸ਼ ਮਸੀਹ ਤੇ ਵਾਲਮਿਕ ਧਰਮ ਸਮਾਜ ਸੰਗਠਨ ਦੇ ਪੰਜਾਬ ਕਨਵੀਨਰ ਸਰਵਨ ਸਿੰਘ ਸਰਾਏ ਦੀ ਸਾਂਝੀ ਅਗਵਾਈ 'ਚ ਇਸਾਈ ਭਾਈਚਾਰੇ ਤੇ ਵਾਲਮੀਕਿ ਸਮਾਜ ਤੋਂ ਇਲਾਵਾ ਕਿਸਾਨ ਤੇ ਹੋਰ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਤੇ ਵਰਕਰਾਂ ਵੱਲੋਂ ਅਜਨਾਲਾ ਸ਼ਹਿਰ ਦੇ ਮੁੱਖ ਚੌਕ 'ਚ ਲਾਏ ਧਰਨੇ ਪ੍ਰਦਰਸ਼ਨ 'ਚ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ। ਪ੍ਰਧਾਨ ਅਵਿਨਾਸ਼ ਮਸੀਹ ਤੇ ਪੰਜਾਬ ਕਨਵੀਨਰ ਸਰਵਨ ਸਿੰਘ ਸਰਾਏ ਕਿਹਾ ਕਿ ਮਸੀਹੀ ਲੋਕਾਂ ਨਾਲ ਦਿਨੋ ਦਿਨ ਅੱਤਿਆਚਾਰ ਅਤੇ ਚਰਚਾਂ ਨੂੰ ਅੱਗ ਲਗਾਏ ਜਾਣ ਅਤੇ ਮਸੀਹੀ ਲੜਕੀਆਂ ਨਾਲ ਗੈਂਗਰੇਪ ਕੀਤੇ ਦੀਆਂ ਕੋਝੀਆਂ ਘਟਨਾਵਾਂ ਵਾਪਰਨ ਕਾਰਨ ਮਸੀਹੀ ਲੋਕਾਂ ਤੇ ਘੱਟ ਗਿਣਤੀਆਂ ਨੂੰ ਅਤੇ ਉਹਨਾਂ ਦੇ ਪਰਵਾਰਾਂ ਲਈ ਦਿਨੋਂ ਦਿਨ ਖਤਰਾ ਵੱਧ ਰਿਹਾ ਹੈ। ਇਸ ਮੌਕੇ ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਮਨੀਪੁਰ ਦੇ ਵਿਚ ਕਾਫੀ ਚਰਚਾਂ ਨੂੰ ਸ਼ਰਾਰਤੀ ਅਨਸਰਾਂ ਵੱਲੋਂ ਅੱਗ ਲਾ ਕੇ ਸਾੜ ਦਿੱਤਾ ਗਿਆ ਅਤੇ ਭਾਰੀ ਜਾਨੀ-ਮਾਲੀ ਨੁਕਸਾਨ ਹੋਇਆ ਅਤੇ ਲੜਕੀਆਂ ਨੂੰ ਨਿਰਵਸਤਰ ਘੁਮਾਇਆ ਗਿਆ, ਜਿਸ ਦੇ ਸਬੰਧ ਵਿੱਚ ਮਸੀਹੀ ਭਾਈਚਾਰੇ ਅਤੇ ਪੂਰੇ ਪੰਜਾਬ ਸਣੇ ਸਮੁੱਚੇ ਭਾਰਤ ਵਿੱਚ ਰੋਸ ਦੀ ਲਹਿਰ ਚੱਲ ਰਹੀ ਹੈ। ਇਸ ਮੌਕੇ ਉਨ੍ਹਾਂ ਮੋਦੀ ਸਰਕਾਰ ਤੋਂ ਮੰਗ ਕੀਤੀ ਕਿ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜਾਵਾਂ ਦਿੱਤੀਆਂ ਜਾਣ। ਇਸ ਮੌਕੇ ਤਹਿਸੀਲਦਾਰ ਅਜਨਾਲਾ ਅਵਤਾਰ ਸਿੰਘ, ਡੀ ਐੱਸ ਪੀ ਅਜਨਾਲਾ ਸੰਜੀਵ ਕੁਮਾਰ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਲਈ ਕੇਂਦਰ ਦੀ ਮੋਦੀ ਸਰਕਾਰ ਦੇ ਨਾਂਅ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਸੋਨੂੰ ਕੜਿਆਲ ਜਿਲ੍ਹਾ ਪ੍ਰਧਾਨ ਵਿਸ਼ਵ ਵਾਲੀਮਿਕ ਧਰਮ ਸਮਾਜ ਸੰਗਠਨ ਭਾਰਤ, ਪ੍ਰਵੀਨ ਕੌਰ ਜਿਲ੍ਹਾ ਪ੍ਰਧਾਨ ਵਿਸ਼ਵ ਵਾਲਮਿਕ ਧਰਮ ਸਮਾਜ, ਪਾਸਟਰ ਮਨਦੀਪ ਸਿੰਘ, ਜਾਰਜ ਮਸੀਹ ਕੜਿਆਲ,ਪਾਸਟਰ ਗੋਪਾਲ ਸਿੰਘ ਆਦਿ ਹਾਜ਼ਰ ਸਨ।

## ਮੇਹਰਬਾਨਪੁਰਾ ਤੇ ਵਡਾਲਾ ਜੌਹਲ ਵਿਖੇ ਕਰਵਾਏ ਗੁਰਮਤਿ ਸਮਾਗਮ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**— ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ ਅਤੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਦੀ ਯੋਗ ਅਗਵਾਈ ਹੇਠ ਸ਼ਹੀਦ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਮਨਜੀਤ ਕੌਰ ਅਤੇ ਅਮਰਜੀਤ ਸਿੰਘ ਬੰਡਾਲਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਹਲਕੇ ਦੇ ਪਿੰਡ ਵਡਾਲਾ ਜੌਹਲ ਤੇ ਮੇਹਰਬਾਨਪੁਰਾ ਵਿਖੇ 25 ਜੁਲਾਈ ਤੋਂ ਲੈ ਕੇ ਸੱਤ ਅਗਸਤ 2023 ਗੁਰਮਤਿ ਕੈਂਪ ਲਗਾਏ ਗਏ। ਇਨ੍ਹਾਂ ਗੁਰਮਤਿ ਸਮਾਗਮਾਂ ਵਿੱਚ ਤਕਰੀਬਨ 81 ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਅਮਰਜੀਤ ਸਿੰਘ ਬੰਡਾਲਾ ਮੈਂਬਰ ਸ਼੍ਰੋਮਣੀ ਕਮੇਟੀ ਵਲੋਂ ਪਹਿਲੇ, ਦੂਜੇ ਤੇ ਤੀਜੇ ਦਰਜੇ 'ਤੇ ਆਉਣ ਵਾਲੇ ਵਿਦਿਆਰਥੀਆਂ ਦਾ ਵਿਸ਼ੇਸ ਸਨਮਾਨ ਕੀਤਾ ਗਿਆ ਅਤੇ ਹੋਰ ਵੀ ਸਮੂਹ ਵਿਦਿਆਰਥੀਆਂ ਨੂੰ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਨ੍ਹਾਂ ਗੁਰਮਤਿ ਸਮਾਗਮਾਂ ਸਮਾਗਮਾ ਵਿੱਚ ਭਾਈ ਹਰਪ੍ਰੀਤ ਸਿੰਘ ਵਡਾਲਾ, ਭਾਈ ਗੁਰਮੁਖ ਸਿੰਘ, ਭਾਈ ਮੰਗਲਦੀਪ ਸਿੰਘ ਵਲੋਂ ਵੀ ਸੇਵਾਵਾਂ ਨਿਭਾਈਆਂ ਗਈਆਂ। ਇਸ ਮੌਕੇ ਭਾਈ ਗੁਰਭਿੰਦਰ ਸਿੰਘ, ਭਾਈ ਗੁਰਪ੍ਰੀਤ ਸਿੰਘ, ਪਿੰਡ ਮੇਹਰਬਾਨਪੁਰਾ ਦੇ ਸਰਪੰਚ ਜਗਜੀਤ ਸਿੰਘ ਜੋਗੀ, ਭਾਈ ਰਣਜੀਤ ਸਿੰਘ, ਕਰਮਜੀਤ ਸਿੰਘ, ਮੇਜਰ ਸਿੰਘ, ਹਰਦਿਆਲ ਸਿੰਘ, ਪ੍ਰਧਾਨ ਦਰਸਨ ਸਿੰਘ, ਮੈਂਬਰ ਸ਼ਮਸ਼ੇਰ ਸਿੰਘ, ਸੁਖਵਿੰਦਰ ਸਿੰਘ, ਭਾਈ ਜੱਜ ਸਿੰਘ, ਡਾ. ਦਲੇਰ ਸਿੰਘ ਜੌਹਲ, ਭੁਪਿੰਦਰ ਸਿੰਘ ਸਾਹ, ਨਿਰਮਲ ਸਿੰਘ, ਭਾਈ ਗੁਰਪ੍ਰੀਤ ਸਿੰਘ ਗੋਪੀ, ਚੇਅਰਮੈਨ ਨਵਤੇਜ ਸਿੰਘ, ਰਾਜਬੀਰ ਸਿੰਘ ਵਡਾਲੀ ਡੋਗਰਾਂ ਆਦਿ ਸ਼ਖਸੀਅਤਾਂ ਹਾਜ਼ਰ ਸਨ।

## ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ, ਤੁਰੰਤ ਮੁਆਵਜ਼ੇ ਦੀ ਕੀਤੀ ਮੰਗ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਬਲਾਕ ਸ਼੍ਰੀ ਹਰਗੋਬਿੰਦਪੁਰ ਵਲੋਂ ਬਲਾਕ ਪ੍ਰਧਾਨ ਕੈਪਟਨ ਅਜੀਤ ਸਿੰਘ ਸੈਰੋਵਾਲ ਦੀ ਅਗਵਾਈ ਹੇਠ ਇਲਾਕੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਗਿਆ। ਬਾਅਦ ਵਿਚ ਮੀਟਿੰਗ ਕਰਕੇ ਸਮੂਹ ਆਗੂਆਂ ਨੇ ਪੰਜਾਬ ਸਰਕਾਰ ਅਤੇ ਸਬੰਧਿਤ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਪ੍ਰਭਾਵਿਤ ਪਿੰਡਾਂ ਦਾ ਤੁਰੰਤ ਸਰਵੇਖਣ ਕਰਕੇ ਨਿਸ਼ਾਨਦੇਹੀ ਕਰਕੇ ਹੋਏ ਨੁਕਸਾਨ ਦਾ ਤੁਰੰਤ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪਿੰਡ ਭੋਲ, ਬਾਘਾ, ਕਪੂਰਾ, ਬੱਲੜਵਾਲ, ਖੋਖੋਵਾਲ, ਮਾੜੀ ਬੱਚੀਆਂ, ਟਾਂਡਾ, ਕਾਂਗੜਾ, ਸਮਰਾਏ ਆਦਿ ਪਿੰਡਾਂ ਵਿੱਚ 27-28 ਦਿਨ ਪਾਣੀ ਖੜ੍ਹਾ ਰਹਿਣ ਕਰਕੇ ਵੱਡੇ ਪੱਧਰ 'ਤੇ ਝੋਨਾ ਮਾਰਿਆ ਗਿਆ ਹੈ ਅਤੇ ਕਈ ਕਿਸਾਨਾਂ ਦੀ ਖੇਤਾਂ ਵਿਚ ਰੇਤ ਪੈਣ ਕਰਕੇ ਖੇਤ ਬਰਬਾਦ ਹੋ ਗਏ ਹਨ ਇਸ ਕਰਕੇ ਸਰਕਾਰ ਤੁਰੰਤ ਹਰਕਤ ਵਿਚ ਆਵੇ। ਬਲਾਕ ਸਕੱਤਰ ਕੁਲਦੀਪ ਸਿੰਘ ਸੈਰੋਵਾਲ ਅਤੇ ਜ਼ਿਲ੍ਹਾ ਖਜ਼ਾਨਚੀ ਪਾਲ ਸਿੰਘ ਚੀਮਾ ਖੁੱਡੀ ਨੇ ਕਿਹਾ ਕਿ ਹੜਾਂ ਨਾਲ ਸਬੰਧਤ ਮਸਲਿਆਂ ਘੱਟ ਤੋਂ ਘੱਟ ਸਮਰਥਨ ਮੁੱਲ ਅਤੇ ਹੋਰ ਕਿਸਾਨਾਂ ਮਜ਼ਦੂਰਾਂ ਦੇ ਮਸਲਿਆਂ ਨੂੰ ਲੈ ਕੇ ਦੇਸ਼ ਦੀਆਂ 16 ਕਿਸਾਨ ਜਥੇਬੰਦੀਆਂ ਵਲੋਂ 22 ਅਗਸਤ ਨੂੰ ਚੰਡੀਗੜ੍ਹ ਵਿਚ ਵਿਸ਼ਾਲ ਮੋਰਚਾ ਸ਼ੁਰੂ ਕੀਤਾ ਜਾ ਰਿਹਾ ਹੈ ਉਸ ਵਿਚ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਸਰਦੂਲ ਸਿੰਘ ਚੀਮਾ ਖੁੱਡੀ, ਹਰਜੀਤ ਸਿੰਘ ਮਠੋਲਾ, ਸੁਖਵਿੰਦਰ ਸਿੰਘ ਭੋਲ, ਸੰਤੋਖ ਸਿੰਘ ਖੋਖੋਵਾਲ, ਸੁਖਦੇਵ ਸਿੰਘ ਖਜ਼ਾਨਚੀ, ਤੇਜਿੰਦਰ ਸਿੰਘ ਬੱਲੜਵਾਲ, ਸਤਨਾਮ ਸਿੰਘ ਨੰਗਲ ਝੋਰ, ਅਮਰਜੀਤ ਸਿੰਘ ਬਸਰਾਵਾਂ ਆਦਿ ਹਾਜ਼ਰ ਸਨ।

## ਧੋਖੇ ਨਾਲ ਖ਼ਾਤੇ 'ਚੋਂ ਪੈਸੇ ਕੱਢਣ ਵਾਲੇ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**- ਉਪ ਕਪਤਾਨ ਪੁਲਸ (ਸਿਟੀ) ਗੁਰਦਾਸਪੁਰ ਦੀ ਜਾਂਚ ਪੜਤਾਲ ਤੋਂ ਬਾਅਦ ਪੁਲਿਸ ਨੇ ਬੈਂਕ 'ਚੋਂ ਆਨਲਾਈਨ ਧੋਖਾਧੜੀ ਕਰਕੇ ਪੈਸੇ ਕਢਵਾਉਣ 'ਤੇ ਇਕ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੇ ਜਾਂਚ ਦੌਰਾਨ ਪਾਇਆ ਕਿ ਪੀੜਤ ਸਿੱਖਿਆ ਵਿਭਾਗ ਵਿੱਚ ਬਤੌਰ ਅਧਿਆਪਕਾ ਨੌਕਰੀ ਕਰ ਰਹੀ ਹੈ ਜਿਸ ਦਾ ਸਟੇਟ ਬੈਂਕ ਆਫ ਇੰਡੀਆ ਤਿੱਬੜੀ ਰੋਡ ਗੁਰਦਾਸਪੁਰ ਵਿੱਚ ਖਾਤਾ ਚਲਦਾ ਹੈ। ਪੀੜਤ ਖਾਤੇ 'ਚੋਂ 22 ਨਵੰਬਰ 2022 ਨੂੰ ਕਿਸੇ ਵਿਅਕਤੀ ਨੇ ਦੋ ਵਾਰ ਟਰਾਂਜੈਕਸ਼ਨ ਕਰਕੇ ਕੁੱਲ 1,22,957 ਰੁਪਏ ਕੱਢਵਾ ਲਏ ਸਨ। ਇੰਚਾਰਜ ਸਾਇਬਰ ਸੈਲ ਗੁਰਦਾਸਪੁਰ ਵਲੋਂ ਪੜਤਾਲ ਕਰਨ 'ਤੇ ਪਾਇਆ ਕਿ ਉੱਕਤ ਰਕਮ ਦੋਸੀ ਸਚੀਦਾਨੰਦ ਪੁੱਤਰ ਨਿਵਾਸ ਰਾਏ ਵਾਸੀ ਮੋਹਨ ਪ੍ਰਧਾਨ ਵਾਲੀ ਗਲੀ ਸੂਰਾਜਪੁਰ ਗੌਤਮ ਬੁੱਧ ਨਗਰ (ਉੱਤਰ ਪ੍ਰਦੇਸ਼) ਵੱਲੋਂ ਦੋ ਵਾਰ ਟਰਾਂਜੈਕਸ਼ਨ ਕਰਕੇ ਆਪਣੇ ਅਕਾਊਂਟ ਵਿੱਚ ਟਰਾਂਸਫਰ ਕੀਤੀ ਗਈ ਹੈ। ਪੁਲਸ ਨੇ ਉਕਤ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਗਈ ਹੈ।

## ਪੰਜਾਬ ਕਿਸਾਨ ਯੂਨੀਅਨ ਦੀ ਮੀਟਿੰਗ



**ਗਹਿਰੀ ਮੰਡੀ (ਮਨਜੀਤ ਸਿੰਘ ਭੰਗੂ)** ਲੋਹਾਰਕਾ ਰੋਡ ਦੇ ਪੰਜਾਬ ਕਿਸਾਨ ਯੂਨੀਅਨ ਦੇ ਦਫਤਰ ਵਿਖੇ ਯੂਨੀਅਨ ਦੀ ਮੀਟਿੰਗ ਬਲਬੀਰ ਸਿੰਘ ਮੂਧਲ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਮੰਗਲ ਸਿੰਘ ਧਰਮਕੋਟ, ਲਖਬੀਰ ਸਿੰਘ ਅਜਨਾਲਾ, ਸਮਸ਼ੇਰ ਸਿੰਘ ਹੇਰ, ਨਿਰਮਲ ਸਿੰਘ ਛੱਜਲਵੱਡੀ ਅਤੇ ਨਰਿੰਦਰ ਤੇੜਾ ਯੂਨੀਅਨ ਦੇ ਆਗੂ ਸ਼ਾਮਲ ਸਨ। ਮੀਟਿੰਗ 'ਚ ਸੰਯੁਕਤ ਕਿਸਾਨ ਮੋਰਚੇ ਵੱਲੋਂ 15 ਅਗਸਤ ਨੂੰ ਸੰਵਿਧਾਨ ਅਤੇ ਤਿਰੰਗੇ ਦੀ ਰਾਖੀ ਕਰਨ ਅਤੇ 19 ਅਗਸਤ ਨੂੰ ਭਾਜਪਾ ਐੱਮ ਪੀਜ਼ ਚੇਤਾਵਨੀ ਮੰਗ ਪੱਤਰ ਦੇਣ ਸੰਬੰਧੀ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਇਸ ਸਮੇਂ ਵਿਸ਼ੇਸ਼ ਤੌਰ 'ਤੇ ਪਹੁੰਚੇ ਲਿਬਰੇਸਨ ਦੇ ਸੂਬਾ ਸਕੱਤਰ ਗੁਰਮੀਤ ਸਿੰਘ ਬੱਖਤਪੁਰਾ ਨੇ ਬੋਲਦਿਆਂ ਕਿਹਾ ਕਿ ਪਹਿਲੀਆਂ ਸਰਕਾਰਾਂ ਦੀ ਤਰਜ ਉਪਰ ਮਾਨ ਸਰਕਾਰ ਵੀ ਕਿਸਾਨੀ ਸੱਮਸਿਆਵਾਂ ਨੂੰ ਹੱਲ ਕਰਨ ਦਾ ਢੌਂਗ ਕਰ ਰਹੀ ਹੈ। ਸਰਕਾਰ ਮੂਗੀ ਅਤੇ ਮੱਕੀ ਉਪਰ ਕਿਸਾਨਾਂ ਨੂੰ ਐਮ ਐਸ ਪੀ ਦੇਣ ਵਿਚ ਫੇਲ੍ਹ ਹੋਈ ਹੈ। ਭਾਵੇਂ ਸਰਕਾਰ ਨੇ ਹੜ੍ਹਾਂ ਤੋਂ ਪ੍ਰਭਾਵਿਤ ਇਲਾਕਿਆਂ ਦੀ ਸਪੈਸ਼ਲ ਗਿਰਦਾਵਰੀਆ ਦੇ ਹੁਕਮ ਜਾਰੀ ਕੀਤੇ ਹਨ, ਪਰ ਸਰਕਾਰ ਗਰੀਬਾਂ ਦੇ ਢੱਠੇ ਮਕਾਨਾਂ ਲਈ ਕੇਵਲ 6500 ਰੁਪਏ ਪ੍ਰਤੀ ਮਕਾਨ ਗਰਾਂਟ ਦੇ ਰਹੀ ਹੈ ਅਤੇ ਕਿਸਾਨਾਂ ਦੀਆਂ ਬਰਬਾਦ ਹੋਈਆਂ ਫਸਲਾਂ ਦੀਆਂ ਗਿਰਦਾਵਰੀਆਂ ਕਰਨ ਵਿਚ ਦੇਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਫੌਰੀ ਮੁਆਵਜਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਮਜ਼ਦੂਰਾਂ ਦੇ ਢੱਠੇ ਮਕਾਨਾਂ ਦੀ ਇੱਕ ਲੱਖ ਰੁਪਏ ਗ੍ਰਾਂਟ ਦਿਤੀ ਜਾਣੀ ਚਾਹੀਦੀ ਹੈ। ਇਸ ਸਮੇਂ ਮਨਜੀਤ ਸਿੰਘ ਗਹਿਰੀ, ਨਰੇਸ਼ ਕੁਮਾਰ ਸਹਿਣਾ, ਅਵਚੇਤਨ ਸਿੰਘ ,ਗੁਰਪਰਨਾਮ ਸਿੰਘ, ਕ੍ਰਮ ਸਿੰਘ, ਜਰਨੈਲ ਸਿੰਘ ਮਲੀਆਂ, ਕਰਨੈਲ ਸਿੰਘ ਮਾਂਡੀ ਸੈਦਾਂ, ਸੁਰਿੰਦਰ ਸਿੰਘ ਸੋਨੂੰ, ਕੁਲਵਿੰਦਰ ਸਿੰਘ ਹੇਰ ਜਸਬੀਰ ਕੌਰ ਹੇਰ, ਬਲਵਿੰਦਰ ਕੌਰ ਅਤੇ ਜਰਨੈਲ ਸਿੰਘ ਵੀ ਸ਼ਾਮਲ ਸਨ।

## ਗੁਰਦਾਸਪੁਰ 'ਚ 39 ਸਰਕਾਰੀ ਤੇ ਨਿੱਜੀ ਹਸਪਤਾਲ ਸੂਚੀਬੱਧ

**ਬਟਾਲਾ, ( ਡਾਕਟਰ ਮਲਵਿੰਦਰ ਸਿੰਘ)** ਡਾ. ਹਿਮਾਂਸ਼ੂ ਅਗਰਵਾਲ, ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਿਹਤ ਵਿਭਾਗ ਵਲੋਂ ਜਿਲ੍ਹੇ ਭਰ ਅੰਦਰ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦੀ ਮੁਹਿੰਮ ਵਿੱਢੀ ਗਈ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਾ. ਸ਼ਾਇਰੀ ਭੰਡਾਰੀ ਐਸ.ਡੀ.ਐਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਦੱਸਿਆ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਸੂਬੇ ਦੇ ਸਸਤਾ ਅਨਾਜ ਕਾਰਡ ਧਾਰਕ ਪਰਿਵਾਰਾਂ, ਜੇ ਫਾਰਮ ਧਾਰਕ ਕਿਸਾਨ ਪਰਿਵਾਰਾਂ, ਛੋਟੇ ਵਪਾਰੀਆਂ, ਰਜਿਸਟਰਡ ਉਸਾਰੀ ਮਜ਼ਦੂਰਾਂ ਅਤੇ ਐਕਰੀਡੇਟਿਡ/ਯੈਲੋ ਕਾਰਡ ਧਾਰਕ ਪੱਤਰਕਾਰਾਂ ਦੇ ਪਰਿਵਾਰਾਂ ਨੂੰ 5 ਲੱਖ ਰੁਪਏ ਸਲਾਨਾ ਮੁਫ਼ਤ ਇਲਾਜ ਦੀ ਸਹੂਲਤ ਦਿੱਤੀ ਜਾਂਦੀ ਹੈ। ਉਨ੍ਹਾਂ ਸਮੂਹ ਲਾਭਪਾਤਰੀਆਂ ਨੂੰ ਸਿਹਤ ਬੀਮਾ ਕਾਰਡ ਬਣਾਉਣ ਦੀ ਅਪੀਲ ਕੀਤੀ ਹੈ। ਇਸ ਮੌਕੇ ਸਿਵਲ ਸਰਜਨ ਡਾ. ਹਰਭਜਨ ਰਾਮ ਮਾਂਡੀ ਨੇ ਦੱਸਿਆ ਕਿ ਆਯੂਸ਼ਮਾਨ ਭਾਰਤ ਸਿਹਤ ਬੀਮਾਂ ਯੋਜਨਾ ਤਹਿਤ ਜ਼ਿਲ੍ਹਾ ਗੁਰਦਾਸਪੁਰ ਵਿੱਚ ਕੁੱਲ 39 ਸਰਕਾਰੀ ਤੇ ਨਿੱਜੀ ਹਸਪਤਾਲ ਸੂਚੀਬੱਧ ਕੀਤੇ ਗਏ ਹਨ। ਜਿਨਾਂ ਵਿੱਚ ਜ਼ਿਲਾ ਹਸਪਤਾਲ ਗੁਰਦਾਸਪੁਰ, ਮਾਤਾ ਸੁਲੱਖਣੀ ਸਿਵਲ ਹਸਪਤਾਲ ਬਟਾਲਾ, ਸੀ.ਐੱਚ.ਸੀ. ਭਾਮ, ਸੀ.ਐੱਚ.ਸੀ. ਧਾਰੀਵਾਲ, ਸੀ.ਐੱਚ.ਸੀ. ਦੀਨਾਨਗਰ, ਸੀ.ਐੱਚ.ਸੀ. ਫ਼ਤਹਿਗੜ੍ਹ ਚੂੜੀਆਂ, ਸੀ.ਐੱਚ.ਸੀ. ਘੁਮਾਣ, ਸੀ.ਐੱਚ.ਸੀ. ਕਾਹਨੂੰਵਾਨ, ਸੀ.ਐੱਚ.ਸੀ. ਕਲਾਨੌਰ, ਸੀ.ਐੱਚ.ਸੀ. ਨੌਸ਼ਹਿਰਾ ਮੱਝਾ ਸਿੰਘ, ਸੀ.ਐੱਚ.ਸੀ. ਕਾਦੀਆਂ, ਕਮਿਊਨਿਟੀ ਹੈਲਥ ਸੈਂਟਰ ਡੇਰਾ ਬਾਬਾ ਨਾਨਕ ਸ਼ਾਮਲ ਹਨ ਉਨਾਂ ਅੱਗੇ ਦੱਸਿਆ ਕਿ ਜ਼ਿਲਾ ਗੁਰਦਾਸਪੁਰ ਦੇ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿੱਚ ਅਕਾਸ਼ ਹਸਪਤਾਲ ਅਤੇ ਹਾਰਟ ਕੇਅਰ ਸੈਂਟਰ ਬਟਾਲਾ, ਬਾਬਾ ਦੀਪ ਸਿੰਘ ਹਸਪਤਾਲ ਅਲੀਵਾਲ ਰੋਡ ਬਟਾਲਾ, ਬਡਵਾਲ ਹਸਪਤਾਲ ਗੁਰਦਾਸਪੁਰ, ਬਾਹਰੀ ਹਸਪਤਾਲ ਦੀਨਾਨਗਰ, ਬਾਜਵਾ ਹਸਪਤਾਲ ਬਟਾਲਾ, ਬੀਬੀ ਕੌਲਾਂ ਜੀ ਹਸਪਤਾਲ ਫ਼ਤਹਿਗੜ੍ਹ ਚੂੜੀਆਂ, ਬੀ.ਜੇ.ਐੱਸ. ਬੱਲ ਮੈਮੋਰੀਅਲ ਹਸਪਤਾਲ ਬਟਾਲਾ, ਚੌਹਾਨ ਹਸਪਤਾਲ ਦੀਨਾਨਗਰ, ਛੀਨਾ ਹਸਪਤਾਲ ਬਟਾਲਾ, ਗੁਰਨੂਰ ਹਸਪਤਾਲ ਬਟਾਲਾ, ਗੁਰੂ ਨਾਨਕ ਸੁਪਰ ਸਪੈਸ਼ਲਿਟੀ ਹਸਪਤਾਲ ਘੁਮਾਣ, ਕਿਰਨ ਮੈਡੀਸਨ ਹਸਪਤਾਲ ਦੀਨਾਨਗਰ, ਐੱਚ.ਏ.ਐੱਸ. ਛੀਨਾ ਹਸਪਤਾਲ ਬਟਾਲਾ, ਜੇ.ਸੀ. ਨੰਦਾ ਹਸਪਤਾਲ ਗੁਰਦਾਸਪੁਰ, ਕਾਹਲੋਂ ਹਸਪਤਾਲ ਵਡਾਲਾ ਬਾਂਗਰ, ਕੋਹਲੀ ਹਸਪਤਾਲ ਧਾਰੀਵਾਲ, ਲਾਈਫ ਕੇਅਰ ਹਸਪਤਾਲ ਅਤੇ ਆਈ ਕੇਅਰ ਸੈਂਟਰ ਕੋਟ ਯੋਗਰਾਜ, ਮਹਾਜਨ ਹਸਪਤਾਲ ਐਂਡਰ ਆਈ ਕੇਅਰ ਸੈਂਟਰ ਗੁਰਦਾਸਪੁਰ, ਨਿਊ ਮਹਾਜਨ ਹਸਪਤਾਲ ਫ਼ਤਹਿਗੜ੍ਹ ਚੂੜੀਆਂ, ਨਿਊ ਸ੍ਰੀ ਬਾਵਾ ਲਾਲ ਜੀ ਹਸਪਤਾਲ ਖੈਹਿਰਾ ਰੋਡ, ਰੰਧਾਵਾ ਮਲਟੀਸਪੈਸ਼ਲਿਟੀ ਹਸਪਤਾਲ ਬਟਾਲਾ, ਆਰ.ਪੀ. ਅਰੋੜਾ ਮੈਡੀਸਿਟੀ ਗੁਰਦਾਸਪੁਰ, ਸੰਧੂ ਹਸਪਤਾਲ ਬਟਾਲਾ, ਸਤਸਰ ਹਸਪਤਾਲ ਬਟਾਲਾ, ਸ. ਰਾਮ ਸਿੰਘ ਮੈਮੋਰੀਅਲ ਬੱਬਰ ਮਲਟੀਸਪੈਸ਼ਲਿਟੀ ਹਸਪਤਾਲ ਜੀਵਨਵਾਲ ਬੱਬਰੀ, ਵਿਆਨ ਮਲਟੀਸਪੈਸ਼ਲਿਟੀ ਹਸਪਤਾਲ ਬਟਾਲਾ ਅਤੇ ਸੁਰਜੀਤ ਹਸਪਤਾਲ ਕਲਾਨੌਰ ਸ਼ਾਮਲ ਹਨ।

## ਨਿਊ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਵੱਲੋਂ ਹਰਦਿਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਨਿਊ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ 100 ਦੇ ਜਿਲ੍ਹਾ ਤਰਨ ਤਾਰਨ ਬਲਾਕ ਭਿੱਖੀਵਿੰਡ ਤੋਂ ਸਾਥੀ ਡਾਕਟਰ ਦਲਬੀਰ ਸਿੰਘ ਪਿਤਾ ਹਰਦਿਤ ਸਿੰਘ ਜੋ ਕੁਝ ਦਿਨ ਪਹਿਲਾਂ ਗੁਰੂ ਚਰਨਾ 'ਚ ਜਾ ਬਿਰਾਜੇ ਸਨ।

ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰਖਵਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਿੰਡ ਸੁਰਸਿੰਘ ਵਿਖੇ ਪਾਏ ਗਏ। ਨਿਊ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ 100ਦੇ ਸੂਬਾ ਪ੍ਰਧਾਨ ਡਾ. ਤੇਜਿੰਦਰ ਸਿੰਘ ਢਿੱਲੋਂ, ਸੂਬੇ ਕਮੇਟੀ ਦੇ ਪ੍ਰਧਾਨ ਭਾਈ ਮਾਘ ਸਿੰਘ ਮਾਣਕੀ, ਡਾ. ਮਹਿੰਦਰ ਸਿੰਘ ਮੋਗਾ, ਡਾ. ਅਵਤਾਰ ਸਿੰਘ ਬਾਲੀ, ਡਾ. ਮਹਿੰਦਰ ਸਿੰਘ ਸੋਹਲ, ਬਲਾਕ ਪ੍ਰਧਾਨ ਡਾ. ਪਲਵਿੰਦਰ ਸਿੰਘ ਬਾਉ ਝਬਾਲ ਖੁਰਦ, ਡਾ. ਮੱਸਾ ਸਿੰਘ, ਡਾ. ਹਰਪ੍ਰੀਤ ਸਿੰਘ ਚੀਮਾ, ਬਲਾਕ ਭਿੱਖੀਵਿੰਡ ਦੇ ਪ੍ਰਧਾਨ ਡਾ. ਰਾਜਿੰਦਰ ਸਿੰਘ ਧੁੰਨਾ, ਡਾ ਤੇਜਿੰਦਰ ਸਿੰਘ, ਡਾ. ਭੁਪਿੰਦਰ ਸਿੰਘ, ਡਾ. ਜਗਦੀਸ਼ ਸਿੰਘ, ਡਾ. ਬਲਜਿੰਦਰ ਸਿੰਘ, ਡਾ. ਨਿਰਮਲ ਸਿੰਘ, ਡਾ. ਗੁਰਪ੍ਰੀਤ ਸਿੰਘ, ਡਾ. ਆਕਾਸ਼ਦੀਪ ਸਿੰਘ, ਡਾ. ਗੁਰਬੀਰ ਸਿੰਘ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।

## ਲੋਕਾਂ ਦੇ ਵਿਰੋਧ ਕਾਰਨ ਸੜਕ ਨਿਰਮਾਣ ਦਾ ਕੰਮ ਰੋਕਣਾ ਪਿਆ



**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)**-ਥਾਣਾ ਦੀਨਾਨਗਰ ਤੋਂ ਸਿੰਘੋਵਾਲ ਰੋਡ ਤੱਕ ਸੜਕ ਬਣਾਉਣ ਲਈ ਪੁੱਜੇ ਲੋਕ ਨਿਰਮਾਣ ਵਿਭਾਗ ਦੇ ਮੁਲਾਜ਼ਮਾਂ ਨੂੰ ਜਦੋਂ ਲੋਕਾਂ ਨੇ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਨ੍ਹਾਂ ਨੂੰ ਕੰਮ ਬੰਦ ਕਰਨਾ ਪਿਆ। ਸਾਬਕਾ ਕੌਂਸਲਰ ਸੁਨੀਲ ਦੱਤ ਨੇ ਦੱਸਿਆ ਕਿ ਪਿਛਲੀ ਸਰਕਾਰ ਵੇਲੇ ਜਿੰਨੀਆਂ ਵੀ ਸੜਕਾਂ ਬਣੀਆਂ ਸਨ, ਉਨ੍ਹਾਂ ਦਾ ਪੱਧਰ ਬਹੁਤ ਉੱਚਾ ਕੀਤਾ ਗਿਆ ਸੀ ਜਿਸ ਕਾਰਨ ਲੋਕਾਂ ਦੀਆਂ ਵਪਾਰਕ ਅਤੇ ਹੋਰ ਜਾਇਦਾਦਾਂ ਦਾ ਕਾਫੀ ਨੁਕਸਾਨ ਹੋਇਆ ਹੈ। ਇਸ ਬੰਧੀ ਉਨ੍ਹਾਂ ਮੁੱਖ ਮੰਤਰੀ ਪੰਜਾਬ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਜਿਨ੍ਹਾਂ ਸੜਕਾਂ ਤੇ ਬੇਲੋੜਾ ਖੜ੍ਹਾ ਕੀਤਾ ਗਿਆ ਹੈ, ਉਨ੍ਹਾਂ ਦੀ ਜਾਂਚ ਕਰਵਾਈ ਜਾਵੇ . ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦਾ ਹੁਕਮ ਹੈ ਕਿ ਖਾਸ ਕਰਕੇ ਰਿਹਾਇਸੀ ਇਲਾਕਿਆਂ ਵਿੱਚ ਸੜਕਾਂ ਨੂੰ ਉੱਚਾ ਨਹੀਂ ਕੀਤਾ ਜਾ ਸਕਦਾ। ਇਸ ਸਬੰਧੀ ਮੰਡੀ ਬੋਰਡ ਨੇ ਜਾਂਚ ਕਮੇਟੀ ਦਾ ਗਠਨ ਕੀਤਾ ਹੈ। ਜਾਂਚ ਕਮੇਟੀ ਨੇ ਜਾਂਚ ਦੌਰਾਨ ਪਾਇਆ ਕਿ ਇਹ ਸੜਕ ਬਹੁਤ ਉੱਚੀ ਬਣਾਈ ਗਈ ਹੈ। ਸੜਕ ਦਾ ਪੱਧਰ ਉੱਚਾ ਹੋਣ ਕਾਰਨ ਆਸਪਾਸ ਦੇ ਲੋਕਾਂ ਦੇ ਘਰਾਂ ਦਾ ਪੱਧਰ ਹੇਠਾਂ ਚਲਾ ਗਿਆ ਹੈ। ਉਨ੍ਹਾਂ ਮੰਗ ਕੀਤੀ ਕਿ ਜਾਂਚ ਰਿਪੋਰਟ ਦੀ ਪਾਲਣਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਇਸ ਪਾਸੇ ਧਿਆਨ ਨਾ ਦਿੱਤਾ ਗਿਆ ਤਾਂ ਸੰਘਰਸ਼ ਸਬੰਧੀ ਰਣਨੀਤੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਵਿਭਾਗ ਦੇ ਅਧਿਕਾਰੀਆਂ ਨੇ ਕੰਮ ਬੰਦ ਕਰ ਦਿੱਤਾ ਹੈ।

## ਰਾਜੀਵ ਲੋਹਟਬੱਦੀ 'ਤੇ ਹਮਲਾ ਕਰਨ ਵਾਲੇ ਦੋਵੇਂ ਮੁਲਜ਼ਮ ਵਕੀਲਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਜ਼ੋਰਦਾਰ ਮੰਗ



**ਅੰਮ੍ਰਿਤਸਰ (ਜਸਬੀਰ ਪੱਟੀ)**—ਤਰਕਸ਼ੀਲ ਸੁਸਾਇਟੀ ਪੰਜਾਬ ਨੇ ਪਟਿਆਲਾ ਜ਼ਿਲਾ ਅਦਾਲਤ ਵਿਚ ਬਤੌਰ ਵਕੀਲ ਕੰਮ ਕਰਦੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸਰਗਰਮ ਆਗੂ ਰਾਜੀਵ ਲੋਹਟਬੱਧੀ ਉੱਪਰ ਦੋ ਪਿਓ ਪੁੱਤਰ ਵਕੀਲਾਂ ਪਵਨ ਪੁਰੀ ਅਤੇ ਰੌਬਿਨ ਪੁਰੀ ਵੱਲੋਂ ਅਦਾਲਤ ਅੰਦਰ ਹਿੰਸਕ ਹਮਲਾ ਕਰਕੇ ਗੰਭੀਰ ਜ਼ਖ਼ਮੀ ਕੀਤੇ ਜਾਣ ਦਾ ਸਖਤ ਨੋਟਿਸ ਲੈਂਦਿਆਂ ਪੰਜਾਬ ਸਰਕਾਰ ਅਤੇ ਪਟਿਆਲਾ ਦੇ ਪੁਲਸ ਕਮਿਸ਼ਨਰ ਤੋਂ ਦੋਵਾਂ ਮੁਲਜ਼ਮ ਵਕੀਲਾਂ ਨੂੰ ਤੁਰੰਤ ਗ੍ਰਿਫਤਾਰ ਕਰਨ ਅਤੇ ਇਨ੍ਹਾਂ ਦੀ ਮਾਨਤਾ ਰੱਦ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ।

ਇਸ ਸਬੰਧੀ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਜਸਵਿੰਦਰ ਫਗਵਾੜਾ, ਰਾਮ ਸਵਰਨ ਲੱਖੇਵਾਲੀ, ਜੋਗਿੰਦਰ ਕੁੱਲੇਵਾਲ ਅਤੇ ਸੁਮੀਤ ਸਿੰਘ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਲੋਕ ਪੱਖੀ ਵਕੀਲ ਰਾਜੀਵ ਲੋਹਟਬੱਦੀ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸਰਗਰਮ ਆਗੂ ਹੋਣ ਦੇ ਨਾਤੇ ਅੰਧਵਿਸ਼ਵਾਸਾਂ, ਪਾਖੰਡੀ ਬਾਬਿਆਂ ਤੇ ਫਿਰਕੂ ਸੰਗਠਨਾਂ ਦੇ ਖਿਲਾਫ ਅਤੇ ਸਮਾਜ ਦੇ ਪੀੜਤ ਵਰਗਾਂ ਦੇ ਜਮਹੂਰੀ ਹੱਕਾਂ ਦੀ ਰਾਖੀ ਲਈ ਅਦਾਲਤਾਂ ਵਿਚ ਅਤੇ ਜਨਤਕ ਪੱਧਰ ਤੇ ਪੂਰੀ ਇਮਾਨਦਾਰੀ ਅਤੇ ਨਿਡਰਤਾ ਨਾਲ ਲਗਾਤਾਰ ਆਵਾਜ਼ ਬੁਲੰਦ ਕਰਦੇ ਆ ਰਹੇ ਹਨ ਜਿਸ ਕਰਕੇ ਉਹ ਕਾਫੀ ਲੰਬੇ ਸਮੇਂ ਤੋਂ ਕੁਝ ਗੈਰ-ਸਮਾਜੀ ਅਨਸਰਾਂ ਦੀਆਂ ਅੱਖਾਂ ਵਿੱਚ ਰੜਕ ਰਹੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਦੋਵਾਂ ਪਿਓ ਪੁੱਤਰ ਵਕੀਲਾਂ ਵਲੋਂ ਇਕ ਸਾਜਿਸ਼ ਹੇਠ ਜਾਨਲੇਵਾ ਹਮਲਾ ਕਰਕੇ ਰਾਜੀਵ ਲੋਹਟਬੱਦੀ ਦੀ ਜਮਹੂਰੀ ਆਵਾਜ਼ ਨੂੰ ਦਬਾਉਣ ਦੀ ਗੈਰ-ਕਾਨੂੰਨੀ ਕਾਰਵਾਈ ਕੀਤੀ ਗਈ ਹੈ ਜਿਸਨੂੰ ਤਰਕਸ਼ੀਲ ਸੁਸਾਇਟੀ ਵਲੋਂ ਕਿਸੇ ਸੂਰਤ ਵਿਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਤਰਕਸ਼ਲ ਆਗੂਆਂ ਨੇ ਜ਼ਿਬਾਰ ਐਸੋਸੀਏਸ਼ ਪਟਿਆਲਾ ਵਲੋਂ ਦੋਵਾਂ ਮੁਲਜ਼ਵਕੀਲਾਂ ਦੀ ਮੁਅੱਤਲੀ ਦੋ ਦਿਨ ਬਾਅਦ ਹੀ ਰੱਦ ਕਰਨ ਦੇ ਫੈਸਲੇ ਦਾ ਵਿਰੋਧ ਕਰਦਿਆਂ ਕਿਹਾ ਕਿ ਮੁਲਜ਼ ਨੂੰ ਗ੍ਰਿਫਤਾਰੀ ਤੋਂ ਬਚਾਉਣ ਲਈ ਰਾਜੀਵ ਲੋਹਟਬੱਦੀ ਉਤੇ ਰਾਜ਼ੀਨਾਮਾ ਕਰਨ ਦਾ ਦਬਾਅ ਪਾਇਆ ਜਾ ਰਿਹਾ ਹੈ ਜੋਕਿ ਕਾਨੂੰਨ, ਨਿਆਂ ਪ੍ਰਨਾਲੀ ਅਤੇ ਜਮਹੂਰੀ ਹੱਕਾਂ ਦੀ ਸਿੱਧੀ ਉਲੰਘਣਾ ਹੈ। ਉਨ੍ਹਾਂ ਜ਼ਿਬਾਰ ਐਸੋਸੀਏਸ਼ ਤੋਂ ਰਾਜੀਵ ਲੋਹਟਬੱਦੀ ਨੂੰ ਇਨਸਾਫ ਦਿਵਾਉਣ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ ਇਕ ਲੋਕ ਪੱਖੀ ਵਕੀਲ ਨੂੰ ਹੀ ਇਨਸਾਫ ਨਹੀਂ ਮਿਲ ਸਕਦਾ ਤਾਂ ਅਦਾਲਤਾਂ ਵਿਚ ਆਮ ਲੋਕਾਂ ਲਈ ਇਨਸਾਫ ਕਿਵੇਂ ਯਕੀਨੀ ਬਣਾਇਆ ਜਾ ਸਕਦਾ ਹੈ? ਤਰਕਸ਼ੀਲ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਦੋਵੇਂ ਮੁਲਜ਼ਮ ਵਕੀਲਾਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਇਨ੍ਹਾਂ ਦੀ ਮਾਨਤਾ ਰੱਦ ਕੀਤੀ ਜਾਵੇ ਅਤੇ ਲੋਕ ਹੱਕਾਂ ਲਈ ਲੜਨ ਵਾਲੇ ਵਕੀਲ ਅਤੇ ਤਰਕਸ਼ੀਲ ਆਗੂ ਰਾਜੀਵ ਲੋਹਟਬੱਦੀ ਨੂੰ ਬਣਦਾ ਇਨਸਾਫ ਦਿੱਤਾ ਜਾਵੇ।

## ਤਨਖਾਹ ਨਾ ਮਿਲਣ 'ਤੇ ਭੜਕੇ ਜੰਗਲਾਤ ਕਾਮਿਆਂ ਵਣ ਰੇਂਜ ਦਫਤਰ ਘੇਰਿਆ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1406/22ਬੀ ਚੰਡੀਗੜ੍ਹ ਨਾਲ ਸੰਬਧਤ ਜੱਥੇਬੰਦੀ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਜ਼ਿਲਾ ਤਰਨ ਤਾਰਨ ਸਾਹਿਬ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਪੰਜਾਬ ਵਣ ਮੰਡਲ ਫਿਰੋਜ਼ਪੁਰ ਅਧੀਨ ਪੈਂਦੀ ਰੇਂਜ ਹਰੀਕੇ ਬਰਡ ਸੈਂਚੁਰੀ ਵਿਚ ਬੋਟ ਚਲਾਉਣ ਦਾ ਅਤੇ ਜੰਗਲੀ ਜੀਵਾਂ ਦੀ ਸਾਂਭ ਸੰਭਾਲ ਦਾ ਕੰਮ ਕਰਦੇ ਮੁਲਾਜ਼ਮਾਂ ਨੂੰ ਪਿਛਲੇ ਤਿੰਨ ਮਹੀਨਿਆਂ ਤਨਖਾਹਾਂ ਨਾ ਮਿਲਣ ਕਾਰਨ ਭੜਕੇ ਜੰਗਲਾਤ ਕਾਮਿਆਂ ਨੇ ਘੇਰਿਆ ਵਣ ਰੇਂਜ ਦਫਤਰ ਅਤੇ ਦੂਸਰੇ ਦਿਨ ਵੀ ਧਰਨਾ ਜਾਰੀ ਰਿਹਾ। ਧਰਨੇ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਕਰਮ ਸਿੰਘ, ਜਨਰਲ ਸਕੱਤਰ ਨਿਸ਼ਾਨ ਸਿੰਘ, ਵਿੱਤ ਸਕੱਤਰ ਧਰਮ ਸਿੰਘ ਅਤੇ ਸੀਨੀਅਰ ਮੀਤ ਪ੍ਰਧਾਨ ਜਸਪਾਲ ਸਿੰਘ ਨੇ ਕਿਹਾ ਕਿ ਜੰਗਲੀ ਜੀਵ ਸੁਰੱਖਿਆ ਵਿਭਾਗ ਪੰਜਾਬ ਬਰਡ ਸੈਂਚਰੀ ਹਰੀਕੇ ਪੱਤਣ ਦੇ ਮੁਲਾਜ਼ਮਾਂ ਨੂੰ ਪਿਛਲੇ ਤਿੰਨ ਮਹੀਨਿਆਂ ਤੋਂ ਤਨਖ਼ਾਹਾਂ ਨਾ ਮਿਲਣ ਕਾਰਨ ਜੱਥੇਬੰਦੀ ਵਲੋਂ ਵਣ ਮੰਡਲ ਅਫਸਰ ਨਾਲ 28 ਜੁਲਾਈ ਨੂੰ ਮੀਟਿੰਗ ਕੀਤੀ ਗਈ ਜਿਸ ਵਿਚ ਵਣ ਮੰਡਲ ਅਫਸਰ ਵਲੋਂ ਭਰੋਸਾ ਦਿਵਾਇਆ ਗਿਆ ਸੀ ਕਿ 5 ਅਗਸਤ ਤੱਕ ਹਰ ਹਾਲਤ 'ਚ ਤਨਖਾਹਾਂ ਦਿੱਤੀਆਂ ਜਾਣਗੀਆਂ ਪਰ 10 ਅਗਸਤ ਹੋ ਗਈ ਮੁਲਾਜ਼ਮਾਂ ਨੂੰ ਤਨਖਾਹ ਨਾ ਮਿਲਣ ਕਾਰਨ ਪਰਿਵਾਰ ਦਾ ਪਾਲਣ ਪੋਸ਼ਣ ਕਰਨਾ ਮੁਸ਼ਕਿਲ ਹੋ ਗਿਆ। ਇਸ ਧਰਨੇ ਦੌਰਾਨ ਅੰਗਰੇਜ਼ ਸਿੰਘ, ਗੁਰਦੇਵ ਸਿੰਘ ਸਿੰਘ, ਮਨਜੀਤ ਸਿੰਘ, ਬਚਿੱਤਰ ਸਿੰਘ, ਦਲਜੀਤ ਸਿੰਘ ਨੇ ਕਿਹਾ ਕਿ ਜੰਗਲੀ ਜੀਵ ਸੁਰੱਖਿਆ ਵਿਭਾਗ ਪੰਜਾਬ ਬਰਡ ਸੈਂਚੁਰੀ ਵਿਚ ਪਿਛਲੇ 20/20 ਸਾਲਾਂ ਤੋਂ ਡੇਲੀਵੇਜ ਕਾਮਿਆਂ ਨੂੰ ਵਿਭਾਗ ਵਲੋਂ ਨਾ ਤਾਂ ਪੱਕਿਆਂ ਕੀਤਾ ਗਿਆ ਨਾ ਇਨ੍ਹਾਂ ਨੂੰ ਕੋਈ ਸਹੂਲਤ ਦਿਤੀ ਜਾ ਰਹੀ । ਧਰਨੇ ਨੂੰ ਸੰਬੋਧਨ ਕਰਦਿਆਂ ਜੱਥੇਬੰਦੀ ਵੱਲੋਂ ਸਖਤ ਸ਼ਬਦਾਂ ਵਿੱਚ ਕਿਹਾ ਗਿਆ ਕਿ ਜਦੋਂ ਤੱਕ ਸਾਨੂੰ ਤਨਖਾਹਾਂ ਨਹੀਂ ਮਿਲਣਗੀਆਂ ਉਦੋਂ ਤੱਕ ਇਹ ਧਰਨਾ ਜਾਰੀ ਰਹੇਗਾ ਅਤੇ ਇਸ ਪ੍ਰਦਰਸ਼ਨ ਨੂੰ ਹੋਰ ਤਿੱਖਾ ਕਰਨ ਲਈ ਯੋਗ ਪ੍ਰਬੰਧ ਆਰੰਭ ਕੀਤੇ ਜਾਣਗੇ ਜਿਸਦੀ ਸਾਰੀ ਜ਼ਿੰਮੇਵਾਰੀ ਇਸ ਵਿਭਾਗ ਦੀ ਹੋਵੇਗੀ।

ਨਵਾਂ ਜ਼ਮਾਨਾ
ਸ਼ੁੱਕਰਵਾਰ, 11 ਅਗਸਤ 2023

# ਫਿਰਕੂ ਏਕਤਾ ਲਈ ਡਟੇ ਕਿਸਾਨ

ਭਾਜਪਾ ਆਗੂ ਚੋਣਾਂ ਜਿੱਤਣ ਲਈ ਫਿਰਕੂ ਹਿੰਸਾ ਵਧਾਉਣ ਲਈ ਜਿੰਨਾ ਤਾਣ ਲਾ ਰਹੇ ਹਨ, ਓਨਾ ਹੀ ਕਿਸਾਨ ਫਿਰਕੂ ਸਦਭਾਵਨਾ ਕਾਇਮ ਰੱਖਣ ਲਈ ਜ਼ੋਰ ਲਾ ਰਹੇ ਹਨ। ਹਰਿਆਣਾ ਦੇ ਨੂਹ ਵਿਚ ਹਿੰਸਾ ਦੇ ਬਾਅਦ ਕਿਸਾਨ ਜਥੇਬੰਦੀਆਂ ਤੇ ਖਾਪ ਪੰਚਾਇਤਾਂ ਥਾਂ-ਥਾਂ ਬੈਠਕਾਂ ਕਰਕੇ ਭਾਈਚਾਰਾ ਬਣਾਈ ਰੱਖਣ ਦੀ ਅਪੀਲ ਕਰ ਰਹੀਆਂ ਹਨ। ਬੁੱਧਵਾਰ ਹਿਸਾਰ ਜ਼ਿਲ੍ਹੇ ਦੇ ਪਿੰਡ ਬਾਸ 'ਚ ਇਕੱਠ ਕਰਕੇ ਕਿਸਾਨਾਂ ਤੇ ਖਾਪਾਂ ਦੇ ਆਗੂਆਂ ਨੇ ਐਲਾਨਿਆ ਕਿ ਕਿਸੇ ਨੂੰ ਵੀ ਮੁਸਲਮਾਨਾਂ ਨੂੰ ਨੁਕਸਾਨ ਪਹੁੰਚਾਉਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਇਕੱਠ 'ਚ ਹਿੰਦੂ, ਮੁਸਲਿਮ ਤੇ ਸਿੱਖ ਭਾਈਚਾਰੇ ਦੇ ਲੱਗਭੱਗ 2000 ਕਿਸਾਨਾਂ ਨੇ ਹਿੱਸਾ ਲਿਆ। ਨੂਹ ਹਿੰਸਾ ਦੇ ਬਾਅਦ ਮੁਸਲਮਾਨਾਂ ਨੂੰ ਮਿਲ ਰਹੀਆਂ ਧਮਕੀਆਂ ਤੇ ਕੁਝ ਪੰਚਾਇਤਾਂ ਵੱਲੋਂ ਪਿੰਡਾਂ 'ਚ ਮੁਸਲਮਾਨਾਂ ਦੇ ਬਾਈਕਾਟ ਦੇ ਐਲਾਨ ਦੇ ਪਿਛੋਕੜ 'ਚ ਇਹ ਇਕੱਠ ਕਾਫੀ ਅਹਿਮ ਸੀ। ਇਸ ਤੋਂ ਪਹਿਲਾਂ ਵੀ ਹਰਿਆਣਾ ਦੇ ਜਾਟ ਤੇ ਗੁਰਜਰ ਜਾਤੀ ਦੇ ਆਗੂਆਂ ਨੇ ਆਪਣੇ ਸਮਾਜ ਨੂੰ ਨੂਹ ਹਿੰਸਾ ਤੋਂ ਦੂਰ ਰਹਿਣ ਲਈ ਕਿਹਾ ਸੀ। ਕਿਸਾਨ ਆਗੂ ਸੁਰੇਸ਼ ਕੋਥ ਨੇ ਇਕੱਠ ਵਿਚ ਵੰਗਾਰਿਆ—ਇਹ ਖੜ੍ਹੇ ਹਨ ਮੁਸਲਮਾਨ, ਹੱਥ ਲਾ ਕੇ ਦਿਖਾਓ, ਸਾਰੀਆਂ ਖਾਪਾਂ ਇਨ੍ਹਾਂ ਦੀ ਰਾਖੀ ਲਈ ਖੜ੍ਹੀਆਂ ਹਨ। ਤਿੰਨ ਕਾਲੇ ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਵਿਚ ਅਹਿਮ ਰੋਲ ਨਿਭਾਉਣ ਵਾਲੇ ਕੋਥ ਨੇ ਇਹ ਵੀ ਕਿਹਾ ਕਿ ਮੁਸਲਮਾਨਾਂ ਦਾ ਬਾਈਕਾਟ ਨਹੀਂ ਹੋਣ ਦੇਵਾਂਗੇ। ਇਕੱਠ ਵਿਚ ਪ੍ਰਣ ਕੀਤਾ ਗਿਆ ਕਿ ਨੂਹ ਵਿਚ ਅਮਨ ਬਹਾਲੀ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਉਨ੍ਹਾਂ ਲੋਕਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਗਈ, ਜਿਨ੍ਹਾਂ ਧਾਰਮਕ ਯਾਤਰਾ ਤੋਂ ਪਹਿਲਾਂ ਸੋਸ਼ਲ ਮੀਡੀਆ 'ਤੇ ਭੜਕਾਊ ਬਿਆਨ ਵਾਲੇ ਵੀਡੀਓ ਅਪਲੋਡ ਕਰਕੇ ਲੋਕਾਂ ਨੂੰ ਭੜਕਾਉਣ ਦਾ ਕੰਮ ਕੀਤਾ।

ਬਾਸ ਪਿੰਡ 'ਚ ਇਕੱਠ ਖੇਤੀ ਨਾਲ ਜੁੜੇ ਮੁੱਦਿਆਂ 'ਤੇ ਵਿਚਾਰ ਕਰਨ ਲਈ ਸੱਦਿਆ ਗਿਆ ਸੀ, ਪਰ ਇੱਥੇ ਫਿਰਕੂ ਏਕਤਾ ਦਾ ਮੁੱਦਾ ਪ੍ਰਮੁੱਖ ਬਣ ਗਿਆ। 2020-21 ਦੇ ਕਿਸਾਨ ਅੰਦੋਲਨ ਨੂੰ ਮੁਸਲਮਾਨਾਂ ਸਣੇ ਸਾਰੇ ਭਾਈਚਾਰਿਆਂ ਦੀ ਹਮਾਇਤ ਮਿਲੀ ਸੀ। ਉਸ ਹਮਾਇਤ ਨੂੰ ਧਿਆਨ 'ਚ ਰੱਖਦਿਆਂ ਇਸ ਇਕੱਠ 'ਚ ਮੁਸਲਮਾਨਾਂ 'ਤੇ ਜ਼ੁਲਮ ਖਿਲਾਫ ਖੜ੍ਹੇ ਹੋਣ ਦਾ ਐਲਾਨ ਕੀਤਾ ਗਿਆ। ਕਿਸਾਨ ਅੰਦੋਲਨ ਦੌਰਾਨ ਪੈਦਾ ਹੋਈ ਫਿਰਕੂ ਸਦਭਾਵਨਾ ਨੂੰ ਨਾ ਸਿਰਫ ਕਾਇਮ ਰੱਖਣ, ਸਗੋਂ ਹੋਰ ਮਜ਼ਬੂਤ ਕਰਨ ਲਈ ਕਿਸਾਨ ਸਰਗਰਮ ਹਨ। ਲੰਘੇ ਸੋਮਵਾਰ ਕਈ ਜਥੇਬੰਦੀਆਂ ਨੇ ਇਕੱਠੀਆਂ ਹੋ ਕੇ ਜੀਂਦ 'ਚ ਹਿੰਦੂ-ਮੁਸਲਿਮ-ਸਿੱਖ-ਈਸਾਈ ਦੇ ਨਾਅਰੇ ਲਾਉਂਦਿਆਂ ਵੱਡਾ ਜਲੂਸ ਕੱਢਿਆ। ਸ਼ਨੀਵਾਰ ਜੀਂਦ ਦੇ ਉਚਾਨਾ ਸ਼ਹਿਰ 'ਚ ਸਰਬ ਧਰਮ ਸੰਮੇਲਨ ਕਰਕੇ ਭਾਈਚਾਰਕ ਏਕਤਾ ਦੀ ਮਜ਼ਬੂਤੀ ਲਈ ਮਤਾ ਪਾਸ ਕੀਤਾ ਗਿਆ। ਕਿਸਾਨਾਂ ਵੱਲੋਂ ਮੁਸਲਮਾਨਾਂ ਦੇ ਹੱਕ ਵਿਚ ਡਟਣ ਦਾ ਹੀ ਨਤੀਜਾ ਹੈ ਕਿ ਮੁਸਲਮਾਨਾਂ ਦੇ ਬਾਈਕਾਟ ਦਾ ਸੱਦਾ ਦੇਣ ਵਾਲੀਆਂ ਪੰਚਾਇਤਾਂ ਆਪਣੇ ਐਲਾਨ ਵਾਪਸ ਲੈਣ ਲੱਗ ਗਈਆਂ ਹਨ।

# ਵਧ ਰਹੀ ਜਨਸੰਖਿਆ

**ਸੁਖਮੰਦਰ ਪੁੰਨੀ**

ਇਸ ਸਮੇਂ ਪੂਰੇ ਵਿਸ਼ਵ ਵਿਚ ਵਧ ਰਹੀ ਅਬਾਦੀ ਕਾਰਨ ਸਿਹਤ ਸਹੂਲਤਾਂ, ਸਿੱਖਿਆ, ਰੁਜ਼ਗਾਰ ਆਦਿ ਸਹੂਲਤਾਂ ਦੇਣਾ ਬਹੁਤ ਵੱਡਾ ਮਸਲਾ ਬਣ ਗਿਆ ਹੈ। ਪੂਰੀ ਦੁਨੀਆ ਵਿਚ ਸਭ ਤੋਂ ਅਹਿਮ ਵਿਸ਼ਾ ਵੱਧ ਰਹੀ ਅਬਾਦੀ ਹੀ ਹੈ। ਵੱਧ ਅਬਾਦੀ ਵਾਲੇ ਦੇਸ਼ਾਂ ਵਿਚ ਭਾਰਤ, ਚੀਨ, ਅਮਰੀਕਾ, ਇੰਡੋਨੇਸ਼ੀਆ, ਪਾਕਿਸਤਾਨ ਆਦਿ ਹਨ, ਪਰ ਭਾਰਤ ਸਾਰੇ ਦੇਸ਼ਾਂ ਨੂੰ ਪਿੱਛੇ ਛੱਡ ਕੇ ਪਹਿਲੇ ਨੰਬਰ ਤੇ ਆ ਪਹੁੰਚਿਆ ਹੈ। ਸੰਯੁਕਤ ਰਾਸ਼ਟਰ ਆਬਾਦੀ ਫੰਡ ਦੀ ਰਿਪੋਰਟ ਮੁਤਾਬਿਕ ਭਾਰਤ ਦੀ ਆਬਾਦੀ ਲੱਗਭੱਗ 142 ਕਰੋੜ 86 ਲੱਖ ਹੈ। ਦੂਸਰੇ ਨੰਬਰ 'ਤੇ ਚੀਨ ਹੈ, ਜਿਸ ਦੀ ਆਬਾਦੀ 142 ਕਰੋੜ 57 ਲੱਖ ਹੈ। ਭਾਰਤ ਵਿਚ ਤੇਜ਼ੀ ਨਾਲ ਵਧ ਰਹੀ ਆਬਾਦੀ ਨੇ ਅੱਗੇ ਬਹੁਤ ਸਾਰੀਆਂ ਹੋਰ ਸਮੱਸਿਆਵਾਂ ਨੂੰ ਵੀ ਜਨਮ ਦਿੱਤਾ ਹੈ। ਜਿਵੇਂ ਬੇਰੁਜ਼ਗਾਰੀ, ਭੁੱਖਮਰੀ, ਪ੍ਰਦੂਸ਼ਣ, ਸਿਹਤ ਸਮੱਸਿਆਵਾਂ ਆਦਿ ਹਨ। ਇਹਨਾਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਸਾਡੀ ਵੱਧ ਰਹੀ ਅਬਾਦੀ ਹੀ ਹੈ। ਸਾਡੇ ਦੇਸ਼ ਵਿਚ ਆਬਾਦੀ ਇੱਕ ਦਮ ਇਕੋ ਵਾਰ ਵਿਚ ਇੰਨੀ ਨਹੀਂ ਵਧੀ ਇਸ ਦੀ ਜੜ੍ਹ ਪਿਛਲੇ ਸਮੇਂ ਵਿਚ ਲੱਗੀ ਹੋਈ ਹੈ, ਹੁਣ ਇਸ ਨੂੰ ਪੁੱਟਣਾ ਮੁਸ਼ਕਿਲ ਜਾਪਦਾ ਹੈ, ਕਿਉਂਕਿ ਕੋਈ ਸਮਾਂ ਸੀ ਜਦੋਂ ਪੁਰਾਣੇ ਸਮੇਂ ਵਿਚ ਆਬਾਦੀ ਦਾ ਵਧਣਾ ਭਾਰਤ ਲਈ ਇਕ ਖੁਸ਼ੀ ਦੀ ਗੱਲ ਹੁੰਦੀ ਸੀ, ਕਿਉਂਕਿ ਉਦੋਂ ਸਾਡੇ ਦੇਸ਼ ਦੀ ਆਬਾਦੀ ਵੈਸੇ ਵੀ ਘੱਟ ਸੀ। ਉਦੋਂ ਸਮੇਂ ਦੀਆਂ ਕਈ ਸਰਕਾਰਾਂ ਵੱਲੋਂ ਸੰਤਾਨ ਪੈਦਾ ਹੋਣ 'ਤੇ ਇਨਾਮ ਵੀ ਦਿੱਤੇ ਜਾਂਦੇ ਸਨ। ਪੁਰਾਣੇ ਸਮਿਆਂ ਵਿਚ ਛੂਤ ਦੀਆਂ ਬਿਮਾਰੀਆਂ ਫੈਲਣਾ ਆਮ ਹੀ ਸੀ। ਜਿਵੇਂ ਮਲੇਰੀਆ, ਚਿਕਨਗੁਨੀਆਂ, ਪਲੇਗ ਆਦਿ ਛੂਤ ਦੀਆਂ ਬਿਮਾਰੀਆਂ ਫੈਲ ਜਾਂਦੀਆਂ ਸਨ। ਸਾਡਾ ਸਿਹਤ ਢਾਂਚਾ ਵੀ ਪੂਰੀ ਤਰ੍ਹਾਂ ਮਜ਼ਬੂਤ ਨਹੀਂ ਸੀ, ਇਸ ਲਈ ਹਜ਼ਾਰਾਂ ਦੀ ਗਿਣਤੀ ਵਿਚ ਕਈ ਲੋਕ ਇਹਨਾਂ ਬਿਮਾਰੀਆਂ ਦੀ ਚਪੇਟ ਵਿਚ ਆ ਜਾਂਦੇ ਸਨ। ਇਸ ਤੋਂ ਇਲਾਵਾ ਪਿਛਲੇ ਸਮੇਂ ਵਿਚ ਹਰੇਕ ਦੇ 8-9 ਬੱਚੇ ਹੋਣਾ ਵੀ ਆਮ ਗੱਲ ਸੀ, ਕਿਉਂਕਿ ਉਸ ਸਮੇਂ ਲੋਕਾਂ ਦੀ ਇਹ ਧਾਰਨਾ ਸੀ ਕਿ ਜਿੰਨੀ ਜ਼ਿਆਦਾ ਸੰਤਾਨ ਹੋਵੇਗੀ, ਓਨੀ ਹੀ ਆਮਦਨ ਵਧੇਗੀ। ਕਿਉਂਕਿ ਉਸ ਸਮੇਂ ਖੇਤੀ ਲਈ ਜ਼ਮੀਨ ਵੀ ਉਪਲੱਬਧ ਹੁੰਦੀ ਸੀ। ਇਸ ਤੋਂ ਇਲਾਵਾ ਧਾਰਮਿਕ ਲੋਕਾਂ ਨੇ ਵੀ ਆਬਾਦੀ ਨੂੰ ਵਧਾਉਣ ਵਿਚ ਬਹੁਤ ਯੋਗਦਾਨ ਦਿੱਤਾ, ਕਿਉਂਕਿ ਹਰੇਕ ਧਰਮ ਦੇ ਲੋਕ ਇਹ ਚਾਹੁੰਦੇ ਸਨ ਕਿ ਸਾਡੇ ਧਰਮ ਦੀ ਗਿਣਤੀ ਲੋਕਾਂ ਵਿਚ ਸਭ ਤੋਂ ਵੱਧ ਹੋਵੇ। ਇਸ ਲਈ ਇਹ ਪਿਛਲੇ ਸਮੇਂ ਦੀਆਂ ਅਲਾਮਤਾਂ ਹੀ ਹਨ, ਜੋ ਵਿਕਰਾਲ ਰੂਪ ਲੈ ਕੇ ਸਾਡੇ ਸਾਹਮਣੇ ਆਈਆਂ ਹਨ। ਜਿਸ ਕਾਰਨ ਸਾਡਾ ਦੇਸ਼ ਦੁਨੀਆਂ ਵਿਚ ਸਭ ਤੋਂ ਪਹਿਲੇ ਨੰਬਰ 'ਤੇ ਗਿਆ ਹੈ।

ਅੱਜ ਦੇ ਸਮੇਂ ਵਿਚ ਆਬਾਦੀ ਵਧਣ ਦਾ ਕਾਰਨ ਪੁਰਾਣੀਆਂ ਰਹੁ-ਰੀਤਾਂ ਵੀ ਹਨ ਕਿਉਂਕਿ ਅੱਜ ਦੇ ਸਮੇਂ ਵਿਚ ਵੀ ਕੁੜੀਆਂ ਨੂੰ ਸੰਤਾਨ ਹੀ ਨਹੀਂ ਮੰਨਿਆ ਜਾਂਦਾ। ਪੁੱਤਰ ਨੂੰ ਹੀ ਰੱਬ ਦੀ ਦਾਤ ਸਮਝਿਆ ਜਾਂਦਾ ਹੈ। ਹਰ ਕੋਈ ਹੁਣ ਪੁੱਤਰ ਹੋਣ ਦੀ ਇੱਛਾ ਰੱਖਦਾ ਹੈ। ਕੋਈ ਬਜ਼ੁਰਗ ਕਿਸੇ ਨੂੰ ਆਸ਼ੀਰਵਾਦ ਦਿੰਦਾ ਹੈ ਤਾਂ ਪੁੱਤਰ ਦਾ ਹੀ ਵਰ ਦਿੰਦਾ ਹੈ। ਕੁੜੀ ਦਾ ਜਨਮ ਹੋਣ 'ਤੇ ਲੋਕ ਪੁੱਤਰ ਲੈਣ ਦੀ ਸੋਚ ਵਿਚ ਆਪਣੇ ਪਰਵਾਰ ਨੂੰ ਹੀ ਵੱਡਾ ਕਰ ਲੈਂਦੇ ਹਨ, ਪਰ ਉਸ ਦੇ ਖਾਣ-ਪੀਣ, ਪੜ੍ਹਾਈ-ਲਿਖਾਈ ਅਤੇ ਸਿਹਤ ਬਾਰੇ ਨਹੀਂ ਸੋਚਿਆ ਜਾਂਦਾ। ਇਸੇ ਤਰ੍ਹਾਂ ਆਬਾਦੀ ਦੇ ਵਧਣ ਨਾਲ ਅਨਪੜ੍ਹਤਾ ਵਿਚ ਵੀ ਵਾਧਾ ਹੁੰਦਾ ਹੈ। ਆਬਾਦੀ ਦੇ ਵਧਣ ਕਾਰਨ ਮਾਪੇ ਆਪਣੇ ਬੱਚਿਆਂ ਨੂੰ ਪੜ੍ਹਾ ਨਹੀਂ ਸਕਦੇ। ਆਮਦਨ ਘਟ ਰਹੀ ਹੈ। ਇਸ ਨਾਲ ਅਨਪੜ੍ਹਤਾ ਵਿਚ ਵੀ ਵਾਧਾ ਹੋ ਰਿਹਾ ਹੈ। ਅਨਪੜ੍ਹ ਹੋਣ ਕਾਰਨ ਹੀ ਉਹ ਬੱਚਿਆਂ ਨੂੰ ਰੱਬ ਦੀ ਦਾਤ ਸਮਝ ਕੇ ਬੱਚੇ ਪੈਦਾ ਕਰੀ ਜਾਂਦੇ ਹਨ। ਇਸ ਤੋਂ ਬਾਅਦ ਛੋਟੇ-ਛੋਟੇ ਬੱਚਿਆਂ ਨੂੰ ਹੀ ਕੰਮਾਂ-ਕਾਰਾਂ ਉੱਤੇ ਲਗਾ ਦਿੱਤਾ ਜਾਂਦਾ ਹੈ ਅਤੇ ਛੋਟੀ ਉਮਰ ਵਿਚ ਹੀ ਉਨ੍ਹਾਂ ਦਾ ਵਿਆਹ ਕਰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਛੋਟੀ ਉਮਰ ਵਿਚ ਵਿਆਹ ਵੀ ਵਧਦੀ ਆਬਾਦੀ ਦਾ ਮੁੱਖ ਕਾਰਨ ਬਣ ਜਾਂਦਾ ਹੈ।

ਵਧ ਰਹੀ ਆਬਾਦੀ ਦੇ ਕਾਰਨ ਹੀ ਸਾਡੇ ਕੋਲ ਰੁਜ਼ਗਾਰ ਦੇ ਮੌਕੇ ਬਹੁਤ ਘਟ ਰਹੇ ਹਨ। ਹਰ ਕਿਸੇ ਨੂੰ ਰੁਜ਼ਗਾਰ ਬਹੁਤ ਮੁਸ਼ਕਿਲ ਨਾਲ ਮਿਲਦਾ ਹੈ। ਬੇਰੁਜ਼ਗਾਰੀ ਤੋਂ ਹੀ ਅੱਗੇ ਹੋਰ ਕਈ ਬੁਰਾਈਆਂ ਦਾ ਜਨਮ ਹੋ ਜਾਂਦਾ ਹੈ। ਇਸ ਲਈ ਵਧ ਰਹੀ ਆਬਾਦੀ ਸਾਡੇ ਦੇਸ਼ ਲਈ ਇੱਕ ਨਸੂਰ ਬਣ ਗਿਆ ਹੈ। ਇਸ ਦੀ ਰੋਕਥਾਮ ਬਹੁਤ ਜ਼ਰੂਰੀ ਹੈ। ਇਸ ਦੀ ਰੋਕਥਾਮ ਲਈ ਵਿਸ਼ਵ ਆਬਾਦੀ ਦਿਵਸ 'ਤੇ ਵੱਖ-ਵੱਖ ਪ੍ਰੋਗਰਾਮ ਆਯੋਜਿਤ ਕੀਤੇ ਜਾਣੇ ਚਾਹੀਦੇ ਹਨ। ਲੋਕਾਂ ਨੂੰ ਛੋਟੇ ਪਰਵਾਰਾਂ ਦੇ ਮਹੱਤਵ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ। ਵਧ ਰਹੀ ਆਬਾਦੀ ਕਾਰਨ ਪੈਦਾ ਹੋਏ ਸੰਕਟਾਂ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ। ਸਰਕਾਰ ਨੂੰ ਇਸ ਪ੍ਰਤੀ ਕੋਈ ਠੋਸ ਨੀਤੀ ਬਣਾਉਣੀ ਚਾਹੀਦੀ ਹੈ, ਚਾਹੇ ਉਹ ਸਿੱਖਿਆ ਦੇ ਮਾਧਿਅਮ ਰਾਹੀਂ ਹੋਵੇ ਜਾਂ ਕਿਸੇ ਹੋਰ ਪ੍ਰਚਾਰ ਦੇ ਰੂਪ ਵਿਚ ਹੋਵੇ, ਕਿਉਂਕਿ ਇਸ ਵਿਚ ਲੋਕਾਂ ਅਤੇ ਸਰਕਾਰ ਦੇ ਸਹਿਯੋਗ ਦੀ ਬਹੁਤ ਲੋੜ ਹੈ ਤਾਂ ਹੀ ਆਬਾਦੀ ਦੀ ਗੰਭੀਰ ਸਮੱਸਿਆ ਨਾਲ ਨਜਿੱਠਿਆ ਜਾ ਸਕਦਾ ਹੈ।

*# ਸੰਪਰਕ : 98157-88001*

# ਸਿੱਖਿਆ ਨੀਤੀ, ਸਿਹਤ, ਪੁਰਾਣੀ ਪੈਨਸ਼ਨ ਤੇ ਰੁਜ਼ਗਾਰ ਹੋਣਗੇ ਚੋਣਾਂ ਦੇ ਮੁੱਖ ਮੁੱਦੇ

**ਚਰਨ ਸਿੰਘ ਸਰਾਭਾ**

ਭਾਰਤੀ ਲੋਕ ਸਭਾ ਦੀਆਂ 2024 ਵਿੱਚ ਹੋਣ ਵਾਲੀਆਂ ਚੋਣਾਂ ਸੰਬੰਧੀ ਸਿਆਸੀ ਪਾਰਟੀਆਂ ਦੀਆਂ ਸਰਗਰਮੀਆਂ ਤੇਜ਼ ਹੋ ਗਈਆਂ ਹਨ। 18 ਜੁਲਾਈ-2023 ਦੇ ਦਿਨ ਹੋਈ ਸਿਆਸੀ ਕਤਾਰਬੰਦੀ ਨੇ ਇਸ ਦਿਸ਼ਾ ਵਿੱਚ ਇੱਕ ਅਗਲੇਰਾ ਕਦਮ ਵੀ ਚੁੱਕ ਲਿਆ ਹੈ। ਅਜਿਹੇ ਸਿਆਸੀ ਗੱਠਜੋੜਾਂ ਦੇ ਅਸਲ ਯਥਾਰਥਵਾਦੀ ਸਰੂਪ ਹੋਰ ਸਪੱਸ਼ਟ ਹੋਣਗੇ ਜਦੋਂ ਇਸ ਦੀਆਂ ਅਗਲੇਰੀਆਂ ਬੈਠਕਾਂ ਹੋਣਗੀਆਂ ਅਤੇ ਕੋਈ ਸਾਂਝਾ ਘੱਟੋ-ਘੱਟ ਪ੍ਰੋਗਰਾਮ ਸਾਹਮਣੇ ਆਵੇਗਾ। ਇਸੇ ਸਮੇਂ ਵਿੱਚ ਭਾਰਤੀ ਜਨ-ਸਮੂਹਾਂ ਦਾ ਚੇਤੰਨ ਵਰਗ ਇਨ੍ਹਾਂ ਘਟਨਾਵਾਂ 'ਤੇ ਨਜ਼ਰ ਜ਼ਰੂਰ ਰੱਖ ਰਿਹਾ ਹੋਵੇਗਾ ਕਿ ਇਸ ਪ੍ਰਕਿਰਿਆ ਵਿੱਚ ਆਮ ਭਾਰਤੀ ਜਨ-ਸਮੂਹਾਂ ਦੇ ਹਿੱਤਾਂ ਪ੍ਰਤੀ ਕੀ ਪਹੁੰਚ ਅਪਨਾਈ ਜਾਵੇਗੀ। ਇਨ੍ਹਾਂ ਅਲਾਇੰਸ ਧੜਿਆਂ ਵੱਲੋਂ ਭਾਵੇਂ ਇਨ੍ਹਾਂ ਵਿੱਚੋਂ ਕੋਈ ਵੀ ਸਿਆਸੀ ਅੰਸ਼ ਬਹੁਤਾ ਨਵਾਂ ਨਹੀਂ ਕਿਹਾ ਜਾ ਸਕਦਾ, ਕਿਉਂਕਿ ਪਿਛਲੇ ਸਮਿਆਂ ਵਿੱਚ ਇਨ੍ਹਾਂ ਸਾਰੇ ਸਿਆਸੀ ਆਗੂਆਂ ਅਤੇ ਪਾਰਟੀਆਂ ਦੀਆਂ ਰਹਿ ਚੁੱਕੀਆਂ ਸਰਕਾਰਾਂ ਦੀ ਜਨ ਸਮੂਹਾਂ ਪ੍ਰਤੀ ਰਹਿ ਚੁੱਕੀ ਪਹੁੰਚ ਤੋਂ ਜਨ-ਸਮੂਹ ਕਾਫ਼ੀ ਹੱਦ ਤੱਕ ਜਾਣੂ ਹਨ, ਪਰ ਹਾਲਾਤ ਜ਼ਰੂਰ ਬਦਲੇ ਹੋਏ ਹਨ। ਇਨ੍ਹਾਂ ਹਾਲਤਾਂ ਦੇ ਪ੍ਰਸੰਗ ਵਿੱਚ ਸਾਰੀਆਂ ਘਟਨਾਵਾਂ ਦੇ ਮੁੱਲਅੰਕਣ ਜ਼ਰੂਰ ਕੀਤੇ ਜਾਣਗੇ ਵੋਟਾਂ ਪੈਣ ਤੋਂ ਪਹਿਲਾਂ-ਪਹਿਲਾਂ।

ਵੋਟਰਾਂ ਦੀ ਗਿਣਤੀ ਦੇ ਅਧਾਰ 'ਤੇ ਭਾਰਤ ਨੂੰ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਦੇਸ਼ ਮੰਨਿਆ ਜਾਂਦਾ ਹੈ। ਭਾਰਤੀ ਸੰਵਿਧਾਨ ਅਨੁਸਾਰ ਹਰ ਪੰਜ ਸਾਲਾਂ ਪਿੱਛੋਂ ਵੋਟਾਂ ਰਾਹੀਂ ਹਰ ਪੱਧਰ ਦੀਆਂ ਸਰਕਾਰਾਂ ਦੀ ਚੋਣ ਹੋਣ ਦੇ ਪੱਖ ਤੋਂ ਇਹ ਇੱਕ ਮਹੱਤਵਪੂਰਨ ਹਕੀਕਤ ਵੀ ਹੈ। ਪਰ ਕੀ ਚੋਣਾਂ ਉਪਰੰਤ ਬਣੀਆਂ ਸਾਡੀਆਂ ਸਰਕਾਰਾਂ ਦੀ ਕਾਰਕਰਦਗੀ ਵੀ ਲੋਕਤੰਤਰਕ ਰਹਿੰਦੀ ਹੈ? ਅੱਜ ਦੀਆਂ ਚੋਣਾਂ ਸਮੇਂ ਵੀ ਇਹ ਇੱਕ ਵੱਖਰਾ, ਪਰ ਧਿਆਨ ਮੰਗਦਾ ਇੱਕ ਵੱਡਾ ਵਿਚਾਰ ਜਾਂ ਪ੍ਰਸ਼ਨ ਹੈ। ਇਹ ਵਿਚਾਰ ਜਾਂ ਪ੍ਰਸ਼ਨ ਅੱਜ ਵਧੇਰੇ ਧਿਆਨ ਮੰਗਦਾਹੈ ਕਿਉਂਕਿ ਅੱਜ ਭਾਰਤੀ ਲੋਕਤੰਤਰ ਵਧੇਰੇ ਕਰਕੇ ਵੋਟਾਂ ਰਾਹੀਂ ਸਰਕਾਰਾਂ ਬਣਾ ਲੈਣ ਤਕ ਹੀ ਸੀਮਤ ਹੋ ਗਿਆ ਹੈ ਜਾਂ ਹੋ ਰਿਹਾ ਹੈ। ਇਸ ਤੋਂ ਹੋਰ ਘਰਾਂ ਇਹ ਪ੍ਰਸ਼ਨ ਹੋਰ ਮਹੱਤਵਪੂਰਨ ਬਣਦਾ ਜਾ ਰਿਹਾ ਹੈ ਕਿ ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਆਗੂਆਂ ਵੱਲੋਂ ਵੋਟਾਂ ਕਿਵੇਂ ਮੰਗੀਆਂ ਅਤੇ ਪਵਾਈਆਂ ਜਾਂਦੀਆਂ ਹਨ। ਹੁਣ ਜਦੋਂ 2024 ਵਿੱਚ ਭਾਰਤੀ ਲੋਕ ਸਭਾ ਦੀਆਂ ਚੋਣਾਂ ਹੋਣ ਵਾਲੀਆਂ ਹਨ ਤਾਂ ਦੇਸ਼ ਭਰ ਵਿੱਚ ਭਾਰਤ ਦੇ ਲੋਕਾਂ ਸਾਹਮਣੇ ਵੱਡੀਆਂ ਆਮ ਚੁਣੌਤੀਆਂ ਹਨ। ਵੱਡੀ ਪੱਧਰ ਦੀ ਬੇਰੁਜ਼ਗਾਰੀ, ਗਰੀਬ-ਅਮੀਰ ਦਾ ਪਾੜਾ, ਮਨੁੱਖੀ ਵਿਕਾਸ ਨਾਲ ਸੰਬੰਧਤ ਮੁਢਲੀ ਗੁਣਾਤਮਕ ਸਿੱਖਿਆ ਦੇ ਬਰਾਬਰ ਅਵਸਰ, ਜਨ ਸਮੂਹਾਂ ਦੀ ਸਿਹਤ ਸੰਭਾਲ, ਮੁਲਾਜ਼ਮ ਵਰਗ ਦੀਆਂ ਠੇਕਾ ਅਧਾਰਤ ਅਤੇ ਅਸੁਰੱਖਿਅਤ ਨੌਕਰੀਆਂ ਅਤੇ ਪੈਨਸ਼ਨ ਦੇ ਹੱਕ ਦਾ ਖਾਤਮਾ ਤੋਂ ਬਿਨਾਂ ਕਿਸਾਨਾਂ-ਮਜ਼ਦੂਰਾਂ ਅਤੇ ਵਿਦਿਆਰਥੀ ਵਰਗਾਂ ਵਿੱਚ ਹੋ ਰਹੀਆਂ ਖੁਦਕੁਸ਼ੀਆਂ, ਮੁੱਖ ਚੋਣ ਚੁਣੌਤੀਆਂ ਹੋਣਗੀਆਂ। ਹੈਰਾਨੀ ਵਾਲੀ ਗੱਲ ਹੈ ਕਿ ਚੋਣਾਂ ਦੇ ਨੇੜੇ ਹੋਣ ਸਮੇਂ ਵੀ ਮੁੱਖ ਸਿਆਸੀ ਪਾਰਟੀਆਂ ਅਤੇ ਆਗੂ ਦੇਸ਼ ਦੇ ਜਨ ਸਮੂਹਾਂ ਦੇ ਹਿੱਤਾਂ ਅਤੇ ਉੱਪਰ ਦੱਸੀਆਂ ਚੁਣੌਤੀਆਂ ਸੰਬੰਧੀ ਗੱਲ ਤੱਕ ਨਹੀਂ ਕਰਦੇ। ਕੇਵਲ ਇੱਕ-ਦੂਜੀ ਸਿਆਸੀ ਪਾਰਟੀ ਜਾਂ ਆਗੂਆਂ ਵਿਰੁੱਧ ਦੂਸ਼ਣਬਾਜ਼ੀ ਕਰਕੇ ਆਪਣੇ-ਆਪ ਨੂੰ ਲੋਕ ਪੱਖੀ ਸਾਬਤ ਕਰਦੇ ਅਤੇ ਵੋਟਾਂ ਦੇ ਹੱਕਦਾਰ ਬਣਨ ਦਾ ਯਤਨ ਕਰਦੇ ਹਨ ਜਾਂ ਫਿਰ ਵੋਟਰਾਂ ਵਿੱਚ ਧਾਰਮਿਕ ਫਿਰਕਿਆਂ, ਜਾਤ-ਪਾਤ ਅਤੇ ਖਿੱਤਿਆਂ ਅਧਾਰਤ ਮੁੱਦੇ ਉਭਾਰ ਕੇ ਅਤੇ ਵੰਡੀਆਂ ਪਾ ਕੇ ਵੋਟਾਂ ਪ੍ਰਾਪਤ ਕਰਨ ਦੇ ਆਧਾਰ ਵੀ ਬਣਾਏ ਜਾਂਦੇ ਹਨ ਜਾਂ ਫਿਰ ਨਵੇਂ ਸਿਆਸੀ ਪੈਂਤੜੇ ਕਿ ਜਨ ਸਮੂਹਾਂ ਦੇ ਕੁਝ ਵਰਗਾਂ ਲਈ ਕੁਝ ਮੁਫ਼ਤ ਰਿਆਇਤਾਂ ਜਾਂ ਸਹੂਲਤਾਂ ਦੇ ਕੇ ਵੋਟ ਮੰਗੇ ਜਾਂਦੇ ਹਨ। ਇਸ ਸਥਿਤੀ ਵਿੱਚ ਇੱਕ ਚੰਗੀ ਗੱਲ ਵੀ ਕੁਝ ਹੱਦ ਤੱਕ ਸਾਹਮਣੇ ਆ ਰਹੀ ਹੈ ਕਿ ਜਨ ਸਮੂਹਾਂ ਦੇ ਚੇਤੰਨ ਹਿੱਸੇ ਅਜਿਹੇ ਸਿਆਸੀ ਆਗੂਆਂ ਦੀਆਂ ਇਨ੍ਹਾਂ ਚਾਲਾਂ ਨੂੰ ਸਮਝ ਰਹੇ ਹਨ ਕਿ ਇਹ ਸਿਆਸੀ ਪਾਰਟੀਆਂ ਦੇ ਆਗੂ ਚੋਣਾਂ ਸਮੇਂ ਵੀ ਜਨ ਸਮੂਹਾਂ ਦੇ ਸੰਵਿਧਾਨਕ ਹੱਕਾਂ ਅਤੇ ਮਨੁੱਖੀ ਹੱਕਾਂ ਦੀ ਗੱਲ ਹੀ ਨਹੀਂ ਕਰਦੇ। ਇਸ ਦੇ ਜਵਾਬ ਵਿੱਚ ਜਨ ਸਮੂਹਾਂ ਦੇ ਪ੍ਰਭਾਵਤ ਅਤੇ ਚੇਤੰਨ ਜੋ ਆਪਣੇ ਮੁਢਲੇ ਸੰਵਿਧਾਨਕ ਹੱਕਾਂ ਦੀ ਗੱਲ ਕਰਨ ਲੱਗੇ ਹਨ ਅਤੇ ਜਨਤਕ ਜਥੇਬੰਦ ਲਹਿਰਾਂ ਬਣਾਉਣ ਬਾਰੇ ਵੀ ਸੋਚਦੇ ਹਨ। ਜੋ ਤਾਂ ਜੋ ਚੋਣਾਂ ਸਮੇਂ ਉਹ ਠੀਕ ਉਮੀਦਵਾਰਾਂ ਅਤੇ 'ਲੋਕ-ਹਿੱਤਾਂ ਨੂੰ ਸਮਰਪਿਤ ਸਿਆਸੀ ਪਾਰਟੀ ਨੂੰ ਸਮਰਥਨ ਦੇ ਕੇ ਆਪਣੇ ਹਿੱਤਾਂ ਦੀ ਪ੍ਰਾਪਤੀ ਵਲ ਵਧ ਸਕਣ। ਵੋਟਰ ਸਮੂਹਾਂ ਨੂੰ ਇਹ ਵੀ ਸੋਚਣਾ ਹੋਵੇਗਾ ਕਿ ਉੱਪਰ ਦੱਸੀਆਂ ਬੇਰੁਜ਼ਗਾਰੀ, ਗਰੀਬ-ਅਮੀਰ ਦਾ ਪਾੜਾ, ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਘਾਟ ਆਦਿ ਸਮੱਸਿਆਵਾਂ ਕਿਸੇ ਇੱਕ ਧਰਮ ਅਧਾਰਤ ਵਰਗ ਦੀਆਂ ਸਮੱਸਿਆਵਾਂ ਨਹੀਂ। ਇਹ ਬੜੀ ਵੱਡੀ ਗਿਣਤੀ ਵਿੱਚ ਦੇਸ਼ ਦੇ ਸਾਰੇ ਹੀ ਹਿੰਦੂ, ਸਿੱਖ, ਮੁਸਲਮਾਨ, ਈਸਾਈ ਅਤੇ ਹੋਰ ਧਾਰਮਿਕ ਵਰਗਾਂ ਦੇ ਗਰੀਬ ਲੋਕਾਂ ਦੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਹਨ। ਸਾਨੂੰ ਇਹ ਵੀ ਸਮਝਣਾ ਹੋਵੇਗਾ ਕੀ ਵੱਖ-ਵੱਖ ਧਰਮਾਂ ਦੇ ਸਿਖਰਲੇ ਅਮੀਰ ਲੋਕਾਂ ਨੇ ਕਦੇ ਆਪਣੇ ਹੀ ਧਰਮ ਦੇ ਗਰੀਬ ਲੋਕਾਂ ਦੀ ਗਰੀਬੀ ਦੇ ਕਾਰਨਾਂ ਵਾਰੇ ਸੋਚ ਕੇ ਉਨ੍ਹਾਂ ਦੇ ਬਣਦੇ ਹੱਕਾਂ ਦੀ ਗੱਲ ਕੀਤੀ ਹੈ? ਅਸਲ ਵਿੱਚ ਇਹ ਸਾਰੇ ਹੀ ਧਾਰਮਕ ਵਰਗਾਂ ਦੇ ਸਿਖਰਲੇ ਅਮੀਰ ਲੋਕ ਉੱਪਰ ਇਕੱਠੇ ਵਿਚਰਦੇ ਹਨ। ਪਰ ਧਰਮਾਂ ਫਿਰਕਿਆਂ ਦੇ ਨਾਂ ਤੇ ਗਰੀਬ ਲੋਕਾਂ ਵਿੱਚ ਵੰਡੀਆਂ ਪਾ ਕੇ ਸਿਆਸੀ ਚਾਲਾਂ ਦੇ ਧਾਰਨੀ ਹੁੰਦੇ ਹਨ।

ਭਾਰਤੀ ਜਨ-ਸਮੂਹਾਂ ਨੂੰ ਇਸ ਗੱਲ ਨੂੰ ਕੇਂਦਰਤ ਕਰਨਾ ਹੋਵੇਗਾ ਕਿ ਸਮੁੱਚੇ ਜਨ-ਸਮੂਹਾਂ ਲਈ ਆਰਥਿਕ, ਸਮਾਜਿਕ ਅਤੇ ਰਾਜਨੀਤਕ ਇਨਸਾਫ਼ ਦਾ ਸੰਵਿਧਾਨਕ ਹੱਕ ਪ੍ਰਦਾਨ ਕਰਨ ਵਾਲੀ ਸਰਕਾਰ ਹੀ ਲੋਕਤੰਤਰਕ ਸਰਕਾਰ ਅਖਵਾ ਸਕਦੀ ਹੈ। ਸਾਡੇ ਆਮ ਲੋਕਾਂ ਨੂੰ ਅੱਜ ਤੱਕ ਇਹ ਤਿੰਨੋਂ ਪ੍ਰਕਾਰ ਦੇ ਇਨਸਾਫ਼ ਪੂਰਨ ਰੂਪ ਵਿੱਚ ਪ੍ਰਾਪਤ ਨਹੀਂ ਹੋ ਸਕੇ। ਅੱਜ ਵਰਗੀ ਅਵਸਥਾ ਸੰਬੰਧੀ ਹੀ ਇੱਕ ਰਾਜਨੀਤਕ ਚਿੰਤਕ ਨੇ ਕਿਹਾ ਸੀ ਕਿ ਇੰਨੇ ਵੱਡੇ ਸਮਾਜਿਕ-ਆਰਥਿਕ ਪਾੜੇ ਅਤੇ ਲੋਕਤੰਤਰ ਇਕੱਠੇ ਨਹੀਂ ਚੱਲ ਸਕਦੇ, ਪ੍ਰੰਤੂ ਇਤਿਹਾਸ ਇਸ ਗੱਲ ਦਾ ਵੀ ਗਵਾਹ ਹੈ ਕਿ ਸਮੁੱਚੇ ਕਿਰਤੀ ਜਨ-ਸਮੂਹ ਲੋਕਤੰਤਰ ਦੇ ਹਾਮੀ ਹਨ ਅਤੇ ਲੋਕਤੰਤਰ ਦੀ ਪ੍ਰਾਪਤੀ ਲਈ ਅਤੇ ਰਾਖੀ ਲਈ ਚੇਤੰਨ ਜਨ ਸਮੂਹਾਂ ਦੇ ਸੰਘਰਸ਼ਾਂ ਦਾ ਵੱਡਾ ਇਤਿਹਾਸ ਵੀ ਹੈ। ਜਨਤਕ ਚੇਤਨਾ ਹੀ ਜਨ ਸਮੂਹਾਂ ਦੀ ਸ਼ਕਤੀ ਹੁੰਦੀ ਹੈ। ਅੱਜ ਦੇਸ਼ ਭਰ ਵਿੱਚ ਹੱਕ ਸੱਚ ਇਨਸਾਫ਼ ਦੀ ਪ੍ਰਾਪਤੀ ਲਈ ਚੱਲ ਰਹੀਆਂ ਲਹਿਰਾਂ, ਕਿਸਾਨ ਮੋਰਚੇ, ਮੁਲਾਜ਼ਮ-ਮਜ਼ਦੂਰ ਸੰਘਰਸ਼, ਵਿਦਿਆਰਥੀ ਅਤੇ ਨੌਜਵਾਨ ਜਥੇਬੰਦੀਆਂ ਦੀਆਂ ਲਹਿਰਾਂ ਵੱਲੋਂ ਉਠਾਈਆਂ ਜਾ ਰਹੀਆਂ ਮੰਗਾਂ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਅਤੇ ਭਾਰਤ ਦੇ ਸਰਬ ਪੱਖੀ ਵਿਕਾਸ ਨਾਲ ਸੰਬੰਧਤ ਮੁੱਦੇ ਵੀ ਹਨ। ਅਜਿਹੇ ਮੁੱਦਿਆਂ ਅਧਾਰਤ ਸੰਘਰਸ਼ਾਂ ਤੋਂ ਸਪੱਸ਼ਟ ਲੱਗਦਾ ਹੈ ਕਿ ਹਰ ਭਾਰਤੀ ਬੱਚੇ ਲਈ ਸਿੱਖਿਆ ਪ੍ਰਾਪਤੀ ਦੇ ਬਰਾਬਰ ਮੌਕੇ ਪ੍ਰਦਾਨ ਕਰਦੀ ਸਿੱਖਿਆ ਨੀਤੀ, ਸਿਹਤ-ਸੰਭਾਲ, ਪੁਰਾਣੀ ਪੈਨਸ਼ਨ, ਰੁਜ਼ਗਾਰ ਪ੍ਰਾਪਤੀ, ਕਿਸਾਨ ਦੀ ਫ਼ਸਲ ਲਈ ਘੱਟੋ-ਘੱਟ ਸਮਰਥਨ ਮੁੱਲ, ਮਜ਼ਦੂਰ ਦੀ ਘੱਟੋ-ਘੱਟ ਉਜਰਤ ਆਦਿ 2024 ਦੀਆਂ ਚੋਣਾਂ ਦੇ ਮੁੱਖ ਮੁੱਦੇ ਹੋਣਗੇ, ਕਿਉਂਕਿ ਕੇਂਦਰੀ ਸਰਕਾਰ ਦੀ ਸਿੱਖਿਆ ਨੀਤੀ ਸੰਬੰਧੀ ਗੰਭੀਰ ਵਿਵਾਦਹੀਣ ਸਿੱਖਿਆ ਬੱਜਟਾਂ ਵਿੱਚ ਗੰਭੀਰ ਕੱਟਾਂ ਲਾ ਕੇ ਭਾਰਤੀ ਸੰਵਿਧਾਨ ਅਨੁਸਾਰ ਹਰ ਭਾਰਤੀ ਬੱਚੇ ਨੂੰ ਮੁੱਢਲੀ ਗੁਣਾਤਮਕ ਅਤੇ ਬਰਾਬਰ ਸਿੱਖਿਆ ਪ੍ਰਦਾਨ ਕਰਨ ਦੀ ਵਿਵਸਥਾ ਤੋਂ ਸਰਕਾਰੀ ਤੌਰ 'ਤੇ ਪਿੱਛੇ ਹਟਿਆ ਜਾ ਰਿਹਾ ਹੈ ਅਤੇ ਵੱਖ-ਵੱਖ ਨਵੀਆਂ ਵਿਵਸਥਾਵਾਂ ਰਾਹੀਂ ਸਿੱਖਿਆ ਦੇ ਪ੍ਰਾਈਵੇਟਕਰਨ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ। ਜਿਸ ਦੇ ਸਿੱਟੇ ਵਜੋਂ ਇੱਕ ਪਾਸੇ ਵੱਡੀ ਗਿਣਤੀ ਵਿੱਚ ਆਮ ਗਰੀਬ ਪਰਵਾਰਾਂ ਦੇ ਵਾਂਝੇ ਮੁਢਲੀ ਗੁਣਾਤਮਕ ਸਿੱਖਿਆ ਪ੍ਰਾਪਤੀ ਤੋਂ ਹੀ ਬੱਚੇ ਰਹਿ ਜਾਣੇ ਹਨ ਅਤੇ ਮੱਧ ਵਰਗ ਦੀ ਵਸੋਂ ਵਿੱਚ ਵੀ ਵੱਡੇ ਸਮਾਜਿਕ ਵਰਗੀਕਰਨ ਦਾ ਅਧਾਰ ਪੈਦਾ ਕੀਤਾ ਜਾਵੇਗਾ। ਅਜਿਹੀ ਸਿੱਖਿਆ ਨੀਤੀ ਕਾਰਨ ਹੀ ਅਧਿਆਪਕ ਰੁਤਬੇ ਅਤੇ ਸੇਵਾ ਹਾਲਤਾਂ ਨੂੰ ਗੰਭੀਰ ਖੋਰਾ ਲਾਇਆ ਗਿਆ ਹੈ। ਦੇਸ਼ ਭਰ ਵਿੱਚ ਲੱਖਾਂ ਅਧਿਆਪਕ ਠੇਕੇ 'ਤੇ ਕੰਮ ਕਰਦੇ ਹਨ, ਜਿਨ੍ਹਾਂ ਨੂੰ ਨਿਗੂਣੀਆਂ ਉਜਰਤਾਂ ਦਿੱਤੀਆਂ ਜਾਂਦੀਆਂ ਹਨ।

ਸਿਹਤ ਸੰਭਾਲ ਖੇਤਰ ਲਈ ਵੀ ਲੋੜੀਂਦੇ, ਘੱਟੋ-ਘੱਟ ਬੱਜਟ ਕਦੇ ਵੀ ਰੱਖੇ ਨਹੀਂ ਗਏ। ਸਾਲ 2014 ਤੋਂ ਲੈ ਕੇ ਕੇਂਦਰੀ ਸਿਹਤ ਬੱਜਟ ਵਿੱਚ ਲਗਾਤਾਰ ਕਟੌਤੀਆਂ ਕੀਤੀਆਂ ਗਈਆਂ ਹਨ। ਬੜੇ ਹੀ ਯੋਜਨਾਬੱਧ ਢੰਗ ਨਾਲ ਸਿਹਤ ਵਿਭਾਗ ਦਾ ਪ੍ਰਾਈਵੇਟ ਕਰਨ ਕੀਤਾ ਜਾ ਰਿਹਾ ਹੈ। ਮੈਡੀਕਲ ਖੇਤਰ ਦੀ ਸਿੱਖਿਆ ਲਗਾਤਾਰ ਮਹਿੰਗੀ ਕੀਤੀ ਜਾ ਰਹੀ ਹੈ। ਜਿਸ ਕਾਰਨ ਨਾ ਤਾਂ ਆਮ ਘਰਾਂ ਦੇ ਬੈਠੇ ਮੈਡੀਕਲ ਸਿੱਖਿਆ ਪ੍ਰਾਪਤ ਕਰ ਸਕਦੇ ਹਨ ਅਤੇ ਨਾ ਹੀ ਆਮ ਲੋਕਾਂ ਨੂੰ ਲੋੜੀਦੀਆਂ ਸਿਹਤ ਸਹੂਲਤਾਂ ਪ੍ਰਾਪਤ ਹੋ ਸਕਦੀਆਂ ਹਨ।

ਕੇਂਦਰੀ ਅਤੇ ਕਈ ਸੂਬਾਈ ਸਰਕਾਰਾਂ ਦੀਆਂ ਅਜਿਹੀਆਂ ਸਰਕਾਰੀ ਵਿਭਾਗਾਂ ਅਤੇ ਜਨਤਕ-ਅਦਾਰਿਆਂ ਦੇ ਪ੍ਰਾਈਵੇਟਕਰਨ ਦੀਆਂ ਨੀਤੀਆਂ ਕਾਰਨ ਦੇਸ਼ ਭਰ ਵਿੱਚ ਬੇਰੁਜ਼ਗਾਰੀ ਦੀ ਦਰ ਵੱਡੇ ਪੱਧਰ 'ਤੇ ਪੁੱਜ ਚੁੱਕੀ ਹੈ। ਕੇਂਦਰ ਦੇ ਸਰਕਾਰੀ ਵਿਭਾਗਾਂ ਵਿੱਚ ਲੱਖਾਂ ਆਸਾਮੀਆਂ ਖਾਲੀ ਹੋਣ ਦੇ ਬਾਵਜੂਦ ਰੈਗੂਲਰ ਨਿਯੁਕਤੀਆਂ ਨਹੀਂ ਕੀਤੀਆਂ ਜਾ ਰਹੀਆਂ। ਇਸ ਦੇ ਨਾਲ ਹੀ ਕੇਂਦਰ ਅਤੇ ਕਈ ਸੂਬਿਆਂ ਵਿੱਚ 1.1.2004 ਤੋਂ ਪਿੱਛੋਂ ਸਰਕਾਰੀ ਨੌਕਰੀ ਵਿੱਚ ਆਏ ਮੁਲਾਜ਼ਮਾਂ ਦੇ ਸੇਵਾ-ਮੁਕਤੀ ਸਮੇਂ ਉਨ੍ਹਾ ਨੂੰ ਨਿਸ਼ਚਿਤ ਲਾਭਾਂ ਵਾਲੀ ਪੈਨਸ਼ਨ ਦਾ ਹੱਕ ਸਮਾਪਤ ਕੀਤਾ ਹੋਇਆ ਹੈ। ਕੇਂਦਰ ਸਰਕਾਰ ਮੁਲਾਜ਼ਮਾਂ ਦੀ ਇਸ ਮੰਗ ਨੂੰ ਲਗਾਤਾਰ ਟਾਲਦੀ ਆ ਰਹੀ ਹੈ। ਦੇਸ਼ ਭਰ ਦੇ ਲੱਗਭੱਗ 80 ਲੱਖ ਕੇਂਦਰੀ ਅਤੇ ਸੂਬਾਈ ਮੁਲਾਜ਼ਮ ਇਸ ਵਿਤਕਰੇ ਦਾ ਸ਼ਿਕਾਰ ਹਨ। ਅਜਿਹਾ ਮੁਲਾਜ਼ਮਾ ਵਰਗ ਨਾਲ ਇਹ ਵਿਤਕਰਾ ਕਿਉਂ? ਅੰਤ ਵਿੱਚ ਇੱਕ ਵਾਰੀ ਫਿਰ ਸਾਂਝਾ ਕੀਤਾ ਜਾਂਦਾ ਹੈ ਕਿ ਜਨ-ਸਮੂਹਾਂ ਤੇ ਮੁਲਾਜ਼ਮ ਵਰਗ ਕੇਂਦਰੀ ਅਤੇ ਸੰਬੰਧਤ ਸੂਬਾਈ ਸਰਕਾਰਾਂ ਨੂੰ ਪ੍ਰਸ਼ਨ ਕਰ ਰਿਹਾ ਹੈ ਕਿ ਜੇਕਰ ਪਾਰਲੀਮੈਂਟ ਮੈਂਬਰਾਂ ਅਤੇ ਵਿਧਾਨ ਸਭਾ ਮੈਂਬਰਾਂ ਨੂੰ ਬਿਨਾਂ ਕਿਸੇ ਉਜਰਤੀ ਕਟੌਤੀ ਦੇ ਨਿਸ਼ਚਿਤ ਲਾਭਾਂ ਵਾਲੀ ਪੈਨਸ਼ਨ ਪ੍ਰਾਪਤ ਹੋ ਸਕਦੀ ਹੈ ਤਾਂ ਮੁਲਾਜ਼ਮ ਵਰਗ ਦੇ ਉਪਰ ਦੱਸੇ ਮੁੱਦੇ ਸਿੱਧੇ ਤੌਰ ਤੇ ਭਾਰਤੀ ਵਿਕਾਸ ਨਾਲ ਸੰਬੰਧਤ ਹਨ। ਇਸ ਲਈ ਨਿਸ਼ਚੇ ਹੀ ਭਾਰਤੀ ਵੋਟਰ 2024 ਦੀਆਂ ਚੋਣਾਂ ਵਿੱਚ ਇਨ੍ਹਾਂ ਮੁੱਦਿਆ ਨੂੰ ਕੇਂਦਰੀ ਮੁੱਦੇ ਬਣਾ ਕੇ ਵੋਟਾਂ ਪਾਉਣਗੇ।

*# ਸੰਪਰਕ : 94177-51888*

# ਭਾਰਤੀ ਸਮਾਜ 'ਚ ਔਰਤ ਦੇ ਹਾਲਾਤ ਹਾਲੇ ਵੀ ਚਿੰਤਾਜਨਕ



ਸੁਰੇਸ਼ਟਾ ਰਾਣੀ

ਇਤਿਹਾਸ ਗਵਾਹ ਹੈ ਕਿ ਸਾਡੇ ਸਮਾਜ ਵੱਲੋਂ ਔਰਤ ਅਤੇ ਪੁਰਸ਼ ਨੂੰ ਕਦੇ ਵੀ ਬਰਾਬਰ ਦਾ ਦਰਜਾ ਨਹੀਂ ਦਿੱਤਾ ਗਿਆ ਅਤੇ ਨਾ ਹੀ ਇੱਕੋ ਜਿਹਾ ਵਿਵਹਾਰ ਕੀਤਾ ਗਿਆ। ਆਪਣੇ ਅਧਿਕਾਰਾਂ ਅਤੇ ਅਹੁਦਿਆਂ ਲਈ ਔਰਤ ਦਾ ਸੰਘਰਸ਼ ਅੱਜ ਵੀ ਮੁੱਕਿਆ ਨਹੀਂ ਹੈ। ਇਹ ਵੀ ਨਹੀਂ ਕਹਿ ਸਕਦੇ ਕਿ ਔਰਤ ਦੀ ਸਥਿਤੀ ਵਿੱਚ ਕੋਈ ਵੀ ਸੁਧਾਰ ਨਹੀਂ ਹੋਇਆ। ਸਿੱਖਿਆ, ਰੋਜ਼ਗਾਰ ਅਤੇ ਰਾਜਨੀਤੀ ਦੇ ਖੇਤਰਾਂ ਵਿੱਚ ਔਰਤਾਂ ਦੀ ਸਥਿਤੀ ਪਹਿਲਾਂ ਨਾਲੋਂ ਨਿੱਖਰੀ ਹੈ ਅਤੇ ਔਰਤਾਂ ਦੇ ਹੋ ਰਹੇ ਸ਼ੋਸ਼ਣ ਵਿੱਚ ਕਮੀ ਵੀ ਆਈ ਹੈ।

ਭਾਰਤੀ ਸੰਵਿਧਾਨ ਦੀ ਧਾਰਾ 14 ਦੇ ਤਹਿਤ ਔਰਤਾਂ ਸਮੇਤ ਭਾਰਤ ਦੇ ਸਾਰੇ ਨਾਗਰਿਕਾਂ ਨੂੰ ਬਰਾਬਰ ਦਾ ਦਰਜਾ ਦੇਣ ਦੀ ਗੱਲ ਆਖੀ ਗਈ ਹੈ। ਇਸ ਤੋਂ ਇਲਾਵਾ ਧਾਰਾ 15 ਸਰਕਾਰ ਨੂੰ ਔਰਤਾਂ ਲਈ ਵਿਸ਼ੇਸ਼ ਪ੍ਰਬੰਧ ਕਰਨ ਦਾ ਅਧਿਕਾਰ ਦਿੰਦੀ ਹੈ। ਔਰਤਾਂ ਧਾਰਮਿਕ, ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਅਜ਼ਾਦ ਹਨ। ਸੰਵਿਧਾਨ ਔਰਤਾਂ ਨੂੰ ਸ਼ੋਸ਼ਣ ਤੋਂ ਬਚਾਉਂਦਾ ਹੈ ਅਤੇ ਉਹਨਾਂ ਨੂੰ ਹਰ ਖੇਤਰ ਵਿੱਚ ਅੱਗੇ ਵਧਣ ਦੇ ਅਵਸਰ ਦਿੰਦਾ ਹੈ। ਹਿੰਦੂ ਮੈਰਿਜ ਐਕਟ 1955 ਔਰਤਾਂ ਨੂੰ ਤਲਾਕ ਅਤੇ ਦੁਬਾਰਾ ਵਿਆਹ ਕਰਵਾਉਣ ਦਾ ਅਧਿਕਾਰ ਦਿੰਦਾ ਹੈ ਅਤੇ ਨਾਲ ਹੀ ਬਾਲ-ਵਿਆਹ ਅਤੇ ਬਹੁ ਵਿਆਹ 'ਤੇ ਪਾਬੰਦੀ ਲਗਾਉਂਦਾ ਹੈ। ਹਿੰਦੂ ਉਤਰਾਧਿਕਾਰੀ ਐਕਟ 1956 ਔਰਤਾਂ ਨੂੰ ਮਾਤਾ-ਪਿਤਾ ਦੀ ਜਾਇਦਾਦ ਉੱਤੇ ਅਧਿਕਾਰ ਦਾ ਦਾਅਵਾ ਵੀ ਪ੍ਰਦਾਨ ਕਰਦਾ ਹੈ।

ਸੰਵਿਧਾਨ ਵੱਲੋਂ ਦਿੱਤੇ ਅਧਿਕਾਰਾਂ ਦੇ ਬਾਵਜੂਦ ਔਰਤਾਂ ਦਾ ਸ਼ੋਸ਼ਣ ਹੋ ਰਿਹਾ ਹੈ। ਜਾਂ ਤਾਂ ਔਰਤਾਂ ਇਹਨਾਂ ਅਧਿਕਾਰਾਂ ਪ੍ਰਤੀ ਸੁਚੇਤ ਨਹੀਂ ਹਨ ਜਾਂ ਆਪਣੇ ਅਧਿਕਾਰ ਵਰਤਣ ਲਈ ਉਹਨਾਂ ਨੂੰ ਰੋਕਿਆ ਜਾਂਦਾ ਹੈ। ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਅਧਿਕਾਰਾਂ ਪ੍ਰਤੀ ਜਾਗਰੂਕਤਾ ਦਾ ਪੱਧਰ ਚਾਰ ਪਹਿਲੂਆਂ 'ਤੇ ਨਿਰਭਰ ਕਰਦਾ ਹੈ-ਔਰਤਾਂ ਦਾ ਵਿਅਕਤੀਗਤ ਪਿਛੋਕੜ, ਔਰਤਾਂ ਦਾ ਸਮਾਜਿਕ ਮਾਹੌਲ, ਔਰਤਾਂ ਦਾ ਆਰਥਿਕ ਆਧਾਰ ਅਤੇ ਔਰਤਾਂ ਦੀ ਵਿਅਕਤੀਗਤ ਧਾਰਨਾ। ਇਸ ਤੋਂ ਇਲਾਵਾ ਇੱਕ ਪੱਖ ਇਹ ਵੀ ਹੈ ਕਿ ਜ਼ਿਆਦਾਤਰ ਔਰਤਾਂ ਆਪਣੇ ਪਰਵਾਰਕ ਜੀਵਨ ਵਿੱਚ ਖੁਸ਼ ਹਨ ਅਤੇ ਮਹੱਤਵਪੂਰਨ ਫੈਸਲੇ ਆਪਣੇ ਘਰ ਦੇ ਪੁਰਸ਼ਾਂ 'ਤੇ ਛੱਡ ਦਿੰਦੀਆਂ ਹਨ। ਉਹਨਾਂ ਨੇ ਆਪਣੇ-ਆਪ ਨੂੰ ਆਪਣੇ ਜੀਵਨ ਸਾਥੀ 'ਤੇ ਨਿਰਭਰ ਕਰ ਛੱਡਿਆ ਹੈ। ਸੋ ਸੰਵਿਧਾਨਕ ਅਧਿਕਾਰ ਮਿਲਣ ਦੇ ਬਾਵਜੂਦ ਉਹ ਪੂਰਨ ਆਜ਼ਾਦ ਨਹੀਂ ਹਨ। ਬਦਕਿਸਮਤੀ ਦੀ ਗੱਲ ਹੈ ਕਿ ਸਾਡੀ ਅਜ਼ਾਦੀ ਦੇ ਸ਼ੁਰੂਆਤੀ ਸਾਲਾਂ ਵਿੱਚ ਕੀਤਾ ਗਿਆ ਵਾਅਦਾ ਵੀ ਸਿਰਫ ਅੰਸ਼ਿਕ ਤੌਰ 'ਤੇ ਹੀ ਪੂਰਾ ਹੋਇਆ ਹੈ। ਅਜ਼ਾਦੀ ਦੇ ਲੱਗਭੱਗ 76 ਸਾਲਾਂ ਬਾਅਦ ਵੀ ਔਰਤ ਨੂੰ ਪੁਰਸ਼ ਦੇ ਬਰਾਬਰ ਦਾ ਰੁਤਬਾ ਹਾਸਲ ਨਹੀਂ ਹੋ ਸਕਿਆ। ਆਜ਼ਾਦੀ ਦੇ ਸੰਘਰਸ ਦੌਰਾਨ ਅਜਿਹੀਆਂ ਔਰਤਾਂ ਵੀ ਹੋਈਆਂ ਹਨ, ਜਿਨ੍ਹਾਂ ਨੇ ਸਿਰਫ ਧੀਆਂ, ਪਤਨੀਆਂ, ਮਾਵਾਂ ਅਤੇ ਭੈਣਾਂ ਦੇ ਰੂਪ ਵਿੱਚ ਜਿਉਣ ਦੇ ਨਾਲ-ਨਾਲ ਅਜਿਹੀਆਂ ਔਰਤਾਂ ਹੋਣਾ ਵੀ ਚੁਣਿਆ, ਜੋ ਇਹ ਸੋਚਣ ਲਈ ਨਹੀਂ ਰੁਕੀਆਂ ਕਿ ਦੁਨੀਆ ਕੀ ਕਹੇਗੀ ਜਾਂ ਉਹਨਾਂ ਨੇ ਕਿਸੇ ਮਨਜ਼ੂਰੀ ਦੀ ਉਡੀਕ ਨਹੀਂ ਕੀਤੀ, ਬਲਕਿ ਉਹ ਅੱਗੇ ਵਧੀਆ ਅਤੇ ਉਹਨਾਂ ਨੇ ਉਹ ਕੀਤਾ, ਜੋ ਇੱਕ ਜ਼ਿੰਮੇਵਾਰ ਨਾਗਰਿਕ ਅਤੇ ਚੇਤੰਨ ਵਿਅਕਤੀ ਨੂੰ ਕਰਨਾ ਚਾਹੀਦਾ ਸੀ, ਪਰ ਅਫਸੋਸ ਕਿ ਉਹ ਜ਼ਿਆਦਾਤਰ ਗਣਨਾਵਾਂ ਵਿੱਚ ਗੈਰਹਾਜ਼ਰ ਕਰ ਦਿੱਤੀਆਂ ਗਈਆਂ।

ਔਰਤਾਂ ਦੀ ਮਿਹਨਤ ਅਤੇ ਯੋਗਦਾਨ ਨੂੰ ਆਦਿ ਕਾਲ ਤੋਂ ਹੀ ਵਡਮੁੱਲਾ ਮੰਨਿਆ ਗਿਆ, ਪਰ ਉਹਨਾਂ ਦੀ ਕਦਰ ਕਦੇ ਨਹੀ ਕੀਤੀ ਗਈ।

ਭਾਰਤੀ ਪਰਵਾਰਾਂ 'ਤੇ ਵਿੱਤੀ ਦਬਾਅ ਲਗਾਤਾਰ ਵਧ ਰਿਹਾ ਹੈ। ਰਸੋਈ, ਬੱਚਿਆਂ ਦੀ ਪੜ੍ਹਾਈ, ਰਿਹਾਇਸ਼ੀ ਖਰਚੇ ਸਿਰ ਉਤੇ ਦੀ ਹੋ ਰਹੇ ਹਨ, ਜਿਸ ਦੇ ਸਿੱਟੇ ਵਜੋਂ ਔਰਤਾਂ ਜੋ ਪਹਿਲਾਂ ਘਰੇਲੂ ਕੰਮ ਕਰਨ ਤੱਕ ਸੀਮਿਤ ਸਨ, ਹੁਣ ਰੋਜ਼ਗਾਰ ਲਈ ਬਰਾਬਰ ਖੜ੍ਹੀਆਂ ਹਨ। ਕੰਮਕਾਜੀ ਔਰਤਾਂ ਨੂੰ ਕੰਮ ਵਾਲੇ ਸਥਾਨ 'ਤੇ ਵੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਦੀ ਸਭ ਤੋਂ ਵੱਡੀ ਚੁਣੌਤੀ ਉਹਨਾਂ ਦੇ ਕੰਮ ਵਾਲੀਆਂ ਥਾਵਾਂ 'ਤੇ ਉਹਨਾਂ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣਾ ਹੈ। ਦਿਹਾੜੀਦਾਰ ਖੇਤਰਾਂ 'ਚ ਔਰਤਾਂ ਨੂੰ ਪੁਰਸ਼ਾਂ ਤੋਂ ਘੱਟ ਮਿਹਨਤਾਨਾ ਮਿਲਦਾ ਹੈ। ਭਾਵੇਂ ਭਾਰਤ ਵਿੱਚ ਇੱਕ ਕਾਨੂੰਨ ਇਹ ਵੀ ਹੈ ਕਿ ਜੋ ਬਰਾਬਰ ਕੰਮ ਲਈ ਬਰਾਬਰ ਮਿਹਨਤਾਨੇ ਦੀ ਗਾਰੰਟੀ ਦਿੰਦਾ ਹੈ। ਔਰਤਾਂ ਨੇ ਇਸ ਤਰ੍ਹਾਂ ਦੀਆਂ ਨਾ-ਬਰਾਬਰੀਆਂ ਦਾ ਵਿਰੋਧ ਵੀ ਕੀਤਾ ਹੈ। 1960-70 ਵਿੱਚ ਔਰਤਾਂ ਦੀਆਂ ਸਰਗਰਮੀਆਂ ਨੇ ਕਾਫੀ ਜ਼ੋਰ ਫੜਿਆ ਸੀ, ਜਿਸ ਨੂੰ ਔਰਤ ਅੰਦੋਲਨ ਦੀ ਦੂਜੀ ਲਹਿਰ ਵਜੋਂ ਵੀ ਜਾਣਿਆ ਗਿਆ। ਛੋਟੇ-ਵੱਡੇ ਸੰਘਰਸ਼ਾਂ ਦੀ ਇੱਕ ਲੜੀ ਚੱਲੀ ਸੀ, ਜਿਵੇਂ ਸ਼ਰਾਬ ਵਿਰੋਧੀ ਸੰਘਰਸ਼, ਮਹਿੰਗਾਈ ਵਿਰੁੱਧ ਅੰਦੋਲਨ, ਨਵ-ਨਿਰਮਾਣ ਲਹਿਰ।

ਔਰਤ ਦੀ ਸਥਿਤੀ ਦਾ ਯੋਜਨਾਬੱਧ ਅਤੇ ਵਿਆਪਕ ਮੁੱਲਾਂਕਣ ਕਰਨ ਲਈ ਅੰਤਰ-ਰਾਸ਼ਟਰੀ ਕਾਨੂੰਨ ਵੀ ਬਣਾਇਆ ਗਿਆ। ਸਮਾਨਤਾ ਵੱਲ 1988 ਵਿੱਚ ਇਕ ਹੋਰ ਮਾਰਗ ਦਰਸ਼ਨ ਰਿਪੋਰਟ ਆਈ, ਜੋ ਕਿ ਭਾਰਤ ਵਿੱਚ ਗੈਰ ਰਸਮੀ ਜਾਂ ਗੈਰ ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਦਾ ਵਿਸਤ੍ਰਿਤ ਦਸਤਾਵੇਜ਼ ਸੀ। ਇਸ ਸਭ ਦੇ ਨਤੀਜੇ ਵਜੋਂ ਬਹੁਤ ਵੱਡੀ ਸਾਕਾਰਾਤਮਕ ਤਬਦੀਲੀ ਆਈ ਹੈ। ਪਿਛਲੇ ਦਸ ਸਾਲਾਂ ਵਿੱਚ ਔਰਤਾਂ ਦੀ ਸਾਖਰਤਾ ਵਿੱਚ ਕਈ ਫੀਸਦੀ ਦਾ ਵਾਧਾ ਹੋਇਆ। ਰਾਜਨੀਤਕ ਖੇਤਰ ਵਿੱਚ ਔਰਤਾਂ ਲਈ ਸੀਟਾਂ ਦੇ ਰਾਖਵੇਂਕਰਨ ਨਾਲ ਸਿਆਸੀ ਸਸ਼ਕਤੀਕਰਨ ਵੱਲ ਇੱਕ ਵੱਡਾ ਕਦਮ ਪੁੱਟਿਆ ਗਿਆ ਹੈ। ਮਹਿਲਾ ਵਿਕਾਸ ਪ੍ਰੋਗਰਾਮ, ਦਾਜ ਵਿਰੋਧੀ ਕਾਨੂੰਨਾਂ ਅਤੇ ਘਰੇਲੂ ਹਿੰਸਾ ਨਾਲ ਨਜਿੱਠਣ ਲਈ ਵਿਸ਼ੇਸ਼ ਉਪਾਵਾਂ ਨੇ ਔਰਤਾਂ ਦੀ ਸਥਿਤੀ ਨੂੰ ਬਹੁਤ ਉਭਾਰਿਆ ਹੈ।

ਸਿੱਖਿਆ, ਅਧਿਕਾਰਾਂ ਪ੍ਰਤੀ ਸੁਚੇਤ ਹੋਣਾ, ਅਪਰਾਧ ਵਿਰੁੱਧ ਆਪਣੀ ਆਵਾਜ਼ ਨੂੰ ਬੁਲੰਦ ਕਰਨ ਦੀ ਤਾਕਤ ਦਾ ਵਿਕਾਸ, ਸਵੈ ਨਿਰਭਰ ਬਣਨਾ ਕੁੱਝ ਅਜਿਹੇ ਪੱਖ ਹਨ, ਜੋ ਔਰਤਾਂ ਦੀਆਂ ਸਮੱਸਿਆਵਾਂ ਦਾ ਹੱਲ ਬਣ ਸਕਦੇ ਹਨ। ਇਸ ਤਰ੍ਹਾਂ ਉਹ ਆਪਣੇ ਤਣਾਅ ਮੁਕਤ ਅਤੇ ਸਿਹਤਮੰਦ ਜੀਵਨ ਦਾ ਆਨੰਦ ਮਾਣ ਸਕਦੀਆਂ ਹਨ।

*# ਸੰਪਰਕ : 94172-42369*

# ਮਨੀਪੁਰ ਹਿੰਸਾ : ਇਤਿਹਾਸ ਸਾਨੂੰ ਮੁਆਫ਼ ਨਹੀਂ ਕਰੇਗਾ



ਵਰਿੰਦਰ ਸਿੰਘ ਭੁੱਲਰ

ਘੱਟ ਗਿਣਤੀਆ ਨੂੰ ਸਬਕ ਸਿਖਾਉਣ ਦੀ ਸੱਤਾਧਾਰੀ ਧਿਰ ਜਿਹੜੀ ਚਾਲ ਚੱਲ ਰਹੀ ਹੈ, ਮਨੀਪੁਰ ਹਿੰਸਾ ਉਸੇ ਦਾ ਹੀ ਨਤੀਜਾ ਹੈ। ਘੱਟ ਗਿਣਤੀਆ ਨੂੰ ਸੁਰੱਖਿਆ ਦੇਣ ਦੀ ਬਜਾਇ ਬਾਹਰੀ/ਵਿਦੇਸ਼ੀ ਹੋਣ ਦਾ ਠੱਪਾ ਲਗਾ ਕੇ ਦੂਜੇ ਧਰਮ ਲਈ ਖਤਰਾ ਹੋਣ ਕਰਕੇ ਹਮੇਸ਼ਾ ਹੀ ਦੂਜੇ ਦਰਜੇ ਦੇ ਸ਼ਹਿਰੀ ਗਰਦਾਨਿਆ ਜਾਂਦਾ ਹੈ ਅਤੇ ਮਾਰਨ /ਭਜਾਉਣ ਦੀਆ ਗੱਲਾਂ ਸਰੇਆਮ ਸਟੇਜਾਂ ਤੋਂ ਕੀਤੀਆ ਜਾਂਦੀਆਂ ਹਨ।

ਮਨੀਪੁਰ ਮਈ ਮਹੀਨੇ ਤੋਂ ਹੀ ਸੜ ਰਿਹਾ ਹੈ। ਭਾਰਤੀ ਨੀਰੋ 80 ਦਿਨ ਬੰਸਰੀ ਵਜਾਉਂਦਾ ਰਿਹਾ। ਜਦ ਸਾਰੇ ਪਾਸਿਆਂ ਤੋਂ ਥੂ-ਥੂ ਹੋਣ ਲੱਗੀ ਤਾਂ ਬੰਸਰੀ ਮੂੰਹ ਨਾਲੋਂ 'ਲਾਹ ਕੇ ਪ੍ਰਧਾਨ ਸੇਵਕ ਜੀ ਬੋਲੇ, '140 ਕਰੋੜ ਦੇਸ਼ ਵਾਸੀ ਸ਼ਰਮਿੰਦਾ ਹਨ, ਅਜਿਹੀਆ ਘਟਨਾਵਾਂ ਦੇਸ਼ ਨੂੰ ਸ਼ਰਮਸਾਰ ਕਰਨ ਵਾਲੀਆਂ ਹਨ।' ਰਾਜਸਥਾਨ, ਛੱਤੀਸਗੜ੍ਹ ਅਤੇ ਮਨੀਪੁਰ 'ਚ ਅਜਿਹੀਆ ਖਤਰਨਾਕ/ਦਰਦਨਾਕ ਘਟਨਾਵਾਂ ਵਾਪਰ ਰਹੀਆਂ ਹਨ, ਜੋ ਕਿ ਬਹੁਤ ਹੀ ਸ਼ਰਮਨਾਕ ਕਾਰਾ ਹੈ। ਪੂਰੀ ਦੁਨੀਆ 'ਚ ਦੇਸ਼ ਦੀ ਸਾਖ ਨੂੰ ਖੋਰਾ ਲੱਗਾ ਹੈ। ਕੀ ਸਿਰਫ ਏਨਾ ਕਹਿ ਦੇਣ ਨਾਲ ਮਨੀਪੁਰ ਸੂਬੇ ਦੀਆ ਔਰਤਾਂ ਨਾਲ ਜੋ ਹੋਇਆ/ਬੀਤਿਆ ਹੈ, ਉਹ ਸਭ ਜ਼ਿਹਨ 'ਚੋਂ ਭੁਲਾ ਸਕਣਗੀਆ ? ਜ਼ਾਹਿਰ ਹੈ ਨਹੀਂ। ਕੀ ਵਾਕਿਆ ਹੀ 140 ਕਰੋੜ ਦੇਸ਼ ਵਾਸੀ ਇਸ ਅਸੰਵੇਦਨਸ਼ੀਲ ਘਟਨਾ (ਬਦਮਾਸ਼ ਕਿਸਮ ਦੇ ਲੋਕ ਔਰਤ ਨੂੰ ਘੇਰ ਕੇ ਕੱਪੜੇ ਲਾਹੁਣ ਲਈ ਮਜਬੂਰ ਕਰਨ ਅਤੇ ਦੂਜੇ ਭਾਈਚਾਰੇ ਨੂੰ ਨੀਵਾਂ ਦਿਖਾਉਣ ਲਈ ਨਗਨ ਹਾਲਤ 'ਚ ਸਾਰੇ ਪਿੰਡ 'ਚ ਘੁਮਾਉਣ ਅਤੇ ਵੀਡੀਓ ਬਣਾ ਕੇ ਸੋਸ਼ਲ ਮੀਡੀਆਂ 'ਤੇ ਵਾਇਰਲ ਕਰਨ) 'ਤੇ ਸ਼ਰਮਿੰਦਾ ਹਨ ? ਜ਼ਾਹਿਰ ਹੈ ਨਹੀਂ। ਸੱਤਾਧਾਰੀ ਪਾਰਟੀ ਅਤੇ ਪਾਰਟੀ ਦੇ ਹਮਾਇਤੀ, ਜੋ ਇਸ ਘਟਨਾ ਨੂੰ ਲੈ ਕੇ ਹੁਣ ਤੱਕ ਚੁੱਪ ਧਾਰੀ ਬੈਠੇ ਹਨ, ਸ਼ਰਮਸਾਰ ਹੋਣਗੇ ? ਅਤੇ ਓਹ ਨੇਤਾ ਜਿਹੜੇ ਸੰਸਦ ਅੰਦਰ ਜਵਾਬਦੇਹੀ ਤੋਂ ਭੱਜ ਰਹੇ ਹਨ। ਕੀ ਉਹ ਦੇਸ਼ ਵਾਸੀਆਂ ਦੀ ਗਿਣਤੀ 'ਚ ਆਉਂਦੇ ਹਨ? ਜੇ ਨਹੀਂ ਤਾ ਫਿਰ ਇਹਨਾਂ ਮਗਰਮੱਛੀ ਹੰਝੂਆਂ ਦਾ ਕੀ ਫ਼ਾਇਦਾ, ਜੇਕਰ ਪੀੜਤ ਔਰਤਾਂ ਨੂੰ ਇਨਸਾਫ ਦੀ ਆਸ ਹੀ ਨਹੀਂ ਹੈ।

ਇਸ ਘਟਨਾ ਨੇ ਹਰ ਸੰਵੇਦਨਸ਼ੀਲ ਅੱਖ ਨੂੰ ਰੋਣ ਲਈ ਮਜਬੂਰ ਕੀਤਾ ਹੈ। 3 ਮਈ ਤੋਂ ਜਾਰੀ ਹਿੰਸਾ ਦੀਆਂ ਘਟਨਾਵਾਂ ਇੰਟਰਨੈੱਟ ਸੇਵਾਵਾਂ ਬੰਦ ਹੋਣ ਕਾਰਨ ਹੁਣ ਸਾਡੇ ਤੱਕ ਪਹੁੰਚ ਰਹੀਆਂ ਹਨ। ਮਨੀਪੁਰ ਅਤੇ ਹਰ ਉਸ ਸੂਬੇ ਅੰਦਰ, ਜਿੱਥੇ ਕਿਤੇ ਵੀ ਲੋਕ ਮਨ੍ਹਾਂ ਅੰਦਰ ਇਕ ਦੂਜੇ ਪ੍ਰਤੀ ਨਫ਼ਰਤ ਦੀ ਰਾਜਨੀਤੀ ਰਾਹੀਂ ਜ਼ਹਿਰ ਭਰਿਆਂ ਜਾ ਰਿਹਾ ਹੈ, ਇੰਟਰਨੈੱਟ ਬੰਦ ਕਰਕੇ 'ਸਭ ਅੱਛਾ ਹੈ' ਹੋਣ ਦਾ ਭਰਮ ਸਿਰਜਿਆ ਜਾ ਰਿਹਾ ਹੈ। ਇਕ ਪਾਸੇ 'ਬੇਟੀ ਬਚਾਓ ਬੇਟੀ ਪੜ੍ਹਾਓ' ਦੇ ਨਾਅਰੇ ਅਖਬਾਰਾਂ, ਸੋਸ਼ਲ ਮੀਡੀਆ ਅਤੇ ਮਨ ਕੀ ਬਾਤ ਦੇ ਸ਼ਿੰਗਾਰ ਤਾਂ ਬਣ ਰਹੇ ਨੇ, ਪਰ ਔਰਤਾਂ ਦੀ ਸਥਿਤੀ ਸਾਰੇ ਸੂਬਿਆ 'ਚ ਇਸ ਨਾਅਰੇ ਦਾ ਮੂੰਹ ਚਿੜ੍ਹਾ ਰਹੀ ਹੈ। ਮਨੀਪੁਰ ਸੂਬੇ 'ਚ ਵਾਪਰੀ ਘਟਨਾ ਨੇ ਦੁਨੀਆ ਭਰ 'ਚ ਭਾਰਤੀ ਜਮਹੂਰੀਅਤ ਨੂੰ ਨੰਗੇ-ਚਿੱਟੇ ਰੂਪ 'ਚ ਪੇਸ਼ ਕੀਤਾ ਹੈ। ਦੇਸ਼ ਦੀ ਹਾਲਤ ਹਾਥੀ ਦੇ ਦੰਦਾਂ ਵਰਗੀ ਹੋਈ ਪਈ ਹੈ। ਅਸੀ ਭਾਰਤੀ ਲੋਕਤੰਤਰ ਦੀਆਂ ਟਾਹਰਾਂ ਮਾਰ ਰਹੇ ਦੁਨੀਆਂ ਭਰ ਵਿੱਚ, ਪਰ ਲੋਕ ਗਾਇਬ ਹਨ ਇਸ ਅਖੌਤੀ ਲੋਕਤੰਤਰ 'ਚੋਂ।

ਦੇਸ਼ 'ਚ ਭੀੜਤੰਤਰ ਦੀਆਂ ਘਟਨਾਵਾਂ ਆਏ ਦਿਨ ਵਧ ਰਹੀਆਂ ਹਨ। ਨਿਰਭੈਆ ਕਾਂਡ, ਹਾਥਰਸ ਕਾਂਡ,ਕਠੂਆ ਕਾਂਡ ਅਤੇ ਅਜਿਹੇ ਹੀ ਅਣਗਿਣਤ ਹੋਰ ਕਾਂਡ, ਜਿਹੜੇ ਸਮਾਜਕ ਬਦਨਾਮੀ ਦੇ ਡਰੋਂ ਅਤੇ ਰਸੂਖ਼ਵਾਨਾਂ ਦੀਆ ਧਮਕੀਆ ਦੇ ਡਰ ਕਾਰਨ ਸਾਹਮਣੇ ਨਹੀਂ ਆਉਂਦੇ, ਹੀ ਮਨੀਪੁਰ ਵਰਗੀਆ ਘਟਨਾਵਾਂ ਵਾਪਰਨ ਲਈ ਜ਼ਿੰਮੇਵਾਰ ਹਨ। ਬਿਲਕਿਸ ਬਾਨੋ ਦੇ ਅਪਰਾਧੀਆਂ ਨੂੰ ਦੇਵਤੇ ਬਣਾ ਕੇ ਪੇਸ਼ ਕੀਤਾ ਗਿਆ ਅਤੇ ਰਿਹਾਈ ਉਪਰੰਤ ਫੁੱਲਾਂ ਦੇ ਹਾਰ ਪਾ ਕੇ ਸਨਮਾਨਤ ਕੀਤਾ ਗਿਆ, ਕਿਉਂਕਿ ਉਹਨਾਂ ਦੂਜੇ ਭਾਈਚਾਰੇ ਨੂੰ ਨੀਵਾਂ ਦਿਖਾਉਣ ਖਾਤਰ ਅਤੇ ਆਪਣੀ ਮਰਦਾਊਂ ਹੈਂਕੜ ਨੂੰ ਪੱਠੇ ਪਾਉਣ ਖਾਤਰ ਔਰਤ ਦੀ ਇੱਜ਼ਤ ਨੂੰ ਤਾਰ-ਤਾਰ ਕੀਤਾ ਸੀ। ਅਜਿਹੇ ਕਾਰੇ/ਮੁਆਫ਼ੀਆਂ ਹੀ ਘੱਟ ਗਿਣਤੀਆ ਖ਼ਿਲਾਫ ਭੁਗਤਨ ਲਈ ਹੱਲਾਸ਼ੇਰੀ ਦਿੰਦੀਆਂ ਹਨ। ਜੇਕਰ ਸਮਾਂ ਰਹਿੰਦੇ ਹੀ ਇਹਨਾਂ ਸਾਰੀਆਂ ਘਟਨਾਵਾਂ ਦੇ ਦੋਸ਼ੀਆ ਨੂੰ ਸਖ਼ਤ ਸਜਾਵਾਂ ਦਿੱਤੀਆ ਜਾਂਦੀਆ ਤਾਂ ਅੱਜ ਮਨੀਪੁਰ ਵਰਗੀ ਘਟਨਾ ਨੂੰ ਅੰਜ਼ਾਮ ਦੇਣ ਤੋਂ ਪਹਿਲਾਂ ਦੋਸ਼ੀਆਂ ਨੇ ਸੌ ਵਾਰ ਸੋਚਣਾ ਸੀ ।

ਮਨੀਪੁਰ ਦੇ ਮੁੱਖ ਮੰਤਰੀ ਦਾ ਕਹਿਣਾ ਕਿ ਅਜਿਹੀਆਂ ਸੌ ਘਟਨਾਵਾਂ ਵਾਪਰ ਚੁਕੀਆ ਹਨ ਅਤੇ ਐੱਫ ਆਈ ਆਰ ਦਰਜ ਕੀਤੀਆਂ ਜਾ ਰਹੀਆਂ ਹਨ। ਇਸੇ ਲਈ ਅਸੀਂ ਇੰਟਰਨੈੱਟ ਬੰਦ ਕੀਤਾ ਹੈ। ਬਹੁਤ ਹੀ ਗ਼ੈਰ-ਜ਼ਿੰਮੇਵਾਰਾਨਾ ਅਤੇ ਗ਼ੈਰ-ਇਖ਼ਲਾਕੀ ਵਾਲਾ ਬਿਆਨ ਹੈ। ਕੀ ਇਹ ਵਹਿਸ਼ਤ ਦੇ ਨੰਗੇ ਨਾਚ ਨੂੰ ਹੁਲਾਰਾ ਦੇਣ ਵਾਲਾ ਨਹੀਂ ? ਕੀ ਜ਼ਿੰਮੇਵਾਰ ਅਹੁਦੇ 'ਤੇ ਬੈਠੇ ਵਿਅਕਤੀ ਨੂੰ ਅਜਿਹੇ ਬਿਆਨ ਦੇਣੇ ਚਾਹੀਦੇ ਹਨ ? ਬਲਕਿ ਸਪੱਸ਼ਟ ਰੂਪ 'ਚ ਨੈਤਿਕਤਾ ਦੇ ਆਧਾਰ 'ਤੇ ਆਪਣਾ ਅਸਤੀਫ਼ਾ ਦੇ ਦੇਣਾ ਚਾਹੀਦਾ ਸੀ, ਪਰ ਭਾਜਪਾ ਸਿਰਫ ਦੂਜਿਆ ਤੋਂ ਅਸਤੀਫ਼ੇ ਲੈਣਾ ਜਾਣਦੀ ਹੈ ।

ਦੋ ਭਾਈਚਾਰਿਆਂ ਮੈਤੇਈ ਅਤੇ ਕੁਕੀ ਵਿਚਕਾਰ ਸ਼ੁਰੂ ਹੋਈ ਹਿੰਸਾ ਕੋਈ ਧਾਰਮਕ ਦੰਗੇ/ਫ਼ਸਾਦ ਨਹੀਂ, ਸਗੋਂ ਸਾਡੇ ਨੇਤਾਵਾਂ ਦੀ ਵੋਟ ਬਟੋਰੂ ਨੀਤੀ ਅਤੇ ਕਾਰਪੋਰੇਟ ਮਿੱਤਰਾਂ/ਘਰਾਣਿਆਂ ਨੂੰ ਖ਼ੁਸ਼ ਕਰਨ ਅਤੇ ਮੁਨਾਫ਼ਿਆਂ 'ਚ ਇਜ਼ਾਫਾ ਕਰਨ ਦੀ ਨੀਤੀ ਦਾ ਹੀ ਨਤੀਜਾ ਹੈ। ਕਾਰਪੋਰੇਟ ਘਰਾਣਿਆਂ ਨੂੰ ਜਿਸ ਥਾਂ ਤੋਂ ਲਾਭ ਨਜ਼ਰੀਂ ਆਉਂਦਾ ਹੈ, ਆਪਣੀਆਂ ਕਠਪੁਤਲੀਆ ਨੂੰ ਹਰ ਕੀਮਤ 'ਤੇ ਉਸ ਥਾਂ ਨੂੰ ਆਪਣੇ ਅਧੀਨ ਕਰਨ ਦਾ ਹੁਕਮ ਦਿੰਦੇ ਹਨ। ਪੌਣੀ ਸਦੀ ਆਜ਼ਾਦੀ ਮਿਲੀ ਨੂੰ ਹੋ ਗਈ ਹੈ, ਅਸੀਂ ਅੱਜ ਤੱਕ ਹਰ ਨਾਗਰਿਕ ਲਈ ਲੁੱਟ ਰਹਿਤ ਸਮਾਜ ਨਹੀਂ ਸਿਰਜ ਸਕੇ। ਇਸੇ ਲੁੱਟ ਨੂੰ ਜਾਰੀ ਰੱਖਣ ਲਈ ਹੀ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀਆਂ ਘਟਨਾਵਾਂ ਵਾਪਰਦੀਆ ਹਨ। ਔਰਤ ਨੂੰ ਬਰਾਬਰੀ ਦਾ ਦਰਜਾ ਨਹੀਂ ਦੇ ਸਕੇ ਅਸੀਂ ਹੁਣ ਤੱਕ, ਪੈਰ ਦੀ ਜੁੱਤੀ ਅਤੇ ਦੂਜੇ ਦਰਜੇ ਦੀ ਸ਼ਹਿਰੀ ਸਮਝਿਆ ਜਾਂਦਾ ਹੈ। ਕੀ ਇਹ ਡਾ.ਭੀਮ ਰਾਓ ਅੰਬੇਦਕਰ ਦੁਆਰਾ ਸਿਰਜੇ ਸੰਵਿਧਾਨ ਦੀ ਮੂਲ ਭਾਵਨਾ ਦੀ ਖਿਲਾਫਤ ਨਹੀਂ ਹੈ? ਸੰਵਿਧਾਨ ਨੂੰ ਜਿਉਂਦਿਆਂ ਰੱਖਣ ਲਈ ਅੱਜ ਹਰ ਇਕ ਨੂੰ ਇਕੱਠੇ ਹੋ ਕੇ ਹੰਭਲਾ ਮਾਰਨ ਲਈ ਯਤਨਸ਼ੀਲ ਹੋਣਾ ਪਵੇਗਾ ਤਾਂ ਹੀ ਅਸੀਂ ਤਾਨਾਸ਼ਾਹੀ ਵੱਲ ਵਧ ਰਹੇ ਭਾਰਤ ਨੂੰ ਆਪਣੇ ਅਤੇ ਆਪਣੀਆਂ ਆਉਣ ਵਾਲੀਆ ਪੀੜ੍ਹੀਆ ਲਈ ਰਹਿਣ ਯੋਗ/ਲਾਇਕ ਬਣਾ ਸਕਾਂਗੇ, ਨਹੀਂ ਤਾਂ ਆਉਣ ਵਾਲਾ/ਅੱਜ ਲਿਖਿਆ ਜਾਣ ਵਾਲਾ ਇਤਿਹਾਸ ਸਾਨੂੰ ਮਾਫ਼ ਨਹੀਂ ਕਰੇਗਾ।

*# ਸੰਪਰਕ : 99148-03345*

# ਜੁਗਾੜੂ ਰੇਹੜੀ ਮਾਲਕਾਂ ਨੇ ਸਰਕਾਰ ਖਿਲਾਫ ਖੋਲ੍ਹਿਆ ਮੋਰਚਾ, ਕੀਤੀ ਨਾਅਰੇਬਾਜ਼ੀ



**ਤਪਾ ਮੰਡੀ (ਅਰੁਣ ਗੋਇਲ)**-ਤਾਜੋਕੇ ਰੋਡ ਸਥਿਤ ਅਨਾਜ ਮੰਡੀ 'ਚ ਇਕੱਠੇ ਹੋਏ ਬਾਬਾ ਇੰਦਰ ਦਾਸ ਰੇਹੜੀ ਯੂਨੀਅਨ ਤਪਾ ਇਲਾਕੇ ਦੇ ਜੁਗਾੜੂ ਰੇਹੜੀ ਮਾਲਕਾਂ ਨੇ ਅਪਣੀਆਂ ਹੱਕੀ ਮੰਗਾਂ ਲਈ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਮੌਕੇ ਪੁੱਜੇ ਜੁਗਾੜੂ ਰੇਹੜੀ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਜਰਨੈਲ ਸਿੰਘ ਮਾਨਸਾ, ਪ੍ਰਧਾਨ ਗੁਰਜੰਟ ਸਿੰਘ ਤਪਾ, ਮੁਕਤੀ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਨਾਨਕ ਸਿੰਘ ਤੇ ਸੂਰਜ ਭਾਨ ਮੀਤ ਪ੍ਰਧਾਨ ਨੇ ਦੱਸਿਆ ਕਿ ਸੂਬਾ ਸਰਕਾਰ ਜੁਗਾੜੂ ਰੇਹੜੀ ਮਾਲਕਾਂ ਨਾਲ ਧੱਕਾ ਕਰਕੇ ਬੰਦ ਕਰਵਾਉਣ 'ਤੇ ਤੁਲੀ ਹੋਈ ਹੈ, ਜਦੋਂ ਕਿ ਭਗਵੰਤ ਮਾਨ ਨੇ ਵਿਧਾਨ ਸਭਾ ਚੋਣਾਂ ਸਮੇਂ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਮਾਣ ਸਨਮਾਨ ਦੇਣ ਦਾ ਵਾਅਦਾ ਕੀਤਾ ਸੀ ਅਤੇ ਜੁਗਾੜੂ ਰੇਹੜੀ ਵਾਲਿਆਂ ਨੇ ਵੀ ਡੱਟ ਕੇ ਆਪ ਦਾ ਸਾਥ ਦਿੱਤਾ ਤੇ ਸੂਬੇ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ। ਸੂਬੇ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਪ੍ਰਸ਼ਾਸਨ ਜੁਗਾੜੂ ਰੇਹੜੀ ਵਾਲਿਆਂ ਦੇ ਚਲਾਨ ਕੱਟਣ ਤੇ ਸਰਕਾਰ ਰੇਹੜੀ ਵਾਲਿਆਂ ਨਾਲ ਧੱਕਾ ਕਰਨ ਲੱਗ ਪਈ।

ਉਨ੍ਹਾਂ ਦੱਸਿਆ ਕਿ ਉਹ ਸਵੇਰ ਤੋਂ ਲੈ ਕੇ ਸ਼ਾਮ ਤੱਕ ਰੇਹੜੀ ਨਾਲ ਅਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰਦੇ ਹਨ, ਜੇਕਰ ਸਰਕਾਰ ਨੇ ਜੁਗਾੜੂ ਰੇਹੜੀਆਂ ਬੰਦ ਕਰਵਾਉਣੀਆਂ ਹਨ ਤਾਂ ਉਨ੍ਹਾਂ ਨੂੰ ਸਰਕਾਰੀ ਨੌਕਰੀ ਦੇਵੇ, ਜਿਸ ਨਾਲ ਉਹ ਅਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰ ਸਕਣ। ਸਰਕਾਰ ਨੇ ਜੇਕਰ ਉਨ੍ਹਾਂ ਨਾਲ ਧੱਕਾ ਕੀਤਾ ਤਾਂ ਉਹ ਸੰਘਰਸ਼ ਨੂੰ ਤੇਜ਼ ਕਰ ਦੇਣਗੇ, ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਹਾਜ਼ਰ ਭੂਰਾ ਖਾਂ, ਗੁਰਪਾਲ ਸਿੰਘ, ਰਮੇਸ਼ ਕੁਮਾਰ, ਬੰਤ ਸਿੰਘ, ਅਜੀਤ ਸਿੰਘ, ਕ੍ਰਿਸ਼ਨ ਰਾਮ, ਮਨੋਜ ਕੁਮਾਰ, ਗੁਰਤੇਜ ਤਾਜੋਕੇ, ਤਾਰਾ ਸਿੰਘ ਪੱਖੋ ਕਲਾਂ, ਹਰਭਜਨ ਸਿੰਘ ਦਰਾਜ, ਹੈਪੀ ਘੁੰਨਸ, ਜਸਵੀਰ ਸਿੰਘ ਤਪਾ, ਜਗਸੀਰ ਸਿੰਘ, ਗਿਆਨੀ ਮੱਘਰ ਸਿੰਘ ਢਿੱਲਵਾਂ, ਅਮਨਜੋਤ ਸਿੰਘ, ਜੈਮਲ ਸਿੰਘ ਵਾਲਾ, ਬੱਗਾ ਸਿੰਘ ਢਿੱਲਵਾਂ, ਵੀਰਾਂ ਸਿੰਘ, ਸੀਰਾ ਸਿੰਘ, ਮਿੱਠੂ ਰਾਮ, ਮੇਵਾ ਸਿੰਘ ਜਿਉਂਦ, ਬੰਟੀ ਸਿੰਘ, ਤਾਰਾ ਸਿੰਘ ਜੇਠੂਕੇ, ਡੀ ਸੀ ਰਾਮ, ਗੋਗੀ ਰਾਮ ਸਮੇਤ ਵੱਡੀ ਗਿਣਤੀ ਰੇਹੜੀ ਚਾਲਕਾਂ ਨੇ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ।

# ਦੇਸ਼ ਵਿਆਪੀ 'ਕਾਰਪੋਰੇਟ ਭਾਰਤ ਛੱਡੋ' ਦੇ ਤਹਿਤ ਜਥੇਬੰਦੀਆਂ ਵੱਲੋਂ ਰੈਲੀ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**
9 ਅਗਸਤ 1942 ਦੇ ਇਤਿਹਾਸਕ 'ਬਰਤਾਨਵੀ ਸਾਮਰਾਜੀਓ, ਭਾਰਤ ਛੱਡੋ' ਅੰਦੋਲਨ ਦੀ ਯਾਦ ਵਿੱਚ 10 ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਫਰੀਦਕੋਟ ਦੀਆਂ ਸੰਘਰਸ਼ਸ਼ੀਲ ਮੁਲਾਜ਼ਮ, ਮਜ਼ਦੂਰ, ਕਿਸਾਨ ਜਥੇਬੰਦੀਆਂ ਨੇ ਸਥਾਨਕ ਮਿੰਨੀ ਸਕੱਤਰੇਤ ਵਿਖੇ ਰੈਲੀ ਕਰਕੇ ਮੋਦੀ ਸਰਕਾਰ ਦੀਆਂ ਦੇਸ਼ ਦੇ ਜਨਤਕ ਅਦਾਰਿਆਂ ਦੀ ਅਰਬਾਂ ਰੁਪਏ ਦੀ ਜਾਇਦਾਦ ਨਿੱਜੀਕਰਨ ਦੇ ਨਾਂ 'ਤੇ ਆਪਣੇ ਮਿੱਤਰ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ। ਰੈਲੀ ਨੂੰ ਕਾਮਰੇਡ ਅਪਾਰ ਸਿੰਘ ਸੰਧੂ, ਅਸ਼ੋਕ ਕੌਸ਼ਲ, ਗੁਰਨਾਮ ਸਿੰਘ ਮਾਨੀ ਵਾਲਾ, ਨੌਨਿਹਾਲ ਸਿੰਘ, ਆਂਗਣਵਾੜੀ ਮੁਲਾਜ਼ਮ ਆਗੂ ਤੋਂ ਇਲਾਵਾ ਘੱਟ ਗਿਣਤੀ ਭਾਈਚਾਰੇ ਮੁਸਲਿਮ ਤੇ ਇਸਾਈ ਆਗੂਆਂ ਨੇ ਸੰਬੋਧਨ ਕਰਦੇ ਹੋਏ ਮਨੀਪੁਰ ਤੇ ਹਰਿਆਣੇ ਵਿੱਚ ਹਾਕਮ ਭਾਜਪਾ ਦੀ ਸ਼ਹਿ 'ਤੇ ਹੋਈ ਫਿਰਕੂ ਹਿੰਸਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਬੁਲਾਰਿਆਂ ਨੇ ਕਿਹਾ ਕਿ 3 ਮਈ ਤੋਂ ਮਨੀਪੁਰ ਫਿਰਕੂ ਹਿੰਸਾ ਦੀ ਅੱਗ ਵਿੱਚ ਸੜ ਰਿਹਾ ਹੈ, ਸਰਕਾਰੀ ਅਸਲੇਖਾਨੇ ਲੁੱਟੇ ਗਏ, 200 ਬੇਗੁਨਾਹ ਨਾਗਰਿਕ ਮਾਰੇ ਗਏ, ਸੈਂਕੜੇ ਜ਼ਖ਼ਮੀ ਹੋਏ, 5000 ਘਰ ਸਾੜ ਦਿੱਤੇ ਗਏ, 50,000 ਲੋਕ ਘਰੋਂ ਉੱਜੜ ਕੇ ਸ਼ਰਨਾਰਥੀ ਕੈਂਪਾਂ ਵਿੱਚ ਪਹੁੰਚਣ ਲਈ ਮਜਬੂਰ ਹੋਏ, ਔਰਤਾਂ ਨੂੰ ਨਿਰਵਸਤਰ ਕਰਕੇ ਘੁਮਾਉਣ ਦੀ ਵੀਡੀਓ ਨੇ ਸਾਰੇ ਸੰਸਾਰ ਅੱਗੇ ਭਾਰਤ ਦਾ ਸਿਰ ਸ਼ਰਮ ਨਾਲ ਝੁਕਾ ਦਿੱਤਾ, ਪਰ ਐਨਾ ਕੁਝ ਹੋ ਜਾਣ ਦੇ ਬਾਵਜੂਦ ਨਾ ਪ੍ਰਧਾਨ ਮੰਤਰੀ ਨੇ ਮੂੰਹ ਖੋਲ੍ਹਿਆ ਤੇ ਨਾ ਹੀ ਮਨੀਪੁਰ ਦੇ ਨਿਕੰਮੇ ਮੁੱਖ ਮੰਤਰੀ ਨੂੰ ਚੱਲਦਾ ਕੀਤਾ ਗਿਆ। ਬੁਲਾਰਿਆਂ ਨੇ ਕਿਹਾ ਕਿ ਮੋਦੀ ਸਰਕਾਰ ਦੇਸ਼ ਦੇ ਲੋਕਾਂ ਦੀਆਂ ਅਸਲੀ ਸਮੱਸਿਆਵਾਂ ਗਰੀਬੀ, ਮਹਿੰਗਾਈ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਖਤਮ ਕਰਨ ਵਿੱਚ ਅਸਫ਼ਲ ਸਾਬਿਤ ਹੋਈ ਹੈ ਅਤੇ ਇਨ੍ਹਾਂ ਮਸਲਿਆਂ ਤੋਂ ਧਿਆਨ ਭਟਕਾਉਣ ਦੀ ਨੀਤੀ ਤਹਿਤ ਫਿਰਕੂ ਨਫ਼ਰਤ ਫੈਲਾਉਣ ਤੇ ਵੋਟਰਾਂ ਦਾ ਫਿਰਕੂ ਧਰੁਵੀਕਰਨ ਕਰਨ 'ਤੇ ਲੱਗੀ ਹੋਈ ਹੈ। ਆਗੂਆਂ ਨੇ ਦੇਸ਼ ਵਾਸੀਆਂ ਨੂੰ ਭਾਈਚਾਰਕ ਸਾਂਝ ਦੀ ਰਾਖੀ ਕਰਨ ਤੇ ਫੁੱਟ ਪਾਊ ਤਾਕਤਾਂ ਦਾ ਮਿਲ ਕੇ ਮੁਕਾਬਲਾ ਕਰਨ ਦੀ ਅਪੀਲ ਕੀਤੀ। ਰਾਸ਼ਟਰਪਤੀ ਦੇ ਨਾਂ ਇੱਕ ਮੰਗ ਪੱਤਰ ਦਿੱਤਾ ਗਿਆ, ਜੋ ਡੀ ਐੱਸ ਪੀ ਨੇ ਰੈਲੀ ਵਿੱਚ ਪਹੁੰਚ ਕੇ ਪ੍ਰਾਪਤ ਕੀਤਾ। ਮੁਜ਼ਾਹਰਾ ਮਿੰਨੀ ਸਕੱਤਰੇਤ ਤੋਂ ਸ਼ੁਰੂ ਹੋ ਕੇ ਭਾਈ ਕਨ੍ਹੱਈਆ ਚੌਕ ਪੁੱਜਿਆ, ਜਿੱਥੇ 'ਮੋਦੀ ਸਰਕਾਰ ਨੂੰ ਚਲਦਾ ਕਰੋ', 'ਫਿਰਕਾਪ੍ਰਸਤੀ ਭਾਰਤ ਛੋੜੋ' ਆਦਿ ਨਾਹਰੇ ਲਗਾਏ ਗਏ। ਇਸ ਮੌਕੇ ਰੈਲੀ ਨੂੰ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ, ਸੀ ਪੀ ਐੱਮ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਅਪਾਰ ਸਿੰਘ ਸੰਧੂ, ਕਿਸਾਨ ਆਗੂ ਭੁਪਿੰਦਰ ਸਿੰਘ ਤੇ ਹਰਪਾਲ ਸਿੰਘ ਮਚਾਕੀ, ਖੇਤ ਮਜ਼ਦੂਰ ਯੂਨੀਅਨ ਦੇ ਠਾਕੁਰ ਸਿੰਘ, ਖੇਤ ਮਜ਼ਦੂਰ ਸਭਾ ਦੇ ਕਾਮਰੇਡ ਗੁਰਨਾਮ ਸਿੰਘ, ਸੀਟੂ ਆਗੂ ਇੰਦਰਜੀਤ ਸਿੰਘ ਤੇ ਸਿਕੰਦਰ ਸਿੰਘ, ਪੰਜਾਬ ਪੈਨਸ਼ਨਰਜ਼ ਯੂਨੀਅਨ ਏਟਕ ਦੇ ਕੁਲਵੰਤ ਸਿੰਘ ਚਾਨੀ, ਆਂਗਣਵਾੜੀ ਮੁਲਾਜ਼ਮ ਆਗੂ ਹਰਪਾਲ ਕੌਰ ਤੇ ਵੀਰਪਾਲ ਕੌਰ, ਨੌਜਵਾਨ ਭਾਰਤ ਸਭਾ ਦੇ ਨੌਨਿਹਾਲ ਸਿੰਘ, ਕ੍ਰਿਸ਼ਚੀਅਨ ਫੈਡਰੇਸ਼ਨ ਦੇ ਪ੍ਰਧਾਨ ਸੇਵਕ ਸਿੱਧੂ ਤੇ ਪਾਸਟਰ ਸੈਮੂਅਲ ਮਸੀਹ, ਆਲ ਇੰਡੀਆ ਉਲਮਾ ਮਸ਼ਾਇਖ ਬੋਰਡ ਪੰਜਾਬ ਦੇ ਬੁਲਾਰੇ ਬਰਕਤ ਅਲੀ ਤੇ ਅਮਜ਼ਦ ਖਾਨ ਅਤੇ ਬਸਪਾ ਦੇ ਪ੍ਰਧਾਨ ਗੁਰਬਖਸ਼ ਸਿੰਘ ਚੌਹਾਨ ਨੇ ਸੰਬੋਧਨ ਕੀਤਾ। ਇਸ ਮੌਕੇ ਪੈਨਸ਼ਨਰ ਆਗੂ ਕੁਲਵੰਤ ਸਿੰਘ ਚਾਨੀ, ਸੋਮ ਨਾਥ ਅਰੋੜਾ, ਅਸ਼ਵਨੀ ਕੁਮਾਰ, ਕਾਮਰੇਡ ਇੰਦਰਜੀਤ, ਰਮੇਸ਼ ਕੌਸ਼ਲ, ਚਰਨਜੀਤ ਚੰਮੇਲੀ ਵੀ ਹਾਜ਼ਰ ਸਨ।

# ਨੇਤਾਵਾਂ ਦੀ ਕੁਰਸੀ ਲਾਲਸਾ ਕਾਰਨ ਰੰਗਲਾ ਪੰਜਾਬ ਨਸ਼ਿਆਂ ਦੀ ਦਲਦਲ 'ਚ ਡੁੱਬਿਆ : ਸਮਾਓਂ

## ਪਾਰਲੀਮਾਨੀ ਸਟੈਂਡਿੰਗ ਕਮੇਟੀ ਦੀ ਨਸ਼ਿਆਂ ਸੰਬੰਧੀ ਰਿਪੋਰਟ ਭਵਿੱਖੀ ਖਤਰੇ ਦਾ ਸੰਕੇਤ



**ਮਾਨਸਾ (ਪਮਾਰ)**-ਸੂਬੇ ਅੰਦਰ ਬਦਲ ਬਦਲ ਕੇ ਰਾਜ ਕਰਨ ਵਾਲੇ ਰਾਜਸੀ ਨੇਤਾਵਾਂ ਵੱਲੋਂ ਕੁਰਸੀ ਦੀ ਲਾਲਸੀ ਹਵਸ਼ ਕਾਰਨ ਰੰਗਲੇ ਪੰਜਾਬ ਨੂੰ ਨਸ਼ਿਆਂ ਦੀ ਦਲਦਲ ਵਿੱਚ ਡੋਬਣ ਤੋਂ ਵੀ ਗੁਰੇਜ਼ ਨਹੀਂ ਕੀਤਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪਿੰਡ ਰੱਲਾ ਵਿਖੇ ਮਜ਼ਦੂਰ ਮੀਟਿੰਗ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓਂ ਨੇ ਕੀਤਾ। ਉਨ੍ਹਾ ਕਿਹਾ ਕਿ ਚੋਣਾਂ ਤੋਂ ਪਹਿਲਾਂ ਲੋਕ ਪੱਖੀ ਬਦਲਾਅ ਲਿਆਉਣ ਦੀ ਗੱਲ ਕਰਨ ਵਾਲਾ ਮੁੱਖ ਮੰਤਰੀ ਮਾਨ ਤਾਂ ਸਭ ਤੋਂ ਵੱਡਾ ਚੁਟਕਲੇਬਾਜ ਤੇ ਡਰਾਮੇਬਾਜ ਹੀ ਨਿਕਲਿਆ। ਉਨ੍ਹਾਂ ਕਿਹਾ ਕਿ ਪਾਰਲੀਮੈਂਟ ਵਿੱਚ ਨਸ਼ਿਆਂ ਦੇ ਪੇਸ਼ ਕੀਤੇ ਤੱਥਾਂ ਨੇ ਸਾਬਿਤ ਕਰ ਦਿੱਤਾ ਹੈ ਕਿ ਸਿਆਸੀ ਲੀਡਰਾਂ, ਅਫਸਰਸ਼ਾਹੀ ਤੇ ਸਮੱਗਲਰਾਂ ਨੇ ਮਿਲ ਕੇ ਨਸ਼ਿਆਂ ਦਾ ਕਾਲਾ ਕਾਰੋਬਾਰ ਕੀਤਾ ਹੈ। ਉਨ੍ਹਾ ਕਿਹਾ ਕਿ ਪਾਰਲੀਮਾਨੀ ਸਟੈਂਡ ਕਮੇਟੀ ਦੀ ਰਿਪੋਰਟ ਦਿਲ ਦਹਿਲਾਉਣ ਵਾਲੀ ਤੇ ਪੰਜਾਬ ਦੀ ਜਵਾਨੀ ਦੇ ਭਵਿੱਖ ਲਈ ਖਤਰੇ ਦੀ ਘੰਟੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਖਿਲਾਫ ਪਿੰਡ-ਪਿੰਡ ਲੋਕ ਲਹਿਰ ਉੱਠ ਰਹੀ ਹੈ, ਜੋ ਸਵਾਗਤਯੋਗ ਹੈ, ਪਰ ਕੁੱਝ ਧਨਾਢ ਲੋਕ ਨਸ਼ਾ ਵਿਰੋਧੀ ਮੁਹਿੰਮ ਦੇ ਨਾਂ ਹੇਠ ਦਲਿਤਾਂ, ਗਰੀਬਾਂ ਉਪਰ ਗੁੰਡਾਗਰਦੀ ਕਰ ਰਹੇ ਹਨ, ਜੋ ਨਸ਼ਾ ਵਿਰੋਧੀ ਮੁਹਿੰਮ ਨੂੰ ਨੁਕਸਾਨ ਪਹੁੰਚਾਉਣ ਦਾ ਕੰਮ ਕਰ ਸਕਦੀ ਹੈ। ਮਜ਼ਦੂਰ ਆਗੂ ਨੇ ਕਿਹਾ ਕਿ ਪਿੰਡ ਚ ਬਣ ਰਹੀਆਂ ਨਸ਼ਾ ਵਿਰੋਧੀ ਕਮੇਟੀਆਂ ਨੂੰ ਪੰਚਾਇਤੀ, ਵਿਧਾਨ ਸਭਾ, ਪਾਰਲੀਮੈਂਟ ਚੋਣਾਂ 'ਚ ਸ਼ਰਾਬ ਵੰਡਣ ਵਾਲੀਆਂ ਪਾਰਟੀਆਂ ਦੇ ਲੀਡਰਾਂ ਦਾ ਪਿੰਡਾਂ ਵਿੱਚ ਬਾਈਕਾਟ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਜ਼ਦੂਰ ਮੋਰਚਾ ਰਿਜ਼ਰਵੇਸ਼ਨ ਚੋਰਾਂ ਤੇ ਨਸ਼ਾ ਤਸਕਰਾਂ ਖਿਲਾਫ ਦਲਿਤਾਂ, ਮਜ਼ਦੂਰਾਂ ਦੀ ਲਾਮਬੰਦੀ ਕਰਦਾ ਰਹੇਗਾ। ਉਨ੍ਹਾਂ ਮਾਨ ਸਰਕਾਰ ਤੋਂ ਮੰਗ ਕੀਤੀ ਕਿ ਨਸ਼ੇ ਦੀ ਬਿਮਾਰੀ ਵਿੱਚ ਘਿਰੇ ਨੌਜਵਾਨਾਂ ਦਾ ਸਰਕਾਰੀ ਖਰਚੇ 'ਤੇ ਇਲਾਜ ਕੀਤਾ ਜਾਵੇ, ਇਲਾਜ ਦੌਰਾਨ ਨੌਜਵਾਨਾਂ ਨੂੰ ਪੂਰੀ ਖੁਰਾਕ ਦਿੱਤੀ ਜਾਵੇ ਤੇ ਰੁਜ਼ਗਾਰ ਦਾ ਪ੍ਰਬੰਧ ਵੀ ਕੀਤਾ ਜਾਵੇ। ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੀ ਜ਼ਿਲ੍ਹਾ ਮੀਤ ਪ੍ਰਧਾਨ ਮਨਜੀਤ ਕੌਰ ਜੋਗਾ, ਬਲਾਕ ਪ੍ਰਧਾਨ ਭੋਲਾ ਸਿੰਘ ਝੱਬਰ, ਕਾਲਾ ਸਿੰਘ ਉੱਭਾ, ਜਰਨੈਲ ਸਿੰਘ ਰੱਲਾ, ਜੱਗਾ ਸਿੰਘ, ਬੱਲਾਂ ਸਿੰਘ ਰੱਲਾ, ਬਲਾਕ ਸੰਮਤੀ ਮੈਂਬਰ ਮਲਕੀਤ ਕੌਰ ਰੱਲਾ ਮੌਜੂਦ ਸਨ।

## ਕਾਤਰਾਂ

### ਫ਼ਰਜ਼ੀ ਕੁਰਸੀਨਾਮਾ ਤਿਆਰ ਕਰਕੇ ਜ਼ਮੀਨ ਨਾਂਅ ਕਰਾਉਣ ਦੇ ਦੋਸ਼

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਫ਼ਰਜ਼ੀ ਕੁਰਸੀਨਾਮੇ ਰਾਹੀਂ ਮ੍ਰਿਤਕ ਵਿਅਕਤੀ ਦੀ ਜ਼ਮੀਨ ਨਾਂਅ ਲਵਾਉਣ ਦੇ ਦੋਸ਼ਾਂ ਤਹਿਤ ਅੱਠ ਵਿਅਕਤੀਆਂ ਵਿਰੁੱਧ ਥਾਣਾ ਸਰਹਿੰਦ ਦੀ ਪੁਲਿਸ ਵੱਲੋਂ ਅ/ਧ 420, 467, 468, 471, 120-ਬੀ ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਜ਼ਿਲ੍ਹਾ ਪੁਲਸ ਮੁਖੀ ਨੂੰ ਦਿੱਤੀ ਸ਼ਿਕਾਇਤ 'ਚ ਹਰਦੀਪ ਕੌਰ ਵਾਸੀ ਪਿੰਡ ਤਸੌਲੀ (ਮੋਹਾਲੀ) ਨੇ ਦੱਸਿਆ ਸੀ ਕਿ ਉਸਦੇ ਪਤੀ ਗੁਰਧਿਆਨ ਸਿੰਘ ਦੀ ਸਾਲ 2018 'ਚ ਮੌਤ ਹੋ ਗਈ ਸੀ, ਜਿਸਦੇ ਦੋ ਬੱਚੇ ਹਨ। ਸ਼ਿਕਾਇਤਕਰਤਾ ਨੇ ਦੋਸ਼ ਲਾਏ ਸਨ ਕਿ ਹਰਮੀਤ ਸਿੰਘ ਗੁਰਮੀਤ ਸਿੰਘ, ਗੁਰਦੀਪ ਸਿੰਘ, ਜਗਦੀਪ ਸਿੰਘ, ਗੁਰਸੇਵਕ ਸਿੰਘ, ਨਿਰਮਲ ਸਿੰਘ, ਬਲਜੀਤ ਸਿੰਘ ਵਾਸੀਆਨ ਪਿੰਡ ਅਲੂਣਾ (ਪਟਿਆਲਾ) ਨੇ ਹਰਮੀਤ ਸਿੰਘ ਵਾਸੀ ਪਿੰਡ ਸੈਦਪੁਰਾ ਤੇ ਭੁਪਿੰਦਰ ਸਿੰਘ ਵਾਸੀ ਪਿੰਡ ਕੋਟਲਾ ਸੁਲੇਮਾਨ ਨਾਲ ਮਿਲ ਕੇ ਸਾਜ਼ਿਸ਼ ਰਚਦੇ ਹੋਏ ਕੁਰਸੀਨਾਮਾ ਤਿਆਰ ਕੀਤਾ, ਜਿਸ ਵਿੱਚ ਉਸ ਨੂੰ ਅਤੇ ਉਸਦੇ ਬੱਚਿਆਂ ਦਿਖਾਇਆ ਹੀ ਨਹੀਂ ਗਿਆ ਤੇ ਜ਼ਮੀਨ ਦੀ ਮਲਕੀਅਤ ਨਾਂਅ ਕਰਾ ਲਈ ਗਈ। ਦੋਸ਼ਾਂ ਦੀ ਪੜਤਾਲ ਕਰਨ ਉਪਰੰਤ ਉਪਰੋਕਤ ਵਿਅਕਤੀਆਂ ਵਿਰੁੱਧ ਮੁਕੱਦਮਾ ਕਰਕੇ ਨਬੀਪੁਰ ਪੁਲਿਸ ਚੌਕੀ ਦੇ ਇੰਚਾਰਜ ਥਾਣੇਦਾਰ ਸੰਜੀਵ ਕੁਮਾਰ ਵੱਲੋਂ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

### ਕਹਾਣੀ ਪਾਠ ਭਲਕੇ

**ਭੀਖੀ (ਧਰਮਵੀਰ ਸ਼ਰਮਾ)**-ਨਵਯੁਗ ਸਾਹਿਤ ਕਲਾ ਮੰਚ ਭੀਖੀ ਵੱਲੋਂ ਆਪਣੇ ਸਾਹਿਤਕ ਸਮਾਗਮਾਂ ਦੀ ਲੜੀ ਅੱਗੇ ਤੋਰਦਿਆਂ 'ਕਹਾਣੀ ਪਾਠ' ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬ੍ਰੇਰੀ ਵਿਖੇ 12 ਅਗਸਤ ਨੂੰ ਕਰਾਇਆ ਜਾ ਰਿਹਾ ਹੈ। ਮੰਚ ਦੇ ਪ੍ਰਧਾਨ ਭੁਪਿੰਦਰ ਫੌਜੀ ਤੇ ਸਕੱਤਰ ਅਮਰੀਕ ਸਿੰਘ ਨੇ ਦੱਸਿਆ ਕਿ ਕਹਾਣੀ ਪਾਠ ਸਮਾਗਮ ਦੌਰਾਨ ਅਮਰਜੀਤ ਸਿੰਘ ਮਾਨ ਬਠਿੰਡਾ, ਸਿਮਰਜੀਤ ਬਰਾੜ ਸਿੰਮੀ ਮੁਕਤਸਰ ਸਾਹਿਬ ਤੇ ਹਰੀਸ਼ ਬਰਨਾਲਾ ਆਪਣੀਆਂ ਕਹਾਣੀਆਂ ਪੜ੍ਹਨਗੇ, ਜਿਸ ਉਪਰੰਤ ਇਨ੍ਹਾਂ ਕਹਾਣੀਆਂ 'ਤੇ ਚਰਚਾ ਕੀਤੀ ਜਾਵੇਗੀ। ਸਮਾਗਮ ਦੀ ਪ੍ਰਧਾਨਗੀ ਉੱਘੇ ਕਹਾਣੀਕਾਰ ਗੁਰਮੀਤ ਕੜਿਆਲਵੀ ਕਰਨਗੇ, ਜਦਕਿ ਡਾ. ਗੁਰਪ੍ਰੀਤ ਕੌਰ, ਨਿਰੰਜਣ ਬੋਹਾ ਤੇ ਜਸਵੀਰ ਕਲਸੀ ਕਹਾਣੀਆਂ ਦੀ ਸਮੀਖਿਆ ਕਰਨਗੇ।

### ਐਲੀ ਕਲੱਬ ਫਿਨਾਲੇ 'ਚ ਪੁੱਜੇ ਨਾਇਸ ਜਿੰਦਲ



**ਮਾਨਸਾ (ਧਰਮਵੀਰ ਸ਼ਰਮਾ)**-ਐਲੀ ਕਲੱਬ ਵੱਲੋਂ ਕਰਾਏ ਜਾ ਰਹੇ ਮਿਸ ਐਂਡ ਮਿਸਟਰ ਮੁਕਾਬਲੇ ਵਿੱਚ ਵੱਖ-ਵੱਖ ਪੜਾਵਾਂ ਨੂੰ ਪਾਰ ਕਰਦਿਆਂ ਨਾਈਸ ਜਿੰਦਲ ਇਸ ਮੁਕਾਬਲੇ ਦੇ ਫਿਨਾਲੇ ਵਿੱਚ ਪੁੱਜੇ ਹਨ। 25ਵੇਂ ਇਸ ਮੁਕਾਬਲੇ ਲਈ ਦਿੱਲੀ ਵਿਖੇ 19 ਅਗਸਤ ਨੂੰ ਵੱਖ-ਵੱਖ ਰਾਊਂਡ ਕਰਾਏ ਜਾਣਗੇ। ਉਨ੍ਹਾਂ ਆਪਣੀ ਜਿੱਤ ਲਈ ਆਪਣੇ ਦੋਸਤਾਂ-ਮਿੱਤਰਾਂ ਸ਼ੁਭਚਿੰਤਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਕਾਬਲੇ ਲਈ ਆਪਣਾ ਆਸ਼ੀਰਵਾਦ ਦੇਣ ਤੇ ਐਲੀ ਨਾਇਸ ਕੁਮਾਰ ਜਿੰਦਲ 57575 ਤੇ ਐਸਐਮਐਸ ਕਰਕੇ ਵੋਟ ਦੇਣ। ਉਨ੍ਹਾਂ ਕਿਹਾ ਕਿ ਉਹ ਮੁਕਾਬਲੇ ਦੇ ਨਾਲ-ਨਾਲ ਵੋਟਿੰਗ ਹਾਸਲ ਕਰਕੇ ਹੀ ਇਸ ਮੁਕਾਬਲੇ ਜੇਤੂ ਬਣ ਸਕਦੇ ਹਨ। ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਤੇ ਹੋਰ ਲੋਕਾਂ ਨੇ ਨਾਇਸ ਜਿੰਦਲ ਨੂੰ ਇਹ ਮੁਕਾਬਲਾ ਜਿੱਤਣ ਲਈ ਸ਼ੁਭਕਾਮਨਾਵਾਂ ਦਿੱਤੀਆਂ ਹਨ।

# ਸਮਾਜ ਸੇਵੀ ਜਥੇਬੰਦੀਆਂ ਵੱਲੋਂ ਲਗਾਏ ਖ਼ੂਨਦਾਨ ਕੈਂਪਾਂ 'ਚ 150 ਲੋਕਾਂ ਵੱਲੋਂ ਖ਼ੂਨਦਾਨ

## ਖ਼ੂਨਦਾਨ ਕੈਂਪ ਦੌਰਾਨ ਪਾਵਰਕਾਮ ਨੇ ਨਿਭਾਈ ਅਹਿਮ ਭੂਮਿਕਾ



**ਮਮਦੋਟ (ਹਰਪਾਲ ਸਿੰਘ ਸੋਢੀ, ਜਸਬੀਰ ਸਿੰਘ ਕੰਬੋਜ)**-ਪੀ ਸੀ ਪੀ ਐੱਲ, ਕਿਸਾਨ ਜਥੇਬੰਦੀਆਂ, ਐੱਚ ਡੀ ਐੱਫ, ਯੂਥ ਕਲੱਬਾਂ ਤੇ ਸਮਾਜ ਸੇਵੀ ਜਥੇਬੰਦੀਆਂ ਦੇ ਸਹਿਯੋਗ ਨਾਲ ਸਿਵਲ ਹਸਪਤਾਲ ਫਿਰੋਜ਼ਪੁਰ ਤੇ ਸਿਵਲ ਹਸਪਤਾਲ ਮਮਦੋਟ ਅਤੇ ਅਨਿਲ ਬਾਗੀ ਹਸਪਤਾਲ ਫਿਰੋਜ਼ਪੁਰ ਦੀ ਦੇਖ ਰੇਖ ਹੇਠ ਮਾਈ ਭੋਲੀ ਚੌਕ ਵਿਖੇ ਡਾ: ਜੱਸੇ ਦੇ ਹਸਪਤਾਲ ਸਮੇਤ ਤਿੰਨ ਥਾਵਾਂ ਉੱਪਰ ਖ਼ੂਨਦਾਨ ਕੈਂਪ ਲਗਾਇਆ ਗਿਆ। ਮਮਦੋਟ ਵਿਖੇ ਖ਼ੂਨਦਾਨ ਕੈਂਪ ਦਾ ਉਦਘਾਟਨ ਸਮਾਜ ਸੇਵੀ ਯੂਥ ਆਗੂ ਤੇ ਖ਼ੂਨਦਾਨੀ ਵਿਕਰਮਜੀਤ ਸਿੰਘ ਪੋਜੋ ਕੇ ਨੇ ਰੀਬਨ ਕੱਟ ਕੇ ਕੀਤਾ।

ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਐੱਚ ਆਰ ਐੱਫ ਦੇ ਆਗੂ ਐਕਸੀਅਨ ਨਵਨੀਤ ਕੁਮਾਰ ਨੇ ਦੱਸਿਆ ਕਿ ਕੀਮਤੀ ਜਾਨਾਂ ਬਚਾਉਣ ਲਈ ਸਾਨੂੰ ਖ਼ੂਨਦਾਨ ਕਰਦੇ ਰਹਿਣਾ ਚਾਹੀਦਾ ਹੈ, ਜਿਸ ਦੇ ਤਹਿਤ ਅੱਜ ਤਿੰਨ ਥਾਵਾਂ ਉੱਪਰ ਮਿਨਹਾਸ ਹਸਪਤਾਲ ਮਮਦੋਟ, ਹਾਰਮਨੀ ਆਯੁਰਵੈਦਿਕ ਕਾਲਜ, ਰਾਧੇ ਰਾਧੇ ਚੈਰੀਟੇਬਲ ਹਸਪਤਾਲ ਵਿਖੇ ਖ਼ੂਨਦਾਨ ਕੈਂਪ ਦੌਰਾਨ ਅੱਜ ਕਰੀਬ 150 ਖ਼ੂਨਦਾਨੀਆਂ ਵੱਲੋਂ ਖ਼ੂਨ ਦਾਨ ਕੀਤਾ ਗਿਆ ਹੈ, ਜੋ ਇੱਕ ਸ਼ਲਾਘਾਯੋਗ ਉਪਰਾਲਾ ਹੈ। ਜ਼ਿਕਰਯੋਗ ਹੈ ਖ਼ੂਨਦਾਨ ਕੈਂਪ ਨੂੰ ਸਫਲ ਬਣਾਉਣ ਲਈ ਪਾਵਰਕਾਮ ਦੀ ਭੂਮਿਕਾ ਸ਼ਲਾਘਾਯੋਗ ਰਹੀ ਤੇ ਸਿਵਲ ਹਸਪਤਾਲ ਮਮਦੋਟ ਦੀ ਸੀਨੀਅਰ ਮੈਡੀਕਲ ਅਫਸਰ ਮੈਡਮ ਰੇਖਾ ਭੱਟੀ ਦੀ ਅਗਵਾਈ ਹੇਠ ਹਸਪਤਾਲ ਦੇ ਸਮੂਹ ਸਟਾਫ ਨੇ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਈ। ਖ਼ੂਨਦਾਨੀ ਸੱਜਣਾਂ ਦਾ (ਪੀ ਐੱਸ ਬੀ ਟੀ ਸੀ) ਵੱਲੋਂ ਸਨਮਾਨ ਚਿੰਨ੍ਹ ਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਐਕਸੀਅਨ ਜਸਵੰਤ ਸਿੰਘ ਜਲਾਲਾਬਾਦ, ਸਾਬਕਾ ਐਕਸੀਅਨ ਹਰਮੇਲ ਸਿੰਘ ਖੋਸਾ, ਸਾਬਕਾ ਐਕਸੀਅਨ ਮਨਜੀਤ ਸਿੰਘ ਮਠਾੜੂ, ਰਾਜ ਕੁਮਾਰ ਮਦਾਨ ਐੱਸ ਡੀ ਓ ਮਮਦੋਟ, ਰਾਜੀਵ ਚਾਵਲਾ ਸਾਬਕਾ ਐੱਸ ਡੀ ਓ, ਅਕਾਸ਼ ਮਹਿਤਾ ਆਰ ਏ ਮਮਦੋਟ, ਡਾ: ਸੁਖਰਾਜ ਸਿੰਘ, ਡਾ: ਜੁਗਰਾਜ ਸਿੰਘ, ਜੋਗਾ ਸਿੰਘ ਮੁਰਕ ਵਾਲਾ, ਅਜਮੇਰ ਸਿੰਘ ਪ੍ਰਧਾਨ ਮੁਲਾਜ਼ਮ ਜਥੇਬੰਦੀ, ਸਾਬਕਾ ਜੇ ਈ ਪਾਲਾ ਸਿੰਘ ਰਾਊ ਕੇ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਨਰਿੰਦਰਪਾਲ ਸਿੰਘ, ਮੰਗਲ ਸਿੰਘ ਸਵਾਈ ਕੇ, ਗੁਰਭੇਜ ਸਿੰਘ ਕਿੱਲੀ, ਗੁਰਚੇਤ ਸਿੰਘ ਜੇ ਈ, ਸੰਦੀਪ ਧਵਨ ਜੇ ਈ, ਟਿੰਕੂ ਮੈਨੀ ਜੇ ਈ, ਸੁਰਿੰਦਰ ਸਿੰਘ ਜੇ ਈ, ਅਸ਼ੋਕ ਸਹਿਗਲ ਮਮਦੋਟ, ਬਲਵਿੰਦਰ ਸਿੰਘ ਕਲਰਕ, ਜਸਵਿੰਦਰ ਸਿੰਘ ਹਾਜ਼ਰ ਸਨ।

# ਮਲਟੀਪਰਪਜ਼ ਹੈੱਲਥ ਇੰਪਲਾਈਜ਼ ਯੂਨੀਅਨ ਦੀ ਮੀਟਿੰਗ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਲਟੀਪਰਪਜ਼ ਹੈੱਲਥ ਇੰਪਲਾਈਜ਼ ਯੂਨੀਅਨ ਜ਼ਿਲ੍ਹਾ ਫ਼ਿਰੋਜ਼ਪੁਰ ਦੀ ਅਹਿਮ ਮੀਟਿੰਗ ਇੰਦਰਜੀਤ ਸਿੰਘ ਥਿੰਦ ਦੀ ਪ੍ਰਧਾਨਗੀ ਹੇਠ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਕੀਤੀ ਗਈ, ਜਿਸ ਵਿੱਚ ਵੱਖ ਵੱਖ ਬਲਾਕਾਂ ਤੋਂ ਸਾਥੀਆਂ ਨੇ ਸ਼ਮੂਲੀਅਤ ਕੀਤੀ।ਇਸਤਰੀ ਮੁਲਾਜ਼ਮ ਵੀ ਵੱਡੀ ਗਿਣਤੀ 'ਚ ਹਾਜ਼ਰ ਸਨ।ਮੀਟਿੰਗ ਵਿੱਚ 24 ਅਗਸਤ 2023 ਨੂੰ ਡਾਇਰੈਕਟਰ ਖਿਲਾਫ ਲਗਾਏ ਜਾ ਰਹੇ ਧਰਨੇ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਫੈਸਲਾ ਕੀਤਾ ਗਿਆ ਕਿ ਜ਼ਿਲ੍ਹਾ ਫ਼ਿਰੋਜ਼ਪੁਰ ਤੋਂ ਵੱਡੀ ਗਿਣਤੀ ਵਿੱਚ ਸਾਥੀ ਧਰਨੇ ਵਿੱਚ ਸ਼ਾਮਲ ਹੋਣਗੇ।ਮੀਟਿੰਗ ਵਿੱਚ ਰਮਨ ਅੱਤਰੀ, ਪੁਨੀਤ ਮਹਿਤਾ, ਰਾਕੇਸ਼ ਕੁਮਾਰ, ਵਿਕਾਸ ਕੁਮਾਰ, ਰਵਿੰਦਰ ਕੁਮਾਰ, ਅਜੀਤ ਸਿੰਘ, ਦਲਜੀਤ ਸਿੰਘ, ਜਜਬੀਰ ਸਿੰਘ, ਮਨਜੀਤ ਸਿੰਘ, ਗੁਰਦੇਵ ਸਿੰਘ, ਦਵਿੰਦਰ ਸਿੰਘ, ਜਗਜੀਤ ਸਿੰਘ, ਹਰਨੇਕ ਸਿੰਘ, ਸਤਯੁੱਗ ਸਿੰਘ, ਅਸ਼ਵਨੀ, ਲਖਵਿੰਦਰ ਸਿੰਘ, ਮਾਲਾ ਰਾਣੀ, ਪਰਮਜੀਤ ਕੌਰ, ਮਨਜੀਤ ਕੌਰ, ਸੁਖਜਿੰਦਰ ਕੌਰ, ਪਵਨਜੀਤ ਕੌਰ, ਨਿਸ਼ਾ ਰਾਣੀ, ਗੁਰਦੇਵ ਕੌਰ ਤੋਂ ਇਲਾਵਾ ਸੂਬਾ ਕਨਵੀਨਰ ਰਵਿੰਦਰ ਲੂਥਰਾ, ਰਾਕੇਸ਼ ਗਿੱਲ, ਅਮਰਜੀਤ ਕੌਰ ਆਦਿ ਹਾਜ਼ਰ ਸਨ।

# ਬੱਚਿਆਂ 'ਚ ਦੇਸ਼ ਭਗਤੀ ਪੈਦਾ ਕਰਨ ਲਈ ਅਜਿਹੇ ਪ੍ਰੋਗਰਾਮ ਬੇਹੱਦ ਜ਼ਰੂਰੀ : ਕਾਕਾ ਬਰਾੜ

## ਬਰਕੰਦੀ ਦੇ ਸਕੂਲ 'ਚ 'ਮੇਰੀ ਮਿੱਟੀ ਮੇਰਾ ਦੇਸ਼' ਤਹਿਤ ਸਮਾਗਮ



ਬਰਕੰਦੀ ਦੇ ਸਕੂਲ 'ਚ ਆਯੋਜਤ ਸਮਾਗਮ ਨੂੰ ਸੰਬੋਧਨ ਕਰਦੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**
ਨਜ਼ਦੀਕੀ ਪਿੰਡ ਬਰਕੰਦੀ ਦੇ ਸਰਕਾਰੀ ਹਾਈ ਸਮਾਰਟ ਸਕੂਲ ਸਕੂਲ ਵਿਖੇ 'ਮੇਰੀ ਮਿੱਟੀ ਮੇਰਾ ਦੇਸ਼' ਪ੍ਰੋਗਰਾਮ ਤਹਿਤ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ, ਜਿਸ 'ਚ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਮੁੱਖ ਮਹਿਮਾਨ ਵਜੋਂ ਪਹੁੰਚੇ। ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਵੱਲੋਂ ਤਿਰੰਗਾ ਲਹਿਰਾ ਕੇ ਕੀਤੀ ਗਈ। ਇਸ ਤੋਂ ਬਾਅਦ ਸਕੂਲੀ ਬੱਚਿਆਂ ਵੱਲੋਂ ਰਾਸ਼ਟਰੀ ਗਾਇਨ ਕੀਤਾ ਗਿਆ। ਇਸ ਮੌਕੇ ਆਪਣੇ ਸੰਬੋਧਨ 'ਚ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਨੇ ਆਖਿਆ ਕਿ ਅਜਿਹੇ ਪ੍ਰੋਗਰਾਮਾਂ ਨਾਲ ਬੱਚਿਆਂ 'ਚ ਆਪਣੇ ਦੇਸ਼ ਪ੍ਰਤੀ ਪਿਆਰ ਬਰਕਰਾਰ ਰਹਿੰਦਾ ਹੈ ਅਤੇ ਆਜ਼ਾਦੀ 'ਚ ਹਿੱਸਾ ਪਾਉਣ ਵਾਲੇ ਸ਼ਹੀਦਾਂ ਪ੍ਰਤੀ ਜਾਣਕਾਰੀ ਮਿਲਦੀ ਹੈ। ਉਨ੍ਹਾਂ ਬੱਚਿਆਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕਰਦਿਆਂ ਆਖਿਆ ਕਿ ਅਜਿਹੀ ਭੈੜੀ ਕੁਰੀਤੀਆਂ ਤੋਂ ਦੂਰ ਰਹੋ ਤੇ ਹੋਰਨਾਂ ਨੂੰ ਵੀ ਦੂਰ ਰੱਖੋ। ਉਨ੍ਹਾਂ ਸਕੂਲ ਪ੍ਰਬੰਧਕੀ ਕਮੇਟੀ ਨੂੰ ਹਰ ਸੰਭਵ ਸਹਿਯੋਗ ਦਾ ਭਰੋਸਾ ਵੀ ਦੁਆਇਆ। ਇਸ ਮੌਕੇ ਸਕੂਲ ਦੀ ਮੁੱਖ ਅਧਿਆਪਕਾ ਨੀਤੂ ਚੋਪੜਾ ਨੇ ਮੁੱਖ ਮਹਿਮਾਨ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦਾ ਸਵਾਗਤ ਕਰਦਿਆਂ ਸਕੂਲ ਦੀਆਂ ਕਮੀਆਂ ਬਾਰੇ ਦੱਸਿਆ। ਮੁੱਖ ਅਧਿਆਪਕਾਂ ਨੇ ਸਕੂਲ ਦੀ ਇੰਟਰਲਾਕ ਟਾਈਲਾਂ ਤੇ ਪਾਰਕ ਦੀ ਮੰਗ ਕੀਤੀ, ਜਿਸ 'ਤੇ ਵਿਧਾਇਕ ਨੇ ਤੁਰੰਤ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਆਦੇਸ਼ ਦਿੱਤਾ ਕਿ ਇੱਕ ਹਫਤੇ 'ਚ ਸਕੂਲ ਦੇ ਪ੍ਰੋਜੈਕਟ ਤਿਆਰ ਕੀਤੇ ਜਾਣ। ਸਮਾਗਮ ਦੌਰਾਨ ਮੁੱਖ ਮਹਿਮਾਨ ਕਾਕਾ ਬਰਾੜ ਵੱਲੋਂ ਪੌਦੇ ਵੀ ਲਗਾਏ ਗਏ। ਸਟੇਜ ਦੀ ਭੂਮਿਕਾ ਭੁਪਿੰਦਰ ਸਿੰਘ ਲੱਖੇਵਾਲੀ ਵੱਲੋਂ ਬਖੂਬੀ ਨਿਭਾਈ ਗਈ। ਇਸ ਮੌਕੇ ਬੀ.ਡੀ.ਪੀ.ਓ. ਸੁਖਵਿੰਦਰ ਕੌਰ, ਏ.ਪੀ.ਓ. ਮੇਜ਼ਰ ਸਿੰਘ ਭੁੱਲਰ, ਸੀਨੀਅਰ ਆਗੂ ਗੁਰਵੰਤ ਸਿੰਘ ਕਾਕਾ ਗਿੱਲ, ਬਲਰਾਜ ਸਿੰਘ ਭੁੱਲਰ, ਸੁਖਮੰਦਰ ਸਿੰਘ ਫੌਜੀ, ਸੁੱਖਾ ਬਰਕੰਦੀ, ਕਾਕਾ ਬਰਕੰਦੀ, ਕਰਮਜੀਤ ਸਿੰਘ, ਅਸ਼ੋਕ ਨਰੂਲਾ, ਕੁਲਬੀਰ ਸਿੰਘ ਸਿੱਧੂ, ਹਰਸਿਮਰਨਜੀਤ ਸਿੰਘ, ਰੌਬਿਨ ਖੇੜਾ, ਅਸ਼ਵਨੀ ਕੁਮਾਰ, ਅਸ਼ੋਕ ਕੁਮਾਰ, ਹਰਵੀਰ ਕੌਰ, ਰਜਨੀ ਬਾਲਾ, ਵੰਦਨਾ ਮਲਹੋਤਰਾ, ਰਣਜੀਤ ਕੌਰ, ਅਰਪਣਾ ਰਾਣੀ, ਪਰਮਜੀਤ ਕੌਰ, ਵੀਰਪਾਲ ਕੌਰ, ਗੁਰਮੀਤ ਕੌਰ, ਵੰਦਨਾ, ਵਨੀਤਾ ਰਾਣੀ, ਸੁਖਦੀਪ ਕੌਰ ਆਦਿ ਹਾਜ਼ਰ ਸਨ।

# ਦੇਸ਼ ਕਿਰਤੀਆਂ ਦਾ ਹੈ, ਫਿਰਕਾਪ੍ਰਸਤੋ ਇਸ ਤੋਂ ਦੂਰ ਰਹੋ : ਟਰੇਡ ਯੂਨੀਅਨਾਂ



**ਮਾਨਸਾ (ਪਮਾਰ)**-ਮੋਦੀ ਸਰਕਾਰ ਦੇ ਫਾਸਿਸਟ ਤੇ ਕਿਰਤੀਆਂ ਖਿਲਾਫ ਟਰੇਡ ਯੂਨੀਅਨਾਂ ਦੇ ਸੱਦੇ ਤਹਿਤ ਮਾਨਸਾ ਵਿਖੇ ਰੋਹ-ਪੂਰਵਕ ਪ੍ਰਦਰਸ਼ਨ ਕੀਤਾ ਗਿਆ। ਜਥੇਬੰਦੀਆਂ ਨੇ ਐਲਾਨ ਕੀਤਾ ਕਿ ਸ਼ਹੀਦਾਂ ਦੀ ਧਰਤੀ 'ਤੇ ਕਿਰਤ ਵਿਰੋਧੀ ਕੋਈ ਕਨੂੰਨ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ।

ਦੇਸ਼ ਵਿਆਪੀ ਸੱਦੇ ਤਹਿਤ ਮਾਨਸਾ ਵਿਖੇ ਹੋਏ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਆਲ ਇੰਡੀਆ ਸੈਂਟਰਲ ਕੌਂਸਲ ਆਫ ਟਰੇਡ ਯੂਨੀਅਨ ਏਕਟੂ ਦੇ ਸੂਬਾ ਪ੍ਰਧਾਨ ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਏਟਕ ਦੇ ਕ੍ਰਿਸ਼ਨ ਚੌਹਾਨ ਤੇ ਸੀ ਟੀ ਯੂ ਪੰਜਾਬ ਦੇ ਮਾਸਟਰ ਛੱਜੂ ਰਾਮ ਰਿਸ਼ੀ ਨੇ ਕਿਹਾ ਕਿ ਮੋਦੀ ਸਰਕਾਰ ਦੇਸ਼ 'ਚ ਸਿਰਫ ਮਨੂੰ ਸਿਮ੍ਰਤੀ ਹੀ ਲਾਗੂ ਨਹੀਂ ਕਰਨਾ ਚਾਹੁੰਦੀ ਹੈ ਅਤੇ ਮੁੜ ਦੇਸ਼ ਦੇ ਸਵੈਮਾਣ ਤੇ ਪ੍ਰਭੂਸੱਤਾ ਨੂੰ ਵੀ ਦਾਅ 'ਤੇ ਲਗਾ ਰਹੀ ਹੈ। ਬੁਲਾਰਿਆਂ ਨੇ ਕਿਹਾ ਕਿ ਕਰੋਨਾ ਦੀ ਆੜ 'ਚ ਕਿਰਤ ਤੇ ਕਿਰਤੀਆਂ ਵਿਰੋਧੀ ਪਾਸ ਕੀਤੇ ਕਾਲੇ ਕਨੂੰਨ ਕਿਸੇ ਵੀ ਹਾਲਤ 'ਚ ਬਰਦਾਸ਼ਤ ਨਹੀਂ ਕੀਤੇ ਜਾ ਸਕਦੇ, ਜਿਨ੍ਹਾਂ ਖਿਲਾਫ ਵੱਡਾ ਅੰਦੋਲਨ ਖੜਾ ਕੀਤਾ ਜਾ ਰਿਹਾ ਹੈ। ਉਨ੍ਹਾਂ ਮਾਨਸਾ ਵਿਖੇ ਨਸ਼ਿਆਂ ਖਿਲਾਫ ਚੱਲ ਰਹੇ ਅੰਦੋਲਨ ਬਾਰੇ ਕਿਹਾ ਕਿ ਦੇਸ਼ ਨੂੰ ਵੀ ਬਚਾਉਣਾ ਹੈ ਤੇ ਧੀਆਂ-ਪੁੱਤਰਾਂ ਨੂੰ ਵੀ। ਇਸ ਲਈ ਅਗਲੇ ਦਿਨਾਂ 'ਚ ਨਸ਼ਿਆਂ ਦੇ ਸੌਦਾਗਰਾਂ ਖਿਲਾਫ ਇਸ ਤੋਂ ਵੀ ਵੱਡਾ ਅੰਦੋਲਨ ਹੋਵੇਗਾ। ਇਸ ਪ੍ਰਦਰਸ਼ਨ ਨੂੰ ਵਿਦਿਆਰਥੀ ਜਥੇਬੰਦੀ ਆਇਸਾ, ਮਜ਼ਦੂਰ ਮੁਕਤੀ ਮੋਰਚਾ, ਜਮਹੂਰੀ ਕਿਸਾਨ ਸਭਾ, ਸੀ ਪੀ ਆਈ, ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਆਗੂਆਂ ਨੇ ਵੀ ਸੰਬੋਧਨ ਕੀਤਾ।

# ਦੇਵ ਸਮਾਜ ਕਾਲਜ 'ਚ ਧੂਮਧਾਮ ਨਾਲ ਮਨਾਇਆ ਤੀਆਂ ਦਾ ਤਿਓਹਾਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**
ਪੰਜਾਬ ਯੂਨੀਵਰਸਿਟੀ ਦਾ ਏ+ ਗ੍ਰੇਡ ਪ੍ਰਾਪਤ ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਤੇ ਪ੍ਰਿੰਸੀਪਲ ਡਾ. ਸੰਗੀਤਾ ਪ੍ਰਿੰਸੀਪਲ ਦੀ ਅਗਵਾਈ ਵਿੱਚ ਅਕਾਦਮਿਕ ਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਨਿਰੰਤਰ ਅਗਰਸਰ ਹੈ। ਪੰਜਾਬੀ ਸੱਭਿਆਚਾਰ ਨੂੰ ਪ੍ਰਫੁਲਤ ਕਰਨ ਲਈ ਤੇ ਨਵੀਂ ਪੀੜ੍ਹੀ ਨੂੰ ਇਸ ਨਾਲ ਜੋੜ ਕੇ ਰੱਖਣ ਲਈ ਵੀਰਵਾਰ ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਤੇ ਯੂਥ ਵੈੱਲਫੇਅਰ ਵਿਭਾਗ ਨੇ ਤੀਆਂ ਦਾ ਤਿਉਹਾਰ ਮਨਾਇਆ। ਇਸ ਮੌਕੇ ਮੁੱਖ ਮਹਿਮਾਨ ਦੇ ਤੌਰ 'ਤੇ ਡਾ. ਅਮਨਦੀਪ ਕੌਰ ਗੋਸਲ, ਸੁਪਤਨੀ ਰਣਬੀਰ ਸਿੰਘ ਭੁੱਲਰ ਐੱਮ ਐੱਲ ਏ ਫਿਰੋਜ਼ਪੁਰ ਵੱਲੋ ਸ਼ਿਰਕਤ ਕੀਤੀ ਗਈ ਤੇ ਕਾਲਜ ਪ੍ਰਿੰਸੀਪਲ ਅਤੇ ਸਮੂਹ ਸਟਾਫ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ।ਤਿਉਹਾਰ ਦੀ ਮਹੱਤਤਾ ਦੱਸਦਿਆਂ ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੇ ਕਿਹਾ ਕਿ ਇਹ ਤਿਉਹਾਰ ਸਾਨੂੰ ਸਾਡੀ ਵਿਰਾਸਤ ਨਾਲ ਜੋੜ ਕੇ ਰੱਖਦੇ ਹਨ, ਉਥੇ ਇਹ ਸਾਡੇ ਅੰਦਰ ਖੁਸ਼ੀ-ਖੇੜਾ ਤੇ ਹੁਲਾਸ ਭਰਦੇ ਹਨ।ਜ਼ਿੰਦਗੀ ਨੂੰ ਭਰਪੂਰਤਾ ਨਾਲ ਜਿਊਣ ਦੀ ਹਿੰਮਤ ਬਖ਼ਸ਼ਦੇ ਹੋਏ ਸਾਨੂੰ ਤਰੋ-ਤਾਜ਼ਾ ਕਰਕੇ ਹੋਰ ਉਤਸ਼ਾਹ ਨਾਲ ਕਾਰਜ ਕਰਨ ਦੇ ਸਮਰੱਥ ਬਣਾਉਂਦੇ ਹਨ।ਇਸ ਮੌਕੇ ਡਾ. ਅਮਨਦੀਪ ਕੌਰ ਗੋਸਲ ਨੇ ਦੱਸਿਆ ਕਿ ਇਹ ਤਿਉਹਾਰ ਤੇ ਰੀਤੀ ਰਿਵਾਜ ਸਾਡੇ ਸੱਭਿਆਚਾਰ ਦੀ ਨੀਂਹ ਹਨ, ਜਿਨ੍ਹਾਂ ਨੂੰ ਸੰਭਾਲ ਕੇ ਰੱਖਣਾ ਤੇ ਅਗਲੀ ਪੀੜ੍ਹੀ ਨੂੰ ਸੌਂਪਣਾ ਸਾਡੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ।ਨਵੀਂ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜ ਕੇ ਰੱਖਣਾ ਇਸ ਕਾਲਜ ਦਾ ਬਹੁਤ ਸ਼ਲਾਘਾਯੋਗ ਉਪਰਾਲਾ ਹੈ।ਪ੍ਰਿੰਸੀਪਲ ਨੇ ਪੰਜਾਬੀ ਵਿਭਾਗ ਤੇ ਯੂਥ ਵੈੱਲਫੇਅਰ ਵਿਭਾਗ ਨੂੰ ਇਸ ਤਿਉਹਾਰ ਦੇ ਸਫਲ ਆਯੋਜਨ 'ਤੇ ਵਧਾਈ ਦਿੱਤੀ।ਇਸ ਮੌਕੇ ਪਲਵਿੰਦਰ ਕੌਰ, ਡੀਨ ਯੂਥ ਵੈੱਲਫੇਅਰ, ਨਵਦੀਪ ਕੌਰ, ਮੁਖੀ ਪੰਜਾਬੀ ਵਿਭਾਗ, ਡਾ. ਅਮਨਦੀਪ ਕੌਰ, ਨਿਸ਼ਾਨ ਸਿੰਘ ਨੇ ਇਸ ਸਮਾਗਮ ਨੂੰ ਸਫ਼ਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ।ਇਸ ਸਮਾਗਮ 'ਚ ਮੰਚ ਸੰਚਾਲਕ ਦੀ ਭੂਮਿਕਾ ਡਾ. ਪਰਮਵੀਰ ਕੌਰ ਨੇ ਨਿਭਾਈ।ਵਿਰਾਸਤੀ ਅਵਸ਼ੇਸ਼ਾਂ ਨਾਲ ਸਜੀ ਸੱਭਿਆਚਾਰਕ ਪ੍ਰਦਰਸ਼ਨੀ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ।ਇਸ ਮੌਕੇ ਕਾਲਜ ਵਿਦਿਆਰਥਣਾਂ ਦੁਆਰਾ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਵਿੱਚ ਤੀਆਂ ਦੇ ਤਿਉਹਾਰ ਨਾਲ ਸਬੰਧਤ ਲੋਕ ਗੀਤ, ਟੱਪੇ ਤੇ ਗਿੱਧੇ ਦੀ ਪੇਸ਼ਕਾਰੀ ਵੀ ਕੀਤੀ ਗਈ ਅਤੇ ਖੀਰ, ਮਾਲ-ਪੂੜੇ, ਜਲੇਬੀਆਂ, ਪਕੌੜਿਆਂ ਦੀਆਂ ਸਟਾਲਾਂ 'ਤੇ ਖੂਬ ਰੌਣਕ ਦੇਖਣ ਨੂੰ ਮਿਲੀ।ਇਸ ਮੌਕੇ ਨਿਰਮਲ ਸਿੰਘ ਢਿੱਲੋਂ, ਚੇਅਰਮੈਨ ਦੇਵ ਸਮਾਜ ਕਾਲਜ ਫਾਰ ਵੂਮੈਨ ਨੇ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਮੁਕਤੀਸਰ ਵੈੱਲਫੇਅਰ ਕਲੱਬ ਦੀ ਟੀਮ ਸਿੱਖਿਆ ਅਫ਼ਸਰ ਨੂੰ ਮਿਲੀ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਸੜਕ ਸੁਰੱਖਿਆ ਉੱਪਰ ਕੰਮ ਕਰ ਰਹੀ ਸੰਸਥਾ ਮੁਕਤੀਸਰ ਵੈਲਫੇਅਰ ਕਲੱਬ (ਰਜਿ.) ਨੈਸ਼ਨਲ ਐਵਾਡੀ ਸੰਸਥਾ ਦੀ ਟੀਮ ਜ਼ਿਲ੍ਹਾ ਉਪ ਸਿੱਖਿਆ ਅਫ਼ਸਰ ਕਪਿਲ ਸ਼ਰਮਾ ਨੂੰ ਮਿਲੀ। ਸੰਸਥਾ ਦੇ ਪ੍ਰਧਾਨ ਜਸਪ੍ਰੀਤ ਸਿੰਘ ਛਾਬੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਕੂਲਾਂ ਦੇ ਬਾਹਰ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲਾਂ ਦੇ ਆਸ-ਪਾਸ 25 ਕਿਲੋਮੀਟਰ ਪ੍ਰਤੀ ਕਿਲੋਮੀਟਰ ਰਫ਼ਤਾਰ ਦੇ ਸਾਈਨ ਬੋਰਡ ਹਰੇਕ ਸਕੂਲ ਲਾਵੇ।

ਉਨ੍ਹਾਂ ਕਿਹਾ ਕਿ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਦੇਖਦੇ ਹੋਏ ਇਹ ਠੋਸ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਦੇਖਣ ਵਿੱਚ ਆਉਂਦਾ ਹੈ ਕਿ ਸਕੂਲਾਂ ਦੇ ਮੇਨ ਰੋਡ ਉੱਪਰ ਤੇਜ਼ ਰਫ਼ਤਾਰ ਨਾਲ ਕਾਫੀ ਵਾਹਨ ਲੰਘਦੇ ਹਨ। ਇਹ ਸਾਈਨ ਬੋਰਡ ਲੱਗਣ ਨਾਲ ਵਾਹਨ ਚਾਲਕ ਸੁਚੇਤ ਹੋ ਜਾਵੇਗਾ ਤੇ ਆਪਣੀ ਵਾਹਨ ਦੀ ਰਫ਼ਤਾਰ ਨੂੰ ਘਟਾ ਲਵੇਗਾ ਅਤੇ ਹੋਣ ਵਾਲੇ ਸੜਕੀ ਹਾਦਸੇ ਨੂੰ ਰੋਕਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਹਾਲੇ ਤੱਕ ਕਿਸੇ ਵੀ ਸਕੂਲ ਨੇ ਸਪੀਡ ਲਿਮਟ ਦੇ ਸਾਈਨ ਬੋਰਡ ਨਹੀਂ ਲਾਏ ਹੋਏ ਹਨ। ਸਾਡੀ ਟੀਮ ਨੇ ਸਿੱਖਿਆ ਵਿਭਾਗ ਨੂੰ ਅਪੀਲ ਕੀਤੀ ਕਿ ਜਲਦੀ ਇਨ੍ਹਾਂ ਸਕੂਲਾਂ ਨੂੰ ਹਦਾਇਤ ਕੀਤੀ ਜਾਵੇਗੀ ਕਿ ਉਹ ਆਪਣੇ ਸਕੂਲਾਂ ਦੇ ਆਸ-ਪਾਸ ਸਪੀਡ ਲਿਮਿਟ ਦੇ ਬੋਰਡ ਜ਼ਰੂਰ ਲਾਉਣ। ਜ਼ਿਲ੍ਹਾ ਉੱਪ ਸਿੱਖਿਆ ਅਫ਼ਸਰ ਨੇ ਵਿਸ਼ਵਾਸ ਦਿਵਾਇਆ ਕਿ ਸਕੂਲੀ ਬੱਚਿਆਂ ਦੀ ਸੁਰੱਖਿਆ ਲਈ ਸਿੱਖਿਆ ਵਿਭਾਗ ਸਮੇਂ-ਸਮੇਂ 'ਤੇ ਸਕੂਲਾਂ ਨੂੰ ਹਦਾਇਤਾਂ ਜਾਰੀ ਕਰਦਾ ਰਹਿੰਦਾ ਹੈ। ਜਲਦ ਹੀ ਸਪੀਡ ਲਿਮਟ ਸਬੰਧੀ ਪੱਤਰ ਸਾਰੇ ਸਕੂਲਾਂ ਨੂੰ ਭੇਜ ਕੇ ਸਪੀਡ ਲਿਮਟ ਦੇ ਸਾਈਨ ਬੋਰਡ ਲਵਾਉਣੇ ਸ਼ੁਰੂ ਕੀਤੇ ਜਾਣਗੇ। ਇਸ ਮੌਕੇ ਸੀਨੀਅਰ ਐਡਵਾਈਜਰ ਡਾਕਟਰ ਵਿਜੈ ਬਜਾਜ, ਮੈਂਬਰ ਵਿਜੈ ਕੁਮਾਰ, ਹੌਲਦਾਰ ਮਲਕੀਤ ਸਿੰਘ ਤੇ ਹੌਲਦਾਰ ਸੁਖਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਜੌੜਾਮਾਜਰਾ ਨੇ ਹੜ੍ਹ ਪ੍ਰਭਾਵਤ ਵਿਅਕਤੀਆਂ ਨੂੰ ਸੌਂਪਿਆ ਮੁਆਵਜ਼ਾ

## 94 ਲੋਕਾਂ ਦੇ ਬੈਂਕ ਖਾਤਿਆਂ 'ਚ ਪਈ 32 ਲੱਖ ਦੀ ਮੁਆਵਜ਼ਾ ਰਾਸ਼ੀ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**
ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਐਸ.ਡੀ.ਐਮ. ਦਫ਼ਤਰ ਵਿਖੇ ਹੜ੍ਹ ਪ੍ਰਭਾਵਤ 94 ਲੋਕਾਂ ਨੂੰ ਉਨ੍ਹਾਂ ਦੇ ਨੁਕਸਾਨੇ ਮਕਾਨਾਂ ਦੇ ਮੁਆਵਜ਼ੇ ਵਜੋਂ 32 ਲੱਖ ਰੁਪਏ ਬੈਂਕ ਖਾਤਿਆਂ 'ਚ ਪਾਉਣ ਦੇ ਦਸਤਾਵੇਜ਼ ਸੌਂਪੇ। ਜੌੜਾਮਾਜਰਾ ਨੇ ਲੋਕਾਂ ਦੀ ਸੁੱਖ-ਸਾਂਦ ਜਾਣਦਿਆਂ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹੜ੍ਹ ਪ੍ਰਭਾਵਤ ਲੋਕਾਂ ਦੀ ਹਰ ਸੰਭਵ ਸਹਾਇਤਾ ਕਰ ਰਹੀ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪਹਿਲਾਂ ਹੀ ਇਹ ਐਲਾਨ ਕਰ ਚੁੱਕੇ ਹਨ ਕਿ ਹੜ੍ਹਾਂ ਕਾਰਨ ਲੋਕਾਂ ਦੇ ਹੋਏ ਨੁਕਸਾਨ ਦਾ ਇੱਕ-ਇੱਕ ਪੈਸਾ ਮੁਆਵਜ਼ੇ ਵਜੋਂ ਦਿੱਤਾ ਜਾਵੇਗਾ। ਇਸ ਤੋਂ ਬਿਨਾਂ ਮੁੱਖ ਮੰਤਰੀ ਦੇ ਹੁਕਮਾਂ 'ਤੇ ਹੜ੍ਹਾਂ ਨਾਲ ਹੋਏ ਫ਼ਸਲਾਂ, ਘਰਾਂ ਤੇ ਹੋਰ ਨੁਕਸਾਨ ਦਾ ਪਤਾ ਲਾਉਣ ਲਈ ਵਿਸ਼ੇਸ਼ ਗਿਰਦਾਵਰੀ ਜਾਰੀ ਹੈ ਤੇ ਇਸ ਨੂੰ 15 ਅਗਸਤ ਤੱਕ ਮੁਕੰਮਲ ਕਰਕੇ ਪੀੜਤ ਕਿਸਾਨਾਂ ਨੂੰ ਮੁਆਵਜ਼ਾ ਜਲਦ ਦਿੱਤਾ ਜਾਵੇਗਾ।

ਜੌੜਾਮਾਜਰਾ ਨੇ ਕਿਹਾ ਕਿ ਹੜ੍ਹਾਂ ਦੀ ਕੁਦਰਤੀ ਮਾਰ ਨੇ ਰਾਜ ਅੰਦਰ ਭਾਰੀ ਨੁਕਸਾਨ ਕੀਤਾ, ਪਰ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਦੇ ਹੁਕਮਾਂ 'ਤੇ ਪਹਿਰਾ ਦਿੰਦਿਆਂ ਹੜ੍ਹ ਪੀੜਤਾਂ ਦੀਆਂ ਤਕਲੀਫ਼ਾਂ ਨੂੰ ਘਟਾ ਕੇ ਫ਼ੌਰੀ ਰਾਹਤ ਦੇਣ ਲਈ ਦਿਨ-ਰਾਤ ਇੱਕ ਕਰਕੇ ਹੜ੍ਹ ਪੀੜਤਾਂ ਦੀ ਸਾਰ ਲਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਆਪਣੇ ਲੋਕਾਂ ਦੇ ਨਾਲ ਡਟ ਕੇ ਖੜੀ ਹੈ। ਇਸ ਮੌਕੇ ਉਨ੍ਹਾਂ ਨਾਲ ਹਰਜਿੰਦਰ ਸਿੰਘ ਮਿੰਟੂ, ਐਡਵੋਕੇਟ ਗੁਲਜ਼ਾਰ ਸਿੰਘ ਵਿਰਕ, ਗੁਰਦੇਵ ਸਿੰਘ ਟਿਵਾਣਾ, ਬਲਕਾਰ ਸਿੰਘ ਗੱਜੂਮਾਜਰਾ, ਪਾਰਸ ਸ਼ਰਮਾ, ਸੁਨੈਨਾ ਮਿੱਤਲ, ਸੁਰਜੀਤ ਸਿੰਘ ਫ਼ੌਜੀ, ਅਮਰਦੀਪ ਸਿੰਘ ਸੋਨੂ ਥਿੰਦ, ਐਸ.ਡੀ.ਐਮ. ਚਰਨਜੀਤ ਸਿੰਘ, ਤਹਿਸੀਲਦਾਰ ਲਾਰਸਨ ਸਿੰਗਲਾ, ਨਾਇਬ ਤਹਿਸੀਲਦਾਰ ਸਤਿਗੁਰ ਸਿੰਘ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਪੰਜਾਬ ਦੇ ਤਹਿਸੀਲ ਦਫਤਰਾਂ 'ਚ ਭ੍ਰਿਸ਼ਟਾਚਾਰ ਬੇਲਗਾਮ, ਸਰਕਾਰ ਬੇਵੱਸ : ਬੀ ਕੇ ਯੂ ਲੱਖੋਵਾਲ

**ਸਮਰਾਲਾ (ਸੁਰਜੀਤ ਸਿੰਘ)**
ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਪੰਜਾਬ ਦੀ ਮਹੀਨੇਵਾਰ ਮੀਟਿੰਗ ਸ੍ਰ. ਅਵਤਾਰ ਸਿੰਘ ਮੇਹਲੋਂ ਸੂਬਾ ਮੀਤ ਪ੍ਰਧਾਨ ਪੰਜਾਬ ਦੀ ਪ੍ਰਧਾਨਗੀ ਹੇਠ ਯੂਨੀਅਨ ਦੇ ਮੁੱਖ ਦਫ਼ਤਰ ਲੁਧਿਆਣਾ ਵਿਖੇ ਹੋਈ, ਜਿਸ ਵਿੱਚ ਯੂਨੀਅਨ ਦੇ ਅਹੁਦੇਦਾਰ, ਐਗਜ਼ੈਕਟਿਵ ਮੈਂਬਰ ਤੇ ਸਾਰੇ ਜ਼ਿਲ੍ਹਾ ਪ੍ਰਧਾਨ ਸ਼ਾਮਲ ਹੋਏ। ਮੀਟਿੰਗ ਵਿੱਚ ਕਿਸਾਨੀ ਮੁੱਦਿਆਂ 'ਤੇ ਵਿਚਾਰਾਂ ਕੀਤੀਆਂ ਗਈਆਂ।

ਮੀਟਿੰਗ ਦੀ ਜਾਣਕਾਰੀ ਪ੍ਰੈੱਸ ਨੂੰ ਦਿੰਦੇ ਹੋਏ ਅਵਤਾਰ ਸਿੰਘ ਮੇਹਲੋਂ ਨੇ ਕਿਹਾ ਕਿ ਪੰਜਾਬ ਸਰਕਾਰ ਤਹਿਸੀਲਾਂ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਸਖ਼ਤ ਐਕਸ਼ਨ ਲਵੇ। ਤਹਿਸੀਲਾਂ ਵਿੱਚ ਭ੍ਰਿਸ਼ਟਾਚਾਰ ਇਸ ਕਦਰ ਵਧ ਚੁੱਕਾ ਹੈ ਕਿ ਅਧਿਕਾਰੀ ਅੱਗੇ ਨਾਲੋਂ ਦੁੱਗਣੇ ਪੈਸੇ ਮੰਗ ਰਹੇ ਹਨ, ਜੇ ਕੋਈ ਸ਼ਿਕਾਇਤ ਕਰਦਾ ਹੈ ਤਾਂ ਉਸ ਦੇ ਕੰਮ ਵਿੱਚ ਅੜਿੱਕਾ ਬਣਦੇ ਹਨ ਤੇ ਸਾਰੇ ਮੁਲਾਜ਼ਮ ਇਕਸੁਰ ਹੋ ਕੇ ਹੜਤਾਲ 'ਤੇ ਚਲੇ ਜਾਂਦੇ ਹਨ ਅਤੇ ਸਰਕਾਰ ਉੱਪਰ ਦਬਾਅ ਬਣਾਉਂਦੇ ਹਨ, ਇਸ ਲਈ ਸਰਕਾਰ ਮਾਲ ਮਹਿਕਮੇ ਦੀਆਂ ਅਸਾਮੀਆਂ ਪਹਿਲ ਦੇ ਅਧਾਰ 'ਤੇ ਭਰ ਕੇ ਸੂਬੇ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਨੌਕਰੀ ਦੇਵੇ ਤੇ ਭ੍ਰਿਸ਼ਟ ਕਰਮਚਾਰੀਆਂ ਨੂੰ ਘਰੇ ਤੋਰੇ ਅਤੇ 19 ਅਗਸਤ ਨੂੰ ਪੰਜਾਬ ਦੇ ਭਾਜਪਾ ਤੇ ਆਪ ਦੇ ਐੱਮ.ਪੀ, ਐੱਮ.ਐੱਲ.ਏ ਤੇ ਰਾਜ ਸਭਾ ਮੈਂਬਰਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਸੰਯੁਕਤ ਕਿਸਾਨ ਮੋਰਚੇ ਦੀ ਕਾਲ 'ਤੇ ਹੜ੍ਹਾਂ ਨਾਲ ਹੋਏ ਨੁਕਸਾਨ ਦੇ ਮੁਆਵਜ਼ੇ ਲਈ ਚੇਤਾਵਨੀ ਪੱਤਰ ਦਿੱਤੇ ਜਾਣਗੇ, ਕਿਉਂਕਿ ਹੜ੍ਹਾਂ ਨਾਲ ਝੋਨੇ, ਚਾਰੇ ਮੱਕੀ, ਪਸ਼ੂਆਂ ਤੇ ਮਕਾਨਾਂ ਦਾ ਭਾਰੀ ਨੁਕਸਾਨ ਹੋਇਆ ਹੈ। ਪੰਜਾਬ ਸਰਕਾਰ ਨੇ ਹੁਣ ਤੱਕ ਕੋਈ ਮੁਆਵਜ਼ਾ ਜਾਰੀ ਨਹੀਂ ਕੀਤਾ। ਆਪਣੇ ਵਿਚਾਰ ਰੱਖਦੇ ਹੋਏ ਪ੍ਰਸ਼ੋਤਮ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ 'ਚ ਜਿੱਥੇ ਵੀ ਹੜ੍ਹ ਆਏ, ਉਥੋਂ ਦੇ ਖੇਤਾਂ ਵਿੱਚ ਹੜ੍ਹਾਂ ਦੇ ਪਾਣੀ ਨਾਲ ਭਾਰੀ ਮਿੱਟੀ ਤੇ ਰੇਤਾ ਵੀ ਹੜ੍ਹ ਕੇ ਕਿਸਾਨਾਂ ਦੀ ਜ਼ਮੀਨ 'ਚ ਆ ਗਿਆ, ਜਿਸ ਨਾਲ ਖੇਤ ਫਸਲ ਬੀਜਣ ਜੋਗ ਨਹੀਂ ਰਹੇ। ਦੁਬਾਰਾ ਖੇਤ ਵਾਹੀਯੋਗ ਬਣਾਉਣ ਲਈ ਇਹ ਮਿੱਟੀ, ਰੇਤ ਕਿਸਾਨਾਂ ਨੂੰ ਚੁੱਕਣੀ ਜਾਂ ਚਕਵਾਉਣੀ ਪੈਣੀ ਹੈ, ਜਦਕਿ ਮਿੱਟੀ ਚੁੱਕਣ ਦੀ ਪੰਜਾਬ ਸਰਕਾਰ ਵੱਲੋਂ ਮਨਾਹੀ ਹੈ, ਸਰਕਾਰ ਹੜ੍ਹ ਮਾਰੇ ਖੇਤਰਾਂ 'ਚ ਮਿੱਟੀ ਚੁੱਕਣ ਦੀ ਇਜਾਜ਼ਤ ਕਿਸਾਨਾਂ ਨੂੰ ਆਪਣੇ ਤੌਰ 'ਤੇ ਦੇਵੇ ਤਾਂ ਕਿ ਜ਼ਮੀਨਾਂ ਨੂੰ ਮੁੜ ਵਾਹੀਯੋਗ ਬਣਾਇਆ ਜਾ ਸਕੇ। ਇਸ ਮੌਕੇ ਗੁਰਵਿੰਦਰ ਸਿੰਘ ਕੂੰਮਕਲਾਂ, ਸੁਰਮੁੱਖ ਸਿੰਘ ਸਿੱਧੂ, ਨਿਰਮਲ ਸਿੰਘ ਝੰਡੂਕੇ, ਮਨਪ੍ਰੀਤ ਸਿੰਘ ਅਮਲਾਲਾ, ਪ੍ਰੀਤਮ ਸਿੰਘ ਬਾਘਾਪੁਰਾਣਾ, ਸੁਰਜੀਤ ਸਿੰਘ ਹਰੀਏਵਾਲਾ, ਦਵਿੰਦਰ ਸਿੰਘ ਦੇਹਕਲਾਂ, ਹਰਮੇਲ ਸਿੰਘ ਭੁਟੇਹੜੀ, ਦਲਜੀਤ ਸਿੰਘ ਚਲਾਕੀ, ਭੁਪਿੰਦਰ ਸਿੰਘ ਦੌਲਤਪੁਰਾ ਨੀਵਾਂ, ਹਰਮੇਲ ਸਿੰਘ ਭੁਟੇਹੜੀ, ਮਨਜੀਤ ਸਿੰਘ ਢੀਂਡਸਾ, ਜਸਵੀਰ ਸਿੰਘ ਆਦਿ ਹਾਜ਼ਰ ਸਨ।

# ਬੀ ਕੇ ਯੂ ਡਕੌਂਦਾ ਭਲਕੇ ਲੱਖਾ ਧਰਨੇ 'ਚ ਹੋਵੇਗੀ ਸ਼ਾਮਲ : ਕਮਾਲਪੁਰਾ

**ਰਾਏਕੋਟ (ਇਕਬਾਲ ਸਿੰਘ ਫੇਰੂਰਾਈਂ)**-ਗੁਰੂ ਗੋਬਿੰਦ ਸਿੰਘ ਮਾਰਗ ਕਮਾਲਪੁਰਾ, ਲੰਮਾਂ, ਜੱਟਪੁਰਾ, ਮਾਣੂਕੇ, ਲੱਖਾ, ਚਕਰ ਤੇ ਲੱਖਾ ਤੋਂ ਹਠੂਰ, ਬੁਰਜ ਕਲਾਰਾ, ਝੋਰੜਾਂ ਦੀਆਂ ਟੁੱਟੀਆਂ ਸੜਕਾਂ ਦੀ ਰਿਪੇਅਰ ਸੰਬੰਧੀ ਸਰਕਾਰ ਤੋਂ ਇਲਾਕੇ ਦੇ ਲੋਕ ਲਗਾਤਾਰ ਮੰਗ ਕਰਦੇ ਆ ਰਹੇ ਹਨ, ਜਿਸ ਦੀ ਜਾਣਕਾਰੀ ਪੱਤਰਕਾਰਾਂ ਨਾਲ ਸਾਂਝੀ ਕਰਦਿਆਂ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਮਹਿੰਦਰ ਸਿੰਘ ਕਮਾਲਪੁਰਾ ਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਹਰਬਖਸ਼ੀਸ਼ ਸਿੰਘ ਰਾਏ ਚੱਕ ਭਾਈ ਕਾ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਸੜਕਾਂ ਦੀ ਤੁਰੰਤ ਰਿਪੇਅਰ ਕਰਵਾਈ ਜਾਵੇ, ਕਿਉਂਕਿ ਇਹ ਸੜਕਾਂ ਦਾ ਲੰਬੇ ਸਮੇਂ ਤੋਂ ਬਹੁਤ ਬੁਰਾ ਹਾਲ ਹੋਣ ਕਾਰਨ ਵੱਡੇ ਵੱਡੇ ਖੱਡੇ ਹੋ ਗਏ ਹਨ, ਜੋ ਕਿ ਆਏ ਦਿਨ ਵੱਡੇ ਵੱਡੇ ਹਾਦਸਿਆਂ ਨੂੰ ਸੱਦਾ ਦੇ ਰਹੇ ਹਨ।

ਇਸ ਸਮੇਂ ਬਲਾਕ ਜਗਰਾਉਂ ਦੇ ਪ੍ਰਧਾਨ ਹਰਚੰਦ ਸਿੰਘ ਢੋਲਣ ਤੇ ਸਕੱਤਰ ਬੂਟਾ ਸਿੰਘ ਡੱਲਾ ਨੇ ਦੱਸਿਆ ਕਿ 12 ਅਗਸਤ ਨੂੰ ਸਮੁੱਚੇ ਜ਼ਿਲ੍ਹੇ ਭਰ ਦੇ ਲੋਕਾਂ ਵੱਲੋਂ ਲਗਾਏ ਜਾ ਰਹੇ ਧਰਨੇ 'ਚ ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਕਿਸਾਨ ਵੱਡੀ ਗਿਣਤੀ 'ਚ ਸ਼ਾਮਲ ਹੋਣਗੇ।

# ਪੰਜਾਬ ਮੁੱਕੇਬਾਜ਼ੀ ਮੁਕਾਬਲਿਆਂ 'ਚ ਸੋਨ ਤਮ.ਗਾ ਜੇਤੂ ਜਸ਼ਨਪ੍ਰੀਤ ਸਿੰਘ ਦਾ ਸਨਮਾਨ



**ਹਠੂਰ (ਨਛੱਤਰ ਸੰਧੂ)**-ਪਿਛਲੇ ਦਿਨੀਂ ਜ਼ੀਰਾ ਵਿਖੇ ਹੋਈ 'ਸਕੂਲ ਗੇਮਜ਼ ਫੈਡੇਰੇਸ਼ਨ ਆਫ਼ ਇੰਡੀਆ' ਨਾਲ ਜੁੜੇ ਸੀ.ਆਈ.ਐੱਸ.ਸੀ.ਈ. ਬੋਰਡ ਵੱਲੋਂ ਕਰਾਈਆਂ ਗਈਆਂ 'ਸੀ ਆਈ ਐੱਸ ਸੀ ਈ ਗੇਮਜ਼ ਐਂਡ ਸਪੋਰਟਸ-2023' ਉੱਤਰ ਖੇਤਰੀ ਜ਼ੋਨ ਬਾਕਸਿੰਗ ਚੈਂਪੀਅਨਸ਼ਿਪ ਵਿੱਚ +80 ਕਿੱਲੋ ਭਾਰ ਵਰਗ ਵਿੱਚ 5ਜੈਬ ਬਾਕਸਿੰਗ ਅਕੈਡਮੀ ਚਕਰ ਦੇ ਜਸ਼ਨਪ੍ਰੀਤ ਸਿੰਘ ਗਰੇਵਾਲ ਨੇ ਸੋਨ ਤਮ.ਗਾ ਜਿੱਤਿਆ। ਉਸ ਨੇ ਇਨ੍ਹਾਂ ਮੁਕਾਬਲਿਆਂ ਵਿੱਚ ਬੀ.ਬੀ.ਐੱਸ.ਬੀ. ਸਕੂਲ ਸਿੱਧਵਾਂ ਬੇਟ ਵੱਲੋਂ ਭਾਗ ਲਿਆ। ਜਸ਼ਨਪ੍ਰੀਤ ਦਾ ਪਿੰਡ ਵਾਸੀਆਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਅਮਿਤ ਕੁਮਾਰ ਨੇ ਦੱਸਿਆ ਕਿ ਜਸ਼ਨਪ੍ਰੀਤ ਸਿੰਘ ਗਰੇਵਾਲ ਚਕਰ ਬਾਕਸਿੰਗ ਅਕੈਡਮੀ ਦਾ ਹੋਣਹਾਰ ਮੁੱਕੇਬਾਜ਼ ਹੈ ਤੇ ਭਵਿੱਖ ਵਿੱਚ ਉਸ ਤੋਂ ਵੱਡੀਆਂ ਉਮੀਦਾਂ ਹਨ। ਰਛਪਾਲ ਸਿੰਘ ਸਿੱਧੂ ਨੇ ਵੀ ਜਸ਼ਨਪ੍ਰੀਤ ਸਿੰਘ ਤੇ ਅਕੈਡਮੀ ਪ੍ਰਬੰਧਕਾਂ ਨੂੰ ਮੁਬਾਰਕਾਂ ਦਿੰਦਿਆਂ ਕਿਹਾ ਕਿ ਜਵਾਨੀ ਨੂੰ ਨਸ਼ਿਆਂ ਆਦਿ ਦੀਆਂ ਅਲਾਮਤਾਂ ਤੋਂ ਬਚਾਉਣ ਲਈ ਅਕੈਡਮੀ ਵਧੀਆ ਉਪਰਾਲੇ ਕਰ ਰਹੀ ਹੈ। ਅਕੈਡਮੀ ਦੀ ਇਸ ਪ੍ਰਾਪਤੀ ਉੱਤੇ 5ਜੈਬ ਫਾਊਂਡੇਸ਼ਨ ਦੇ ਫਾਊਂਡਰ ਜਗਦੀਪ ਸਿੰਘ ਘੁੰਮਣ, ਡਾਇਰੈਕਟਰ ਜਗਰੂਪ ਸਿੰਘ ਜਰਖੜ, ਅਮਰੀਕਾ ਤੋਂ ਰੁਪਿੰਦਰ ਸਿੰਘ ਸਿੱਧੂ, ਦਰਸ਼ਨ ਸਿੰਘ ਗਿੱਲ, ਗੁਰਜੰਟ ਸਿੰਘ ਸੰਧੂ, ਕੁਲਦੀਪ ਸਿੰਘ ਜੈਦ ਸਿੱਧੂ, ਜੱਗਾ ਯੂ.ਕੇ., ਹੈਪੀ ਅਮਰੀਕਾ, ਦਰਸ਼ਨ ਸਿੰਘ ਸਿੱਧੂ ਆਸਟਰੇਲੀਆ ਨੇ ਜਸ਼ਨਪ੍ਰੀਤ ਸਿੰਘ ਤੇ ਕੋਚ ਰਵੀਨਾ ਸਹੋਤਾ ਨੂੰ ਵਿਸ਼ੇਸ਼ ਤੌਰ 'ਤੇ ਮੁਬਾਰਕਵਾਦ ਭੇਜੀ। ਇਸ ਮੌਕੇ ਸਰਪੰਚ ਸੁਖਦੇਵ ਸਿੰਘ, ਪੰਚ ਮਨਪ੍ਰੀਤ ਸਿੰਘ ਦੁੱਲਾ, ਜਸਵਿੰਦਰ ਸਿੰਘ ਛਿੰਦਾ, ਹਰਜਿੰਦਰ ਸਿੰਘ ਗਰੇਵਾਲ, ਕੁਲਵੰਤ ਸਿੰਘ ਗਰੇਵਾਲ, ਦਿਲਬਾਗ ਸਿੰਘ ਚੀਮਾ, ਸੁਖਮੰਦਰ ਸਿੰਘ ਸਿੱਧੂ, ਗੁਰਨਾਮ ਸਿੰਘ ਬਾਠ, ਪ੍ਰਿੰ. ਬਲਵੰਤ ਸਿੰਘ ਸੰਧੂ ਆਦਿ ਹਾਜ਼ਰ ਸਨ।

# ਆਲ ਇੰਡੀਆ ਵਰਕਰਜ਼/ਹੈਲਪਰਜ਼ ਯੂਨੀਅਨ (ਏਟਕ) ਵੱਲੋਂ ਰੋਹ ਭਰਪੂਰ ਧਰਨਾ

## ਆਂਗਣਵਾੜੀ ਵਰਕਰਾਂ/ਹੈਲਪਰਾਂ ਨੂੰ ਸਰਕਾਰੀ ਮੁਲਾਜ਼ਮ ਮੰਨ ਕੇ ਬਣਦੀਆਂ ਉਜਰਤਾਂ ਦਿੱਤੀਆਂ ਜਾਣ : ਬੇਦੀ, ਛੱਪੜੀਵਾਲਾ


ਜਲਾਲਾਬਾਦ 'ਚ ਆਂਗਣਵਾੜੀ ਵਰਕਰ/ਹੈਲਪਰ ਰੋਸ ਪ੍ਰਦਰਸ਼ਨ ਕਰਦੇ।

**ਜਲਾਲਾਬਾਦ** (ਜੀਤ ਕੁਮਾਰ)-ਆਲ ਇੰਡੀਆ ਆਂਗਨਵਾੜੀ ਵਰਕਰਜ਼/ਹੈਲਪਰਜ਼ ਯੂਨੀਅਨ (ਏਟਕ) ਵੱਲੋਂ ਮੋਦੀ ਹਕੂਮਤ ਵਿਰੁੱਧ ਪੰਜਾਬ ਭਰ ਵਿੱਚ 10 ਟਰੇਡ ਯੂਨੀਅਨਾਂ ਦੇ ਉਲੀਕੇ ਪ੍ਰੋਗਰਾਮ ਮੁਤਾਬਕ ਸਥਾਨਕ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਵਿਸ਼ਾਲ ਇਕੱਠ ਕਰਕੇ ਰੋਹ ਭਰਪੂਰ ਪ੍ਰਦਰਸ਼ਨ ਕੀਤਾ ਗਿਆ। ਇਸ ਧਰਨੇ ਨੂੰ ਸੰਬੋਧਨ ਕਰਦਿਆਂ ਸੂਬਾ ਸਕੱਤਰ ਸੁਨੀਲ ਕੌਰ ਬੇਦੀ ਨੇ ਕਿਹਾ ਕਿ ਆਂਗਨਵਾੜੀ ਵਰਕਰਾਂ-ਹੈਲਪਰਾਂ ਕੋਲੋਂ ਕੰਮ ਦਿਨ-ਰਾਤ ਲਿਆ ਜਾਂਦਾ, ਪਰ ਉਨ੍ਹਾ ਨੂੰ ਮਿਹਨਤਾਨਾ ਬਹੁਤ ਘੱਟ ਦੇ ਕੇ ਉਨ੍ਹਾ ਦੀ ਕਿਰਤ ਦੀ ਵੱਡੀ ਲੁੱਟ ਕੀਤੀ ਜਾ ਰਹੀ ਹੈ, ਜਿਸ ਤੋਂ ਨਿਰਾਸ਼ ਹੋਈਆਂ ਵਰਕਰਾਂ/ਹੈਲਪਰਾਂ ਮਾਨਸਿਕ ਪ੍ਰੇਸ਼ਾਨੀ ਦਾ ਸ਼ਿਕਾਰ ਹੋ ਰਹੀਆਂ ਹਨ। ਬਲਾਕ ਪ੍ਰਧਾਨ ਬਲਵਿੰਦਰ ਕੌਰ ਮੁਹੰਮਦੇ ਵਾਲਾ ਨੇ ਕਿਹਾ ਕਿ ਹੁਣ ਆਂਗਨਵਾੜੀ ਵਰਕਰਾਂ ਕੋਲੋਂ ਪੋਸ਼ਣ, ਪੀ.ਐੱਮ.ਵੀ.ਵਾਈ. ਦਾ ਕੰਮ ਆਫ ਲਾਈਨ ਤੇ ਆਨਲਾਈਨ ਕਰਵਾ ਕੇ ਵਾਧੂ ਬੋਝ ਪਾਇਆ ਜਾ ਰਿਹਾ ਹੈ, ਜੋ ਕਿ ਕਲਰਕ ਦੇ ਕੰਮ ਤੋਂ ਵੀ ਕਿਤੇ ਜ਼ਿਆਦਾ ਬਣ ਜਾਂਦਾ ਹੈ। ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਸਾਡੇ 'ਤੇ ਕੰਮ ਦਾ ਵਾਧੂ ਬੋਝ ਨਾ ਪਾਇਆ ਜਾਵੇ। ਸੂਬਾ ਪ੍ਰਧਾਨ ਸਰੋਜ ਛੱਪੜੀਵਾਲਾ ਨੇ ਕਿਹਾ ਕਿ ਆਂਗਨਵਾੜੀ ਵਰਕਰਾਂ ਨੂੰ 3 ਤੋਂ 6 ਸਾਲ ਦੇ ਬੱਚੇ ਵਾਪਸ ਦੇ ਕੇ ਪ੍ਰੀ ਨਰਸਰੀ ਟੀਚਰ ਬਣਾਇਆ ਜਾਵੇ। ਆਂਗਨਵਾੜੀ ਵਰਕਰ ਨੂੰ ਦਰਜਾ ਤਿੰਨ ਤੇ ਹੈਲਪਰ ਨੂੰ ਦਰਜਾ ਚਾਰ ਦਾ ਗ੍ਰੇਡ ਦਿੱਤਾ ਜਾਵੇ। ਜਿੰਨੀ ਦੇਰ ਤੱਕ ਸਰਕਾਰ ਇਹ ਨਹੀਂ ਦਿੰਦੀ, ਉਨੀ ਦੇਰ ਤੱਕ ਘੱਟੋ-ਘੱਟ ਮਿਨੀਮਮ ਵੇਜ ਵਰਕਰ ਨੂੰ 26000 ਤੇ ਹੈਲਪਰ ਨੂੰ 18000 ਰੁਪਏ ਦੇ ਕੇ ਉਸ ਦੀ ਹੋ ਰਹੀ ਕਿਰਤੀ ਤੇ ਆਰਥਿਕ ਲੁੱਟ ਬੰਦ ਕੀਤੀ ਜਾਵੇ। ਸੂਬਾਈ ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਬਣਨ 'ਤੇ ਤੁਹਾਡਾ ਮਾਨਭੱਤਾ ਦੁੱਗਣਾ ਕੀਤਾ ਜਾਵੇਗਾ, ਜੋ ਅਜੇ ਤੱਕ ਨਹੀਂ ਕੀਤਾ। ਉਨ੍ਹਾਂ ਨੇ ਚਿੰਤਾ ਜ਼ਾਹਰ ਕੀਤੀ ਕਿ ਸਰਕਾਰ ਆਂਗਨਵਾੜੀ ਵਰਕਰਾਂ ਨਾਲ ਹੀ ਮਤਰੇਈ ਮਾਂ ਵਾਲਾ ਸਲੂਕ ਕਿਉਂ ਕਰ ਰਹੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇ ਪੰਜਾਬ ਸਰਕਾਰ ਨੇ ਵੀ ਸਾਡੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਸਮੇਂ ਵਿੱਚ ਤਿੱਖੇ ਸੰਘਰਸ਼ ਵਿੱਢੇ ਜਾਣਗੇ, ਜਿਸ ਦਾ ਖਮਿਆਜ਼ਾ ਪੰਜਾਬ ਸਰਕਾਰ ਤੇ ਕੇਂਦਰ ਦੀ ਸਰਕਾਰ ਨੂੰ ਭੁਗਤਣਾ ਪਵੇਗਾ।

ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਵਾਲਾ ਛੇ ਮਹੀਨਿਆਂ ਦਾ ਰੁਕਿਆ ਮਾਨਭੱਤਾ ਤੁਰੰਤ ਦਿੱਤਾ ਜਾਵੇ, ਪੀ.ਐੱਮ.ਐੱਮ.ਵੀ.ਵਾਈ. ਦੇ ਪੈਸੇ ਵਰਦੀਆਂ ਦੇ ਪੈਸੇ ਬਿਲਡਿੰਗ ਫੰਡ ਵੀ ਜਲਦ ਤੋਂ ਜਲਦ ਦਿੱਤੇ ਜਾਣ। ਇਸ ਮੌਕੇ ਜਸਵੀਰ ਕੌਰ, ਭਗਵੰਤ ਕੌਰ ਸਰਕਲ ਲਮੋਚੜ ਕਲਾਂ, ਰਾਜ ਕੌਰ ਤੇ ਰਾਜ ਕੰਬੋਜ ਸਰਕਲ ਮੰਡੀ ਲਾਧੂਕਾ, ਸੁਸ਼ਮਾ ਸਰਕਲ ਬਾਹਮਣੀਵਾਲਾ, ਨੀਲਮ, ਜਸਵੀਰ ਹੋਜਖਾਸ ਘੁਬਾਇਆ ਸਰਕਲ, ਲਾਜਵੰਤੀ, ਮੰਜੂ ਬਾਲਾ, ਪ੍ਰਕਾਸ਼ ਕੌਰ ਵੈਰੋਕੇ ਸਰਕਲ, ਕੁਸ਼ਮਕਲੀ, ਅਮਰਜੀਤ, ਮੀਨੂੰ ਕੰਬੋਜ, ਸਰਕਲ ਬਸਤੀ ਭੁੰਮਣ ਸ਼ਾਹ ਰਾਜਵੰਤ ਕੌਰ ਬਿਮਲਾ ਰਾਣੀ, ਕਿਰਨਾ, ਅਰਬਨ ਸਰਕਲ ਜਲਾਲਾਬਾਦ ਕੈਲਾਸ਼ ਛੱਪੜੀਵਾਲਾ, ਬਿਮਲਾ ਗੁਰਪ੍ਰੀਤ ਕੌਰ ਆਦਿ ਹਾਜ਼ਰ ਸਨ।

# ਅਨੂਪ ਗਰਗ ਨੂੰ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਵਧਾਈ



**ਲਹਿਰਾ ਮੁਹੱਬਤ** (ਭੀਮ ਸੈਨ ਹਦਵਾਰੀਆ)-ਅੰਤਰਰਾਸ਼ਟਰੀ ਸੰਮੇਲਨ ਪੰਜਾਬ ਪ੍ਰਦੇਸ਼ ਦੁਆਰਾ ਸ੍ਰੀ ਅਨੂਪ ਕੁਮਾਰ ਗਰਗ ਨੂੰ ਜ਼ਿਲ੍ਹਾ ਬਠਿੰਡਾ ਦਾ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੀ ਮੈਨੇਜਿੰਗ ਕਮੇਟੀ, ਪ੍ਰਿੰਸੀਪਲ ਤੇ ਸਟਾਫ ਨੇ ਗੁਲਦਸਤਾ ਦੇ ਕੇ ਸਨਮਾਨਤ ਕੀਤਾ ਅਤੇ ਵਧਾਈ ਦਿੰਦਿਆਂ ਉਮੀਦ ਜਤਾਈ ਕਿ ਉਹ ਆਪਣੇ ਪਿਤਾ ਵਾਂਗ ਇਸ ਜ਼ਿੰਮੇਵਾਰੀ ਨੂੰ ਨਿਭਾਉਣਗੇ। ਅਨੂਪ ਕੁਮਾਰ ਗਰਗ ਬਠਿੰਡਾ ਸ਼ਹਿਰ ਦੇ ਪ੍ਰਸਿੱਧ ਸਮਾਜ ਸੇਵੀ ਸ੍ਰੀ ਗੁਰਦਾਸ ਗਰਗ, ਜੋ ਕਿ ਆਲ ਇੰਡੀਆ ਪੀਰਖਾਨਾ, ਬਿਰਧ ਆਸ਼ਰਮ, ਗਊਸ਼ਾਲਾ ਸਮੇਤੇ ਹੋਰ ਕਈ ਸਮਾਜ ਸੇਵੀ ਸੰਸਥਾਵਾਂ ਦੇ ਸਰਪ੍ਰਸਤ ਮੈਂਬਰ ਸਨ, ਦੇ ਹੋਣਹਾਰ ਸਪੁੱਤਰ ਹਨ, ਜੋ ਅਨੂਪ ਇੰਟਰਪ੍ਰਾਈਜਜ਼ ਦੇ ਮਾਲਕ ਹਨ। ਸਕੂਲ ਦੇ ਐੱਮ. ਡੀ. ਪ੍ਰੋਫ਼ੈਸਰ ਐੱਮ. ਐੱਲ. ਅਰੋੜਾ ਨੇ ਕਿਹਾ ਕਿ ਅਨੂਪ ਕੁਮਾਰ ਗਰਗ ਸਕੂਲ ਦੀ ਹਰ ਗਤੀਵਿਧੀ ਵਿੱਚ ਸਕੂਲ ਨੂੰ ਮਦਦ ਕਰਨ ਲਈ ਹਮੇਸ਼ਾ ਹੀ ਤਿਆਰ ਰਹਿੰਦੇ ਹਨ। ਸ੍ਰੀ ਅਰੋੜਾ ਨੇ ਦੁਆ ਕਰਦਿਆਂ ਕਿਹਾ ਕਿ ਪ੍ਰਮਾਤਮਾ ਉਨ੍ਹਾਂ ਨੂੰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰੱਖੇ ਤੇ ਉਹ ਹਰ ਖੇਤਰ ਵਿੱਚ ਅੱਗੇ ਵਧਦੇ ਰਹਿਣ।

# ਕਾਮਰੇਡ ਪ੍ਰੀਤਮ ਸਿੰਘ ਦਰਦੀ ਦੀ ਬਰਸੀ ਮੌਕੇ ਯਾਦਗਾਰੀ ਸਮਾਗਮ

## ਅੱਖਾਂ ਦੇ 300 ਮਰੀਜ਼ਾਂ ਦੀ ਜਾਂਚ, 50 ਮਰੀਜ਼ ਅਪ੍ਰੇਸ਼ਨ ਲਈ ਚੁਣੇ



**ਮਹਿਲ ਕਲਾਂ** (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਉੱਘੇ ਕਮਿਊਨਿਸਟ ਆਗੂ ਲੋਕ ਪੱਖੀ ਲਹਿਰਾਂ ਦੇ ਨਿਧੜਕ ਜਰਨੈਲ ਕਾਮਰੇਡ ਪ੍ਰੀਤਮ ਸਿੰਘ ਦਰਦੀ ਦੀ ਪਹਿਲੀ ਬਰਸੀ ਯਾਦਗਾਰੀ ਸਮਾਗਮ ਮੌਕੇ ਪ੍ਰੈੱਸ ਕਲੱਬ ਮਹਿਲ ਕਲਾਂ ਦੇ ਸਹਿਯੋਗ ਨਾਲ ਅੱਖਾਂ ਦਾ ਮੁਫਤ ਚੈੱਕਅੱਪ, ਅਪ੍ਰੇਸ਼ਨ ਕੈਂਪ ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਮਹਿਲ ਕਲਾਂ ਵਿਖੇ ਲਗਾਇਆ ਗਿਆ। ਕੈਂਪ ਦਾ ਉਦਘਾਟਨ ਸਿਵਲ ਸਰਜਨ ਬਰਨਾਲਾ ਡਾ: ਜਸਬੀਰ ਸਿੰਘ ਔਲਖ ਨੇ ਕੀਤਾ। ਉਨ੍ਹਾ ਪ੍ਰਬੰਧਕਾਂ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਸਮਾਜ ਸੇਵੀ ਸੰਸਥਾਵਾਂ ਨੂੰ ਲੋਕ ਭਲਾਈ ਦੇ ਕਾਰਜਾਂ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਵਿਸ਼ੇਸ਼ ਤੌਰ 'ਤੇ ਪੁੱਜੇ ਬਰਨਾਲਾ ਜਰਨਲਿਸਟ ਐਸੋਸੀਏਸ਼ਨ ਦੇ ਪ੍ਰਧਾਨ ਰਾਜਿੰਦਰ ਬਰਾੜ, ਅਜੀਤ ਉੱਪ ਦਫਤਰ ਦੇ ਇੰਚਾਰਜ ਗੁਰਪ੍ਰੀਤ ਸਿੰਘ ਲਾਡੀ, ਐੱਸ ਐੱਮ ਓ ਗੁਰਤੇਜਿੰਦਰ ਕੌਰ, ਬਾਬਾ ਸ਼ੇਰ ਸਿੰਘ ਖਾਲਸਾ, ਕਾਂਗਰਸੀ ਆਗੂ ਗੁਰਮੇਲ ਸਿੰਘ ਮੌੜ, ਨੰਬਰਦਾਰ ਮਹਿੰਦਰ ਸਿੰਘ, ਭਾਕਿਯੂ ਕਾਦੀਆਂ ਦੇ ਪ੍ਰਧਾਨ ਜਗਸੀਰ ਸਿੰਘ ਛੀਨੀਵਾਲ, ਰਾਜੇਵਾਲ ਦੇ ਨਿਰਭੈ ਸਿੰਘ ਗਿਆਨੀ, ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਪ੍ਰਧਾਨ ਮੁਕੰਦ ਸਿੰਘ, ਨੰਬਰਦਾਰ ਨਛੱਤਰ ਸਿੰਘ ਸਿੱਧੂ, ਭਾਈ ਜਗਸੀਰ ਸਿੰਘ ਖਾਲਸਾ, ਗਿਆਨੀ ਕਰਮ ਸਿੰਘ ਨੇ ਕਾਮਰੇਡ ਦਰਦੀ ਵੱਲੋਂ ਲੋਕ ਪੱਖੀ ਲਹਿਰਾਂ ਤੇ ਸਮਾਜ ਸੇਵੀ ਖੇਤਰ 'ਚ ਪਾਏ ਅਹਿਮ ਯੋਗਦਾਨ ਦੀ ਚਰਚਾ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਬੇਦਾਗ ਜੀਵਨ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਹੈ। ਸਿਵਲ ਹਸਪਤਾਲ ਬਰਨਾਲਾ ਤੋਂ ਅੱਖਾਂ ਦੇ ਮਾਹਰ ਡਾਕਟਰ ਇੰਦੂ ਬਾਂਸਲ, ਡਾ: ਗੁਰਿੰਦਰ ਸਿੰਘ ਭੱਠਲ ਦੀ ਅਗਵਾਈ ਹੇਠ ਟੀਮ ਵੱਲੋਂ 250 ਮਰੀਜ਼ਾਂ ਦੀ ਜਾਂਚ, ਲੋੜਵੰਦ 40 ਮਰੀਜ਼ਾਂ ਨੂੰ ਲੈਂਜ ਪਾਉਣ ਲਈ ਰੈਫਰ ਕੀਤਾ ਗਿਆ।

ਇਸ ਮੌਕੇ ਤਾਰਾ ਸਿੰਘ ਮਾਨਸਾ, ਬਲਦੇਵ ਸਿੰਘ ਲੌਂਗੋਵਾਲ, ਬਾਬੂ ਰੋਸ਼ਨ ਲਾਲ ਬਾਂਸਲ, ਪ੍ਰਿੰ: ਭੁਪਿੰਦਰ ਸਿੰਘ ਢਿੱਲੋਂ, ਕੁਲਜੀਤ ਸਿੰਘ ਵਜੀਦਕੇ, ਹਰਵਿੰਦਰ ਸਰਮਾ, ਮੰਗਤ ਸਿੰਘ ਸਿੱਧੂ, ਕਾ: ਬਵਨ ਸਿੰਘ ਖਿਆਲੀ, ਚੇਅਰਮੈਨ ਅਵਤਾਰ ਸਿੰਘ ਅਣਖੀ, ਬਲਵਿੰਦਰ ਸਿੰਘ ਵਜੀਦਕੇ, ਬਲਜਿੰਦਰ ਸਿੰਘ ਢਿੱਲੋਂ, ਸੋਨੀ ਮਾਂਗੇਵਾਲ, ਮੇਘ ਰਾਜ ਜੋਸ਼ੀ, ਡਾ: ਜਗਰਾਜ ਮੂੰਮ, ਸੁਖਵੀਰ ਜਗਦੇ, ਜਗਸੀਰ ਸਹਿਜੜਾ, ਰਮਨਦੀਪ ਧਾਲੀਵਾਲ, ਬਲਵੰਤ ਚੁਹਾਨਕੇ, ਗੁਰਪ੍ਰੀਤ ਅਣਖੀ, ਪ੍ਰਦੀਪ ਚਹਿਲ, ਪ੍ਰਦੀਪ ਲੋਹਗੜ੍ਹ, ਗੁਰਮੀਤ ਸਿੰਘ ਬਰਨਾਲਾ, ਮਨੋਜ ਸ਼ਰਮਾ, ਭਾਈ ਰਾਜਵਿੰਦਰ ਸਿੰਘ, ਮੰਗਲ ਸਿੰਘ ਠੀਕਰੀਵਾਲਾ, ਬਿਕਰਮ ਸਿੰਘ ਗਿੱਲ, ਕੁਲਵਿੰਦਰ ਸਿੰਘ ਬਿੱਟੂ, ਸਰਬਜੀਤ ਸਿੰਘ ਸੰਭੂ, ਗੁਰਦੀਪ ਸਿੰਘ ਟਿਵਾਣਾ, ਹਾਕਮ ਸਿੰਘ ਸਮਾਧ ਭਾਈ, ਦਵਿੰਦਰ ਸਿੰਘ ਲੋਟੇ, ਜੋਗਿੰਦਰ ਸਿੰਘ ਮਠਾੜੂ, ਗੁਲਵੰਤ ਸਿੰਘ ਔਲਖ, ਡਾ: ਲਾਜਪਤ ਰਾਏ ਬਾਂਸਲ, ਜਥੇ: ਮੁਖਤਿਆਰ ਸਿੰਘ ਛਾਪਾ, ਦਰਸ਼ਨ ਸਿੰਘ ਛਾਪਾ, ਪਰਮਜੀਤ ਗਾਂਧੀ, ਮੋਹਿਤ ਗਰਗ ਹੀਰਾ, ਲਖਵੀਰ ਸਿੰਘ ਐੱਸ.ਡੀ.ਓ, ਜਗਮੇਲ ਸਿੰਘ ਛੀਨੀਵਾਲ ਆਦਿ ਹਾਜ਼ਰ ਸਨ।

# ਕਾਤਰਾਂ

## ਨਵੋਦਿਆ ਵਿਦਿਆਲਿਆ ਵੱਲੋਂ ਦਾਖਲਾ ਮਿਤੀ 'ਚ ਵਾਧਾ

**ਫਾਜ਼ਿਲਕਾ** (ਨਿਸ਼ਾ ਸ਼ਰਮਾ)-ਜਵਾਹਰ ਨਵੋਦਿਆ ਵਿਦਿਆਲਿਆ ਵੱਲੋਂ ਸਾਲ 2024-25 ਲਈ ਛੇਵੀਂ ਜਮਾਤ ਵਿੱਚ ਦਾਖਲੇ ਦੀ ਆਖਰੀ ਮਿਤੀ 'ਚ ਵਾਧਾ ਕਰਦੇ ਹੋਏ 17 ਅਗਸਤ 2023 ਕਰ ਦਿੱਤੀ ਹੈ। ਇਹ ਜਾਣਕਾਰੀ ਜਵਾਹਰ ਨਵੋਦਿਆ ਵਿਦਿਆਲਿਆ ਕਿੱਕਰ ਵਾਲਾ ਰੂਪਾ, ਜ਼ਿਲ੍ਹਾ ਫਾਜ਼ਿਲਕਾ ਦੇ ਪ੍ਰਿੰਸੀਪਲ ਸ੍ਰੀ ਅਸ਼ੋਕ ਕੁਮਾਰ ਵਰਮਾ ਨੇ ਦਿੱਤੀ। ਉਨ੍ਹਾ ਕਿਹਾ ਕਿ ਯੋਗ ਵਿਦਿਆਰਥੀ ਤੇ ਵਿਦਿਆਰਥਣਾਂ ਵਧੇਰੇ ਜਾਣਕਾਰੀ ਅਤੇ ਆਨਲਾਈਨ ਅਪਲਾਈ ਲਈ ਵੈੱਬਸਾਈਟ www.navodaya.gov.in 'ਤੇ ਵਿਜ਼ਿਟ ਕਰ ਸਕਦੇ ਹਨ।

## ਗੌਰਮਿੰਟ ਪੈਨਸ਼ਨਰਜ਼ ਐਸੋ. ਦੀ ਮੀਟਿੰਗ ਭਲਕੇ

**ਸ੍ਰੀ ਮੁਕਤਸਰ ਸਾਹਿਬ** (ਸ਼ਮਿੰਦਰਪਾਲ, ਪੂਜਾ)-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਜ਼ਿਲ੍ਹਾ ਇਕਾਈ ਦੀ ਮਾਸਿਕ ਮੀਟਿੰਗ 12 ਅਗਸਤ ਨੂੰ ਸਵੇਰੇ 9:00 ਵਜੇ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਹੋਵੇਗੀ। ਮੀਟਿੰਗ ਦੀ ਪ੍ਰਧਾਨਗੀ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਕਰਨਗੇ। ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਦੇ ਸੇਵਾ ਮੁਕਤ ਕਰਮਚਾਰੀਆਂ ਦੀਆਂ ਪੈਨਸ਼ਨਰਜ਼ ਜਥੇਬੰਦੀਆਂ ਦੇ ਆਗੂ ਤੇ ਮੈਂਬਰ ਭਾਗ ਲੈਣਗੇ। ਇਹ ਜਾਣਕਾਰੀ ਇੱਥੇ ਐਸੋਸੀਏਸ਼ਨ ਦੇ ਜ਼ਿਲ੍ਹਾ ਜਨਰਲ ਸਕੱਤਰ ਬਲਵੰਤ ਸਿੰਘ ਅਟਵਾਲ ਨੇ ਦਿੱਤੀ। ਪ੍ਰਧਾਨ ਸ਼ਰਮਾ ਨੇ ਜ਼ਿਲ੍ਹੇ ਦੇ ਸਾਰੇ ਵਿਭਾਗਾਂ ਦੇ ਪੈਨਸ਼ਨਰਾਂ ਤੇ ਫੈਮਲੀ ਪੈਨਸ਼ਨਰਾਂ ਨੂੰ ਮੀਟਿੰਗ ਵਿੱਚ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ ਹੈ।

## ਨਸ਼ੀਲੇ ਪਦਾਰਥਾਂ ਸਮੇਤ ਕਾਬੂ

**ਭੀਖੀ** (ਧਰਮਵੀਰ ਸ਼ਰਮਾ)-ਭੀਖੀ ਪੁਲਸ ਨੇ ਇੱਕ ਵਿਅਕਤੀ ਨੂੰ ਨਸ਼ੀਲੇ ਪਦਾਰਥਾਂ ਸਮੇਤ ਕਾਬੂ ਕੀਤਾ ਹੈ। ਐੱਸ ਐੱਚ ਓ ਭੀਖੀ ਈਸ਼ਾਨ ਸਿੰਗਲਾ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਨਛੱਤਰ ਸਿੰਘ ਵੱਲੋਂ ਸਥਾਨਕ ਅਨਾਜ ਮੰਡੀ ਨੇੜਿਉਂ ਇੱਕ ਵਿਅਕਤੀ ਰਾਜੂ ਸਿੰਘ ਪੁੱਤਰ ਲੱਖਾ ਸਿੰਘ ਵਾਸੀ ਭੀਖੀ ਨੂੰ ਕਾਬੂ ਕਰਕੇ ਉਸ ਦੇ ਪਾਸੋਂ 6 ਨਸ਼ੀਲੀਆਂ ਸ਼ੀਸ਼ੀਆਂ ਤੇ 100 ਨਸ਼ੀਲੀਆਂ ਗੋਲੀਆਂ ਬਰਾਮਦ ਕਰਕੇ ਉਸ ਖਿਲਾਫ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਥਾਣਾ ਮੁਖੀ ਈਸ਼ਾਨ ਸਿੰਗਲਾ ਨੇ ਕਿਹਾ ਕਿ ਪੁਲਸ ਨਸ਼ਾ ਸਮੱਗਲਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ੇਗੀ ਨਹੀਂ।

## ਪਲੇਸਮੈਂਟ ਕੈਂਪ ਅੱਜ

**ਫ਼ਤਹਿਗੜ੍ਹ ਸਾਹਿਬ** (ਪ੍ਰਮੋਦ ਭਾਰਦਵਾਜ)-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਜ਼ਿਲ੍ਹੇ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ 11 ਅਗਸਤ ਨੂੰ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਆਈ.ਸੀ.ਆਈ.ਸੀ.ਆਈ. ਬੈਂਕ, ਐੱਲ.ਆਈ.ਸੀ. ਤੇ ਫਲਿੱਪਕਾਰਟ ਦੇ ਨੁਮਾਇੰਦੇ ਭਾਗ ਲੈਣਗੇ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਫਸਰ ਕੰਵਲਪੁਨੀਤ ਕੌਰ ਨੇ ਦੱਸਿਆ ਕਿ ਫਲਿਪਕਾਰਟ ਵਿੱਚ ਸਿਰਫ ਲੜਕੇ ਭਾਗ ਲੈ ਸਕਦੇ ਹਨ, ਜਦੋਂਕਿ ਆਈ.ਸੀ.ਆਈ.ਸੀ.ਆਈ. ਬੈਂਕ ਤੇ ਐੱਲ.ਆਈ.ਸੀ. 'ਚ ਲੜਕੇ ਤੇ ਲੜਕੀਆਂ ਦੋਵੇਂ ਭਾਗ ਲੈ ਸਕਦੇ ਹਨ। ਜ਼ਿਲ੍ਹਾ ਰੋਜ਼ਗਾਰ ਅਫਸਰ ਨੇ ਦੱਸਿਆ ਕਿ ਇਸ ਕੈਂਪ ਲਈ ਇੰਟਰਵਿਊ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਦਫ਼ਤਰ ਸਵੇਰੇ 10:00 ਵਜੇ ਹੋਵੇਗੀ।

## ਫ੍ਰੀ ਮੈਡੀਕਲ ਕੈਂਪ ਭਲਕੇ

**ਦਿੜ੍ਹਬਾ** (ਜਸਵੀਰ ਲਾਡੀ)-ਇੱਥੇ ਪੰਜਾਬ ਸਟੇਟ ਆਯੁਰਵੈਦਕ ਸੇਵਾ ਸੰਘ ਦੇ ਜਨਰਲ ਸਕੱਤਰ ਮੰਗਤ ਰਾਏ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਦਿਨਾਂ ਤੋਂ ਘੱਗਰ ਦੀ ਮਾਰ ਹੇਠ ਪਿੰਡਾਂ 'ਚ ਹੜ੍ਹ ਆਉਣ ਕਰਕੇ ਫਸਲਾਂ, ਘਰਾਂ ਤੇ ਪਸ਼ੂਆਂ ਦਾ ਕਾਫੀ ਨੁਕਸਾਨ ਹੋ ਗਿਆ ਹੈ ਅਤੇ ਹੁਣ ਹੜ੍ਹਾਂ ਦੇ ਪਾਣੀ ਕਰਕੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਫੈਲ ਰਹੀਆਂ ਹਨ। ਸੇਵਾ ਸੰਘ ਦੀ ਸਟੇਟ ਕਮੇਟੀ ਨੇ ਫੈਸਲਾ ਲਿਆ ਹੈ ਕਿ ਸਾਡੇ ਪੇਂਡੂ ਡਾਕਟਰ ਲੋਕਾਂ ਦੀ ਪਿੰਡਾਂ ਵਿੱਚ ਪਹਿਲਾਂ ਹੀ ਸੇਵਾ ਕਰਦੇ ਹਨ, ਇਸ ਔਖੀ ਘੜੀ ਵਿੱਚ ਮੌਕਰੜ ਸਾਹਿਬ 12 ਅਗਸਤ ਨੂੰ 9 ਤੋਂ 4 ਵਜੇ ਤੱਕ ਫ੍ਰੀ ਮੈਡੀਕਲ ਕੈਂਪ ਲਾ ਕੇ ਮਨੁੱਖਤਾ ਦੀ ਸੇਵਾ ਕੀਤੀ ਜਾਵੇ। ਉਨ੍ਹਾਂ ਸੰਘ ਦੇ ਵਰਕਰ ਨੂੰ ਅਪੀਲ ਕੀਤੀ ਕਿ ਆਪਣੇ ਆਈ ਕਾਰਡ ਗਲਾਂ ਵਿੱਚ ਪਾ ਕੇ ਤੇ ਬੀ. ਪੀ. ਸੈੱਟ, ਪਲਸ ਮੀਟਰ ਤੇ ਥਰਮਾਮੀਟਰ ਨਾਲ ਲੈ ਕੇ ਆਉਣ।

## 2 ਕਿੱਲੋ ਅਫ਼ੀਮ ਸਮੇਤ ਦੋ ਕਾਬੂ

**ਮਲੋਟ** (ਗੁਰਮੀਤ ਸਿੰਘ ਮੱਕੜ)-ਸਥਾਨਕ ਥਾਣਾ ਸਦਰ ਪੁਲਸ ਨੇ ਵੱਡੀ ਮਾਤਰਾ ਵਿੱਚ ਅਫ਼ੀਮ ਸਮੇਤ ਦੋ ਨੌਜਵਾਨਾਂ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਮਲੋਟ ਤੋਂ ਸ਼ਹਿਰ ਮਲੋਟ ਨੂੰ ਜਾ ਰਹੇ ਸੀ ਤਾਂ ਦੋ ਨੌਜਵਾਨ, ਜਿਨ੍ਹਾਂ ਦੇ ਹੱਥਾਂ ਵਿੱਚ ਕਾਲੇ ਰੰਗ ਦੇ ਪਿੱਠੂ ਬੈਗ ਫੜਿਆ ਹੋਇਆ ਸੀ, ਬੱਸ ਵਿੱਚੋਂ ਉੱਤਰੇ ਤੇ ਪੁਲਸ ਪਾਰਟੀ ਨੂੰ ਵੇਖ ਕੇ ਇੱਕਦਮ ਘਬਰਾ ਕੇ ਪਿੱਛੇ ਭੱਜਣ ਲੱਗੇ ਤਾਂ ਪੁਲਸ ਪਾਰਟੀ ਨੇ ਉਨ੍ਹਾਂ ਨੂੰ ਕਾਬੂ ਕਰਕੇ ਨਾਮ ਪਤਾ ਪੁੱਛਿਆ ਤਾਂ ਉਕਤ ਨੌਜਵਾਨਾਂ ਨੇ ਆਪਣਾ ਨਾਮ ਭੋਜਰਾਜ ਜਟੀਆ ਤੇ ਘਨੱਈਆ ਲਾਲ ਜਟੀਆ ਵਾਸੀ ਸੋਨਗਰ (ਚਿਤੌੜਗੜ੍ਹ) ਰਾਜਸਥਾਨ ਦੱਸਿਆ। ਪੁਲਸ ਵੱਲੋਂ ਪਿੱਠੂ ਬੈਗ ਦੀ ਜਾਂਚ ਕਰਨ ਉਪਰੰਤ ਉਸ ਵਿੱਚੋਂ ਦੋ ਕਿਲੋਗ੍ਰਾਮ ਅਫ਼ੀਮ ਬਰਾਮਦ ਹੋਈ। ਪੁਲਸ ਨੇ ਉਕਤ ਨੌਜਵਾਨਾਂ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਏਕਤਾ ਭਲਾਈ ਮੰਚ ਵੱਲੋਂ ਵੀ ਸੀ ਨਾਲ ਮੀਟਿੰਗ 17 ਨੂੰ

**ਸ੍ਰੀ ਮੁਕਤਸਰ ਸਾਹਿਬ** (ਸ਼ਮਿੰਦਰਪਾਲ, ਪੂਜਾ)-ਏਕਤਾ ਭਲਾਈ ਮੰਚ ਵੱਲੋਂ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਡਾ. ਰਾਜੀਵ ਸੂਦ ਨਾਲ 17 ਅਗਸਤ ਨੂੰ ਸਵੇਰੇ 11:00 ਵਜੇ ਮੁਲਾਕਾਤ ਕੀਤੀ ਜਾਵੇਗੀ। ਮੁਲਾਕਾਤ ਦੌਰਾਨ ਯੂਨੀਵਰਸਿਟੀ ਕਰਮਚਾਰੀਆਂ ਦੀ ਹੱਕੀ ਮੰਗਾਂ ਤੇ ਆਮ ਲੋਕਾਂ ਦੀਆਂ ਮੁਸ਼ਕਲਾਂ ਸੰਬੰਧੀ ਗੱਲਬਾਤ ਕੀਤੀ ਜਾਵੇਗੀ। ਇਥੇ ਮੰਚ ਦੇ ਬੁੱਧ ਵਿਹਾਰ ਸਥਿਤ ਮੁੱਖ ਦਫਤਰ ਤੋਂ ਜਾਣਕਾਰੀ ਦਿੰਦੇ ਹੋਏ ਐੱਲ.ਬੀ.ਸੀ.ਟੀ. ਦੇ ਚੇਅਰਮੈਨ ਤੇ ਆਲ ਇੰਡੀਆ ਐੱਸ.ਸੀ./ਬੀ.ਸੀ./ ਐਸ.ਟੀ. ਏਕਤਾ ਭਲਾਈ ਮੰਚ ਦੇ ਰਾਸ਼ਟਰੀ ਪ੍ਰਧਾਨ ਦਲਿਤ ਰਤਨ ਜਗਦੀਸ਼ ਰਾਏ ਢੋਸੀਵਾਲ ਨੇ ਇਹ ਜਾਣਕਾਰੀ ਦਿੱਤੀ ਹੈ। ਉਨ੍ਹਾ ਦੱਸਿਆ ਕਿ ਉਨ੍ਹਾਂ ਵੱਲੋਂ ਬੀਤੇ ਕੱਲ੍ਹ ਵਾਇਸ ਚਾਂਸਲਰ ਡਾ. ਸੂਦ ਨਾਲ ਮੁਲਾਕਾਤ ਕਰਕੇ 9 ਸੂਤਰੀ ਏਜੰਡਾ ਪੱਤਰ ਸੌਂਪ ਦਿੱਤਾ ਗਿਆ ਹੈ।

# ਵੱਖ-ਵੱਖ ਜਥੇਬੰਦੀਆਂ ਵੱਲੋਂ ਕੇਂਦਰ ਸਰਕਾਰ ਖਿਲਾਫ ਰੋਸ ਮਾਰਚ

**ਸ੍ਰੀ ਮੁਕਤਸਰ ਸਾਹਿਬ** (ਸ਼ਮਿੰਦਰਪਾਲ, ਪੂਜਾ)-ਸੀਆਈਟੀਯੂ, ਆਂਗਣਵਾੜੀ ਵਰਕਰ ਤੇ ਹੈਲਪਰ ਯੂਨੀਅਨ, ਪੰਜਾਬ ਰੋਡੇਵੇਜ਼, ਪਨਬਸ\ਪੀਆਰਟੀਸੀ ਕੰਟਰੈਕਟ ਵਰਕਰਜ਼ ਯੂਨੀਅਨ, ਮਨਰੇਗਾ ਵਰਕਰਜ਼ ਯੂਨੀਅਨ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਸਾਂਝੇ ਤੌਰ 'ਤੇ ਕੇਂਦਰ ਸਰਕਾਰ ਦੀਆਂ ਲੋਕ-ਮਾਰੂ ਨੀਤੀਆਂ ਖਿਲਾਫ ਅੱਜ ਅੰਗਰੇਜ਼ੋ ਭਾਰਤ ਛੱਡੋ ਅੰਦੋਲਨ ਦੀ 81ਵੀਂ ਵਰ੍ਹੇਗੰਢ 'ਤੇ 'ਮੋਦੀ ਕੁਰਸੀ ਛੱਡੋ' ਦੇ ਸਬੰਧ 'ਚ ਸਥਾਨਕ ਬੱਸ ਅੱਡੇ ਤੋਂ ਰੋਸ ਮਾਰਚ ਕੱਢਿਆ ਗਿਆ। ਇਸ ਮੌਕੇ ਆਗੂਆਂ ਨੇ ਕਿਹਾ ਕਿ ਜਿਉਂਦੇ ਰਹਿਣ ਲਈ ਸਾਨੂੰ ਜਥੇਬੰਦ ਤੇ ਇਕਜੁਟ ਹੋਣ ਦੀ ਵੱਡੀ ਲੋੜ ਹੈ, ਕਿਉਂਕਿ ਹੱਕ ਕਦੇ ਵੀ ਥਾਲੀ 'ਚ ਪਰੋਸ ਕੇ ਨਹੀਂ ਮਿਲਦੇ। ਹੱਕ ਲੈਣ ਲਈ ਲਹੂ ਚੀਰਵੇਂ ਸੰਘਰਸ਼ਾਂ ਦੀ ਲੋੜ ਹੁੰਦੀ ਹੈ। ਜਾਗਦੇ ਸਿਰਾਂ ਵਾਲੇ ਲੋਕ ਹੀ ਹੱਕਾਂ ਦੀ ਲੜਾਈ ਲੜਦੇ ਹਨ, ਜਿਸ ਨਾਲ ਜਿੱਥੇ ਲੋਕਾਂ 'ਚ ਜਾਗਰਤੀ ਆਉਂਦੀ ਹੈ, ਉੱਥੇ ਲੋਕ ਘੋਲਾਂ 'ਚ ਵਧ ਚੜ੍ਹ ਕੇ ਹਿੱਸਾ ਲੈਂਦੇ ਹਨ, ਜਿਨ੍ਹਾਂ ਕੋਲ ਲੜਨ ਦਾ ਹੌਸਲਾ ਹੁੰਦਾ ਹੈ, ਉਹ ਹੀ ਸਮਾਜ ਤੇ ਦੇਸ਼ ਲਈ ਮਸ਼ਾਲ ਬਣਦੇ ਹਨ ਤੇ ਉਨ੍ਹਾਂ ਵੱਲੋਂ ਦਿੱਤੇ ਗਏ ਚਾਨਣ ਦੇ ਛਿੱਟੇ ਹਮੇਸ਼ਾ ਲੋਕਾਂ ਦਾ ਰਾਹ ਰੁਸ਼ਨਾਉਂਦੇ ਹਨ। ਇਸ ਮੌਕੇ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦੀ ਅਲੋਚਨਾ ਕਰਦਿਆਂ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਸੀਆਈਟੀਯੂ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਤਰਸੇਮ ਲਾਲ, ਸੁਰਜੀਤ ਸਿੰਘ, ਹਰਵਿੰਦਰ ਪਾਲ, ਰਾਜ ਕੁਮਾਰ, ਲਛਮਣ ਸਿੰਘ, ਸੁਖਦੇਵ ਸਿੰਘ ਲੰਡੇ ਰੋਡੇ, ਜੰਗੀਰ ਸਿੰਘ, ਸੁਖਦੇਵ ਸਿੰਘ, ਬਲਵੀਰ ਸਿੰਘ ਰੁਪਾਣਾ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਮੇਜਰ ਸਿੰਘ ਸੀਰਵਾਲੀ, ਆਂਗਣਵਾੜੀ ਮੁਲਾਜ਼ਮ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਅੰਮ੍ਰਿਤ ਪਾਲ ਕੌਰ ਚਾਹਲ, ਨੀਨਾ ਰਾਣੀ, ਬਿੰਦਰ ਕੌਰ, ਭਿੰਦਰਪਾਲ ਕੌਰ, ਸੁਰਜੀਤ ਕੌਰ, ਪਰਮਜੀਤ ਕੌਰ, ਕੁਲਦੀਪ ਕੌਰ, ਸਰਬਜੀਤ ਕੌਰ ਚੱਕ ਗਿਲਜੇਵਾਲਾ ਆਦਿ ਵੱਡੀ ਗਿਣਤੀ 'ਚ ਵਰਕਰ ਹਾਜ਼ਰ ਸਨ। ਇਸ ਮੌਕੇ ਮਨੀਪੁਰ ਵਿਖੇ ਵਾਪਰੇ ਅਣਮਨੁੱਖੀ ਵਰਤਾਰਿਆਂ ਦੀ ਨਿਖੇਧੀ ਕਰਦਿਆਂ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਵੀ ਕੀਤੀ।

# ਭਾਰਤੀਯ ਮਜ਼ਦੂਰ ਸੰਘ ਵੱਲੋਂ ਆੜ੍ਹਤੀਆਂ ਦੇ ਪੱਖ 'ਚ ਨਾਅਰੇਬਾਜ਼ੀ




**ਮੋਗਾ** (ਅਮਰਜੀਤ ਬੱਬਰੀ)-ਅਡਾਨੀ ਸਾਈਲੋ ਗਡਾਊਨ ਡਗਰੂ ਵਿਖੇ ਆੜ੍ਹਤੀਆਂ ਦੀ ਪਰਚੀ ਰਾਹੀਂ ਕਿਸਾਨਾਂ ਵੱਲੋਂ ਵੇਚੀ ਗਈ ਖੁੱਲ੍ਹੀ ਕਣਕ 'ਤੇ ਸਾਲ 2011 ਤੋਂ ਆੜ੍ਹਤੀਆਂ ਨੂੰ ਮਿਲਦੀ ਆ ਰਹੀ ਆੜ੍ਹਤ ਇਸ ਸਾਲ ਅਚਾਨਕ ਆੜ੍ਹਤੀਆਂ ਨੂੰ ਦੇਣੀ ਬੰਦ ਕਰ ਦਿੱਤੀ ਗਈ ਹੈ। ਆੜ੍ਹਤੀਆ ਐਸੋਸੀਏਸ਼ਨ ਨੇ ਆੜ੍ਹਤੀਆਂ ਦੀ ਬਣਦੀ ਆੜ੍ਹਤ ਦੇਣੀ ਜਾਰੀ ਰੱਖਣ ਦੀ ਮੰਗ ਨੂੰ ਲੈ ਕੇ ਸੰਘਰਸ਼ ਵਿੱਢਿਆ ਹੈ। ਆੜ੍ਹਤੀਆ ਐਸੋਸੀਏਸ਼ਨ ਦੇ ਇਸ ਸੰਘਰਸ਼ ਦਾ ਪੂਰਨ ਤੌਰ 'ਤੇ ਸਮਰਥਨ ਕਰਦਿਆਂ ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਤੇ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਨੇ ਆੜ੍ਹਤੀਆ ਐਸੋਸੀਏਸ਼ਨ ਮੋਗਾ ਦੇ ਪ੍ਰਧਾਨ ਸਮੀਰ ਜੈਨ ਤੇ ਸਕੱਤਰ ਰਾਹੁਲ ਗਰਗ ਅਤੇ ਪ੍ਰਦੇਸ ਪ੍ਰਧਾਨ ਵਿਜੇ ਕਾਲੜਾ ਨੂੰ ਭਰੋਸਾ ਦਿੱਤਾ ਕਿ ਆੜ੍ਹਤੀਆਂ ਦੇ ਨਾਲ ਹੀ ਮੰਡੀ ਦਾ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਹਿੱਤ ਵੀ ਜੁੜੇ ਹੋਏ ਹਨ, ਇਸ ਲਈ ਭਾਰਤੀਯ ਮਜ਼ਦੂਰ ਸੰਘ ਆੜ੍ਹਤੀਆਂ ਦੀ ਅਡਾਨੀ ਸਾਈਲੋ ਵਿਖੇ ਕਿਸਾਨਾਂ ਵੱਲੋਂ ਵੇਚੀ ਗਈ ਲੂਜ਼ ਕਣਕ 'ਤੇ ਆੜ੍ਹਤ ਵਸੂਲ ਕਰਨ ਦੀ ਮੰਗ ਨੂੰ ਜਾਇਜ਼ ਮੰਨਦਿਆਂ ਇਸ ਮੰਗ ਦਾ ਸਮਰਥਨ ਕਰਦੀ ਹੈ। ਵਿਜੇ ਧੀਰ ਨੇ ਕਿਹਾ ਕਿ ਅਡਾਨੀ ਸਾਈਲੋ ਵਿਖੇ ਕਿਸਾਨਾਂ ਵੱਲੋਂ ਆੜ੍ਹਤੀਆਂ ਦੀ ਪਰਚੀ ਰਾਹੀਂ ਵੇਚੀ ਗਈ ਲੂਜ਼ ਕਣਕ 'ਤੇ ਆੜ੍ਹਤ ਲੈਣਾ ਆੜ੍ਹਤੀਆਂ ਦਾ ਕਾਨੂੰਨੀ ਅਧਿਕਾਰ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮਿੱਡ ਡੇ ਮੀਲ ਕੁੱਕ ਯੂਨੀਅਨ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਐੱਲ ਪੀ ਜੀ ਗੈਸ ਸਪਲਾਈ ਵਰਕਰਜ਼ ਯੂਨੀਅਨ ਦੇ ਪ੍ਰਧਾਨ ਰਾਮ ਬਚਨ ਰਾਓ, ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਜਸਵਿੰਦਰ ਸਿੰਘ ਡੱਡ, ਮੇਜਰ ਸਿੰਘ ਲੰਡੇ ਕੇ, ਸੋਨੂੰ, ਹਰਜੀਤ ਸਿੰਘ, ਰਿੰਪੀ, ਛਿੰਦਾ, ਰੇਸ਼ਮ ਸਿੰਘ, ਵਿਜੇ ਕੁਮਾਰ, ਸੋਮਨਾਥ, ਗਗਨ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# 5-5 ਮਰਲੇ ਦੇ ਪਲਾਟ ਅਲਾਟ ਕਰਨ ਸੰਬੰਧੀ ਨਾਇਬ ਤਹਿਸੀਲਦਾਰ ਨੂੰ ਦਿੱਤਾ ਮੰਗ ਪੱਤਰ



**ਤਪਾ ਮੰਡੀ** (ਅਰੁਣ ਗੋਇਲ)-ਬਸਪਾ ਹਲਕਾ ਭਦੌੜ ਨੇ ਗਰੀਬ ਲੋਕਾਂ ਨੂੰ 5-5 ਮਰਲੇ ਦੀ ਜਗ੍ਹਾ ਅਲਾਟ ਕਰਨ ਸੰਬੰਧੀ ਨਾਇਬ ਤਹਿਸੀਲਦਾਰ ਤਪਾ ਨੂੰ ਮੰਗ ਪੱਤਰ ਦਿੱਤਾ ਗਿਆ। ਹਲਕਾ ਭਦੌੜ ਤੋਂ ਬਸਪਾ ਦੇ ਤਪਾ ਪ੍ਰਧਾਨ ਦਰਸ਼ਨ ਸਿੰਘ, ਜਗਰੂਪ ਸਿੰਘ ਪੱਖੋ ਕਲਾਂ ਹਲਕਾ ਇੰਚਾਰਜ ਨੇ ਮੰਗ ਪੱਤਰ 'ਚ ਦੱਸਿਆ ਕਿ ਗੁਲਜਾਰਾ ਸਿੰਘ ਪੁੱਤਰ ਬੰਤਾ ਸਿੰਘ, ਸੋਨੀ ਸਿੰਘ ਪੁੱਤਰ ਹਾਕਮ ਸਿੰਘ, ਸੇਵਕ ਸਿੰਘ ਪੁੱਤਰ ਲੀਲਾ ਸਿੰਘ, ਗੁਰਪ੍ਰੀਤ ਸਿੰਘ ਪੁੱਤਰ ਨਛੱਤਰ ਸਿੰਘ ਵਾਸੀਆਨ ਪੱਖੋ ਕਲਾਂ ਅਨੁਸੂਚਿਤ ਜਾਤੀ ਨਾਲ ਸੰਬੰਧ ਰੱਖਦੇ ਹਨ ਤੇ ਪਿੰਡ ਦੀ ਸ਼ਾਮਲਾਟ ਜਗ੍ਹਾ 'ਚ 40-50 ਸਾਲਾਂ ਤੋਂ ਮਕਾਨ ਬਣਾ ਕੇ ਰਹਿ ਰਹੇ ਹਨ, ਇਸ ਤੋਂ ਸਿਵਾਏ ਹੋਰ ਕੋਈ ਵੀ ਜਗ੍ਹਾ ਨਹੀਂ ਹੈ। ਪਿੰਡ ਦੀ ਪੰਚਾਇਤ ਵੱਲੋਂ ਬਿਨਾਂ ਵਜ੍ਹਾ ਤੋਂ ਉਠਾਇਆ ਜਾ ਰਿਹਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ 5-5 ਮਰਲੇ ਦੇ ਪਲਾਟ ਬਣਾ ਕੇ ਪੱਕਾ ਵਸੇਬਾ ਕੀਤਾ ਜਾਵੇ, ਸੰਬੰਧੀ ਐੱਸ.ਡੀ.ਐੱਮ. ਤਪਾ ਦੇ ਨਾਮ ਨਾਇਬ ਤਹਿਸੀਲਦਾਰ ਨੂੰ ਮੰਗ ਪੱਤਰ ਦਿੱਤਾ ਗਿਆ। ਨਾਇਬ ਤਹਿਸੀਲਦਾਰ ਗੁਰਬੰਸ਼ ਸਿੰਘ ਕੈਂਥ ਨੇ ਵਫਦ ਨੂੰ ਭਰੋਸਾ ਦਿੱਤਾ ਕਿ ਮੰਗ ਪੱਤਰ ਉੱਚ ਅਧਿਕਾਰੀਆਂ ਨੂੰ ਭੇਜ ਦਿੱਤਾ ਜਾਵੇਗਾ। ਇਸ ਮੌਕੇ ਬਸਪਾ ਜ਼ਿਲ੍ਹਾ ਪ੍ਰਧਾਨ ਅੰਗਰੇਜ ਸਿੰਘ, ਗੁਰਮੀਤ ਸਿੰਘ, ਜਗਸੀਰ ਸਿੰਘ, ਦਾਰਾ ਸਿੰਘ, ਤੇਜਾ ਸਿੰਘ, ਕਾਲਾ ਸਿੰਘ, ਸੋਨੀ ਸਿੰਘ, ਗੁਰਪ੍ਰੀਤ ਸਿੰਘ, ਗੁਰਜੰਟ ਸਿੰਘ ਆਦਿ ਪਾਰਟੀ ਵਰਕਰ ਹਾਜ਼ਰ ਸਨ।

# ਲਾਭਪਾਤਰੀਆਂ ਨੂੰ ਬੁਢਾਪਾ ਪੈਨਸ਼ਨ ਦੇ ਕਾਰਡ ਵੰਡੇ



**ਸਮਾਣਾ** (ਇਕਬਾਲ ਸਿੰਘ ਬੱਲ)-ਹਲਕਾ ਵਿਧਾਇਕ ਤੇ ਕੈਬਨਿਟ ਮੰਤਰੀ ਪੰਜਾਬ ਚੇਤਨ ਸਿੰਘ ਜੌੜਾਮਾਜਰਾ ਤੇ ਉਨ੍ਹਾਂ ਦੀ ਟੀਮ ਵੱਲੋਂ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀ ਵੱਖ-ਵੱਖ ਸਹੂਲਤਾਂ ਹਲਕੇ ਦੇ ਲੋਕਾਂ ਤੱਕ ਪਹੁੰਚਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਦੇ ਚੱਲਦਿਆਂ ਅੱਜ ਉਨ੍ਹਾ ਦੇ ਭਰਾ ਹਰਜਿੰਦਰ ਸਿੰਘ ਮਿੰਟੂ ਜੌੜਾਮਾਜਰਾ, ਆਪ ਪਾਰਟੀ ਦੇ ਐੱਸ ਸੀ ਵਿੰਗ ਦੇ ਹਲਕਾ ਇੰਚਾਰਜ ਸੁਰਜੀਤ ਸਿੰਘ ਦਈਆ ਤੇ ਆਪ ਦੀ ਮਹਿਲਾ ਵਿੰਗ ਪ੍ਰਧਾਨ ਸੁਨੈਨਾ ਮਿੱਤਲ ਵੱਲੋਂ ਸਥਾਨਕ ਆਪ ਪਾਰਟੀ ਦਫਤਰ ਵਿਖੇ ਯੋਗ ਲਾਭਪਾਤਰੀਆਂ ਨੂੰ ਬੁਢਾਪਾ ਪੈਨਸ਼ਨ ਦੇ ਕਾਰਡ ਵੰਡੇ ਗਏ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਸ. ਮਿੰਟੂ ਜੌੜਾਮਾਜਰਾ ਨੇ ਕਿਹਾ ਕਿ ਆਪ ਪਾਰਟੀ ਦੀ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ ਤੇ ਹਰ ਸੰਭਵ ਯਤਨ ਕਰਕੇ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਡਾ. ਦਈਆ ਤੇ ਸੁਨੈਨਾ ਮਿੱਤਲ ਨੇ ਕਿਹਾ ਕਿ ਹਲਕੇ ਦੇ ਲੋੜਵੰਦ ਲੋਕਾਂ ਨੂੰ ਸਰਕਾਰ ਦੀਆਂ ਸਹੂਲਤਾਂ ਦੇਣ ਲਈ ਮੰਤਰੀ ਜੌੜਾਮਾਜਰਾ ਹਮੇਸ਼ਾ ਤੱਤਪਰ ਰਹਿੰਦੇ ਹਨ, ਜਿਸ ਦੇ ਚਲਦਿਆਂ ਲਗਾਤਾਰ ਲੋਕ ਭਲਾਈ ਸਕੀਮਾਂ ਦਾ ਲਾਭ ਲੋੜਵੰਦ ਲੋਕਾਂ ਤੱਕ ਪੁੱਜਦਾ ਕੀਤਾ ਜਾ ਰਿਹਾ ਹੈ। ਇਸ ਮੌਕੇ ਲਾਭਪਾਤਰੀਆਂ ਨੇ ਸ. ਜੌੜਾਮਾਜਰਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਪ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋੜਵੰਦ ਲੋਕਾਂ ਨੂੰ ਘਰ ਬੈਠਿਆਂ ਲੋਕ ਭਲਾਈ ਸਕੀਮਾਂ ਦਾ ਲਾਭ ਦਿੱਤਾ ਜਾ ਰਿਹਾ ਹੈ, ਜਿਸ ਲਈ ਉਹ ਹਮੇਸ਼ਾ ਰਿਣੀ ਰਹਿਣਗੇ। ਇਸ ਮੌਕੇ ਆਪ ਆਗੂ ਰਵਿੰਦਰ ਸੋਹਲ, ਅੰਗਰੇਜ਼ ਭੁੱਲਰ, ਦੀਪਕ ਵਧਵਾ, ਗੁਰਮੇਲ ਗੇਜਾ, ਕਿਰਨਜੀਤ ਕੌਰ ਤੇ ਇੰਦਰਜੀਤ ਕੌਰ ਆਦਿ ਮੌਜੂਦ ਸਨ।

# ਨੈਸ਼ਨਲ ਕਾਲਜ ਵਿਖੇ ਨਵਾਂ ਵਿੱਦਿਅਕ ਸੈਸ਼ਨ ਸ਼ੁਰੂ



**ਭੀਖੀ** (ਧਰਮਵੀਰ ਸ਼ਰਮਾ)-ਸਥਾਨਕ ਨੈਸ਼ਨਲ ਕਾਲਜ ਭੀਖੀ ਵਿਖੇ ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾ ਕੇ ਕੀਤੀ ਗਈ। ਕਾਲਜ ਤੇ ਵਿਦਿਆਰਥੀਆਂ ਦੀ ਚੜ੍ਹਦੀ ਕਲਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦੇ ਹੋਏ ਅਰਦਾਸ ਬੇਨਤੀ ਕੀਤੀ ਗਈ।

ਇਸ ਮੌਕੇ ਪ੍ਰਿੰਸੀਪਲ ਐੱਮ. ਕੇ. ਮਿਸ਼ਰਾ ਨੇ ਕਿਹਾ ਕਿ ਕਾਲਜ ਕਮੇਟੀ ਵੱਲੋਂ ਹਰ ਸਾਲ ਕਾਲਜ ਦੀ ਤਰੱਕੀ ਲਈ ਵਿਦਿਆਰਥੀਆਂ ਤੇ ਸਟਾਫ ਵੱਲੋਂ ਸਾਹਿਬ ਸ੍ਰੀ ਗੁਰੂ ਗਰੰਥ ਜੀ ਦੀ ਬਾਣੀ ਦਾ ਓਟ ਆਸਰਾ ਲੈ ਕੇ ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ ਕੀਤੀ ਜਾਂਦੀ ਹੈ ਤੇ ਇਸ ਵਾਰ ਵੀ ਵਾਹਿਗੁਰੂ ਦਾ ਓਟ ਆਸਰਾ ਲੈ ਕੇ ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮੌਕੇ ਕਾਲਜ ਦੇ ਪ੍ਰਧਾਨ ਹਰਬੰਸ ਦਾਸ ਬਾਵਾ, ਕਾਲਜ ਪ੍ਰਿੰਸੀਪਲ ਡਾ. ਐੱਮ. ਕੇ. ਮਿਸ਼ਰਾ, ਪ੍ਰੋ. ਗੁਰਤੇਜ ਸਿੰਘ ਤੇਜੀ ਸਮੇਤ ਸਮੂਹ ਸਟਾਫ਼ ਤੇ ਵੱਡੀ ਗਿਣਤੀ 'ਚ ਵਿਦਿਆਰਥੀ ਹਾਜ਼ਰ ਸਨ।

# ਦੁਰਘਟਨਾਵਾਂ ਤੋਂ ਬਚਾਅ ਲਈ ਟ੍ਰੈਫਿਕ ਨਿਯਮਾਂ ਦਾ ਪਾਲਣ ਜ਼ਰੂਰੀ : ਗਰਗ

## ਵਿਦਿਆਰਥੀਆਂ ਨੂੰ ਸੜਕ ਦੁਰਘਟਨਾ 'ਚ ਜ਼ਖ਼ਮੀ ਲੋਕਾਂ ਦੀ ਸਹਾਇਤਾ ਕਰਨ ਲਈ ਪ੍ਰੇਰਿਆ

**ਬਾਘਾ ਪੁਰਾਣਾ** (ਮਨੀ ਸਿੰਗਲਾ)-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਵਿਖੇ ਵਿਦਿਆਰਥੀਆਂ ਤੇ ਅਧਿਆਪਕਾਂ 'ਚ ਸੜਕ ਸੁਰੱਖਿਆ ਲਈ ਜਾਗਰੂਕਤਾ ਪੈਦਾ ਕਰਨ ਲਈ ਇਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਪ੍ਰਿੰਸੀਪਲ ਮਨੋਜ ਕੁਮਾਰ ਤੇ ਮੈਡਮ ਜੀਨਮ ਗਰਗ ਨੇ ਸੜਕ ਸੁਰੱਖਿਆ ਨਿਯਮਾਂ ਦਾ ਪਾਲਣ ਕਰਨ, ਬਿਨਾਂ ਹੈਲਮਟ ਦੇ ਵਾਹਨ ਨਾ ਚਲਾਉਣ, ਬਿਨਾਂ ਸੀਟ ਬੈਲਟ ਦੇ ਗੱਡੀ ਨਾ ਚਲਾਉਣ ਤੇ ਸੜਕ ਦੁਰਘਟਨਾਵਾਂ ਤੋਂ ਬਚਾਅ ਕਰਨ ਦੀ ਜਾਣਕਾਰੀ ਦਿੱਤੀ।

ਉਨ੍ਹਾਂ ਕਿਹਾ ਕਿ ਹਰ ਸਾਲ ਦੇਸ਼ ਵਿੱਚ ਹਜ਼ਾਰਾਂ ਦੀ ਸੰਖਿਆ ਵਿੱਚ ਸੜਕ ਦੁਰਘਟਨਾਵਾਂ ਹੁੰਦੀਆਂ ਹਨ, ਜਿਸ ਵਿੱਚ ਬਹੁਤ ਸਾਰੇ ਲੋਕਾਂ ਦੀ ਮੌਤ ਹੋ ਜਾਂਦੀ ਹੈ। ਇਸ ਸਭ ਨੂੰ ਦੇਖਦੇ ਹੋਏ ਸਾਡੇ ਸਾਰਿਆਂ ਦੀ ਨੈਤਿਕ ਜ਼ਿੰਮੇਵਾਰੀ ਹੈ ਕਿ ਸੜਕ ਦੁਰਘਟਨਾ ਤੋਂ ਬਚਣ ਲਈ ਸੜਕ ਸੁਰੱਖਿਆ ਦੇ ਨਿਯਮਾਂ ਦਾ ਪਾਲਣ ਕੀਤਾ ਜਾਵੇ। ਇਸ ਦੇ ਨਾਲ ਹੀ ਅਸੀਂ ਆਪਣੇ ਘਰ ਪਰਿਵਾਰ ਦੇ ਮੈਂਬਰਾਂ ਤੇ ਦੋਸਤਾਂ ਨੂੰ ਵੀ ਆਵਾਜਾਈ ਦੇ ਨਿਯਮਾਂ ਪ੍ਰਤੀ ਜਾਗਰੂਕ ਕਰੀਏ। ਆਵਾਜਾਈ ਦੇ ਨਿਯਮਾਂ ਦੀ ਪਾਲਣ ਕਰਨਾ ਸਾਰਿਆਂ ਲਈ ਜ਼ਰੂਰੀ ਹੈ, ਕਿਉਂਕਿ ਸੜਕ ਦੁਰਘਟਨਾ ਕਿਸੇ ਨਾਲ ਵੀ ਹੋ ਸਕਦੀ ਹੈ। ਉਨ੍ਹਾਂ ਬੱਚਿਆਂ ਦੇ ਮਾਪਿਆਂ ਨੂੰ ਵੀ ਬੇਨਤੀ ਕੀਤੀ ਕਿ ਉਹ ਆਪਣੇ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ 'ਚ ਰੱਖਦੇ ਹੋਏ ਉਨ੍ਹਾਂ ਨੂੰ 18 ਸਾਲਾਂ ਦੀ ਉਮਰ ਤੋਂ ਘੱਟ ਅਤੇ ਬਿਨਾਂ ਲਾਇਸੈਂਸ ਦੇ ਕੋਈ ਵੀ ਵਾਹਨ ਨਾ ਚਲਾਉਣ ਦੇਣ।

ਚੇਅਰਮੈਨ ਤਰਸੇਮ ਲਾਲ ਗਰਗ ਨੇ ਕਿਹਾ ਕਿ ਸਾਨੂੰ ਸੜਕ ਕਿਨਾਰੇ ਲੱਗੇ ਸੁਰੱਖਿਆ ਸੰਕੇਤਾਂ ਤੇ ਨਿਰਦੇਸ਼ਾਂ ਦਾ ਪਾਲਣ ਕਰਨਾ ਚਾਹੀਦਾ ਹੈ ਤੇ ਸੜਕ ਦੁਰਘਟਨਾ ਨਾਲ ਜ਼ਖ਼ਮੀ ਹੋਏ ਲੋਕਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਦਾ ਜੀਵਨ ਬਚਾਇਆ ਜਾ ਸਕੇ। ਉਨ੍ਹਾ ਕਾਨੂੰਨ ਦੁਆਰਾ ਬਣਾਏ ਗਏ ਨਿਯਮਾਂ ਦੀ ਪਾਲਣਾ ਕਰਨ ਬਾਰੇ ਕਿਹਾ।

# ਗੁੰਮ ਹੋਏ ਰਾਹੁਲ ਨੂੰ ਆਸਰਾ ਫਾਊਂਡੇਸ਼ਨ ਰਾਹੀਂ ਪੁਲਸ ਨੇ ਕੀਤਾ ਪਰਵਾਰ ਹਵਾਲੇ



**ਬਰੇਟਾ** (ਰੀਤਵਾਲ)-ਇੱਥੋਂ ਥੋੜ੍ਹੀ ਦੂਰ ਪਿੰਡ ਖੁਡਾਲ ਕਲਾਂ ਵਿੱਚ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਅਰਧ ਬੇਹੋਸ਼ੀ ਦੀ ਹਾਲਤ 'ਚ ਘੁੰਮ ਰਹੇ ਨੌਜਵਾਨ ਨੂੰ ਪਿੰਡ ਵਾਸੀਆਂ ਵੱਲੋਂ ਬਰੇਟਾ ਥਾਣੇ ਤੇ ਆਸਰਾ ਫਾਊਂਡੇਸ਼ਨ ਦੇ ਸਹਿਯੋਗ ਨਾਲ ਪਰਵਾਰ ਹਵਾਲੇ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐੱਸ.ਐੱਚ.ਓ. ਬੂਟਾ ਸਿੰਘ ਨੇ ਦੱਸਿਆ ਕਿ ਇਹ ਨੌਜਵਾਨ ਬਰੇਟਾ ਰੇਲਵੇ ਸਟੇਸ਼ਨ ਟ੍ਰੇਨ ਵਿੱਚੋਂ ਉੱਤਰ ਗਿਆ ਤੇ ਭਟਕਦਾ ਹੋਇਆ ਪਿੰਡ ਖੁਡਾਲ ਚਲਾ ਗਿਆ, ਜਿਸ ਨੂੰ ਪਿੰਡ ਵਾਸੀਆਂ ਨੇ ਪਤਾ ਪੁੱਛਣ ਦੀ ਕੋਸ਼ਿਸ਼ ਕੀਤੀ, ਪ੍ਰੰਤੂ ਮਾਨਸਿਕ ਪ੍ਰੇਸ਼ਾਨ ਤੇ ਅਰਧ ਬੇਹੋਸ਼ੀ ਹੋਣ ਕਾਰਨ ਉਹ ਕੁਝ ਨਹੀਂ ਦੱਸ ਸਕਿਆ, ਜਿਸ ਨੂੰ ਪਿੰਡ ਵਾਸੀਆਂ ਵੱਲੋਂ ਥਾਣਾ ਬਰੇਟਾ ਲਿਆਂਦਾ ਗਿਆ, ਜਿੱਥੇ ਆਸਰਾ ਫਾਊਂਡੇਸ਼ਨ ਦੇ ਸਹਿਯੋਗ ਸੋਸ਼ਲ ਮੀਡੀਆ 'ਤੇ ਇਸ ਦੀ ਜਾਂਚ-ਪੜਤਾਲ ਕਰਨ ਤੋਂ ਬਾਅਦ ਰੋਹਤਕ ਦੇ ਥਾਣੇ ਤੱਕ ਸੰਪਰਕ ਕਰਕੇ ਨੌਜਵਾਨ ਰਾਹੁਲ ਦੀ ਪਹਿਚਾਣ ਕੀਤੀ ਗਈ, ਜਿਸ ਦੀ ਪਹਿਚਾਣ ਰਾਹੁਲ ਪੁੱਤਰ ਸਤਵੀਰ ਸਿੰਘ ਬਹਾਦਰਗੜ੍ਹ (ਹਰਿਆਣਾ) ਹੋਈ, ਜੋ ਦੋ ਦਿਨਾਂ ਤੋਂ ਗੁੰਮ ਹੋ ਗਿਆ ਸੀ। ਇਸ ਮੌਕੇ ਸੰਸਥਾ ਦੇ ਮੈਂਬਰ ਰਣਧੀਰ ਸਿੰਘ ਤੇ ਗੁਰਵਿੰਦਰ ਸਿੰਘ, ਮੁਨਸ਼ੀ ਜਸਵਿੰਦਰ ਸਿੰਘ, ਹੌਲਦਾਰ ਜਗਸੀਰ ਸਿੰਘ ਵੱਲੋਂ ਪਰਵਾਰ ਨੂੰ ਥਾਣਾ ਬਰੇਟਾ ਬੁਲਾਇਆ ਗਿਆ, ਜਿੱਥੇ ਪਿਤਾ ਸਤਵੀਰ ਸਿੰਘ, ਦਾਦਾ ਹੁਸ਼ਿਆਰ ਸਿੰਘ, ਭਾਈ ਅਜੇ ਤੇ ਮੋਹਤਬਰਾਂ ਅਸ਼ਵਨੀ, ਵਿੱਕੀ ਦੇ ਹਵਾਲੇ ਕੀਤਾ ਗਿਆ। ਇਸ ਮੌਕੇ ਪਰਵਾਰ ਵੱਲੋਂ ਆਸਰਾ ਫਾਊਂਡੇਸ਼ਨ ਤੇ ਪੁਲਸ ਵਿਭਾਗ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਚੇਅਰਮੈਨ ਚਮਕੌਰ ਸਿੰਘ, ਬਾਬਰ ਸਿੰਘ, ਬੱਗਾ ਸਿੰਘ, ਸੰਗਤ ਸਿੰਘ ਦਰੀਆਪੁਰ, ਸੁਖਪਾਲ ਸਿੰਘ ਆਦਿ ਹਾਜ਼ਰ ਸਨ।

# ਸ਼ਹੀਦ ਕਰਨੈਲ ਸਿੰਘ ਈਸੜੂ ਦੇ ਸ਼ਹੀਦੀ ਦਿਹਾੜੇ ਮੌਕੇ ਈਸੜੂ 'ਚ ਰਾਜ ਪੱਧਰੀ ਸਮਾਗਮ

## ਮੁੱਖ ਮੰਤਰੀ ਭਗਵੰਤ ਮਾਨ ਮੁੱਖ ਮਹਿਮਾਨ ਵਜੋਂ ਕਰਨਗੇ ਸ਼ਿਰਕਤ



**ਖੰਨਾ** (ਸੁਖਵਿੰਦਰ ਸਿੰਘ ਭਾਦਲਾ)

ਵਿਧਾਨ ਸਭਾ ਹਲਕਾ ਖੰਨਾ ਦੇ ਵਿਧਾਇਕ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੋਆ ਦੀ ਅਜ਼ਾਦੀ ਦੇ ਮਹਾਨ ਸ਼ਹੀਦ ਮਾਸਟਰ ਕਰਨੈਲ ਸਿੰਘ ਈਸੜੂ ਦੇ ਸ਼ਹੀਦੀ ਦਿਵਸ ਮੌਕੇ 15 ਅਗਸਤ ਨੂੰ ਪੰਜਾਬ ਸਰਕਾਰ ਵੱਲੋਂ ਪਿੰਡ ਈਸੜੂ ਤਹਿਸੀਲ ਖੰਨਾ ਜ਼ਿਲ੍ਹਾ ਲੁਧਿਆਣਾ ਵਿਖੇ ਰਾਜ ਪੱਧਰੀ ਸਮਾਗਮ ਕਰਵਾਇਆ ਜਾ ਰਿਹਾ ਹੈ।

ਇਸ ਰਾਜ ਪੱਧਰੀ ਸਮਾਗਮ ਮੌਕੇ ਸ਼ਹੀਦ ਮਾਸਟਰ ਕਰਨੈਲ ਸਿੰਘ ਈਸੜੂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਮੁੱਖ ਮੰਤਰੀ ਪੰਜਾਬ ਸ. ਭਗਵੰਤ ਮਾਨ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਉਣਗੇ। ਇਸ ਮੌਕੇ ਉਨ੍ਹਾ ਨਾਲ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀਆਂ, ਵਿਧਾਇਕਾਂ ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵੀ ਸ਼ਹੀਦ ਨੂੰ ਸ਼ਰਧਾਂਜਲੀਆਂ ਭੇਟ ਕਰਨਗੀਆਂ। ਵਿਧਾਇਕ ਸੌਂਦ ਵੱਲੋਂ ਸਪੱਸ਼ਟ ਕੀਤਾ ਗਿਆ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ਼ਹੀਦੀ ਸਮਾਗਮ ਨੂੰ ਬੜੇ ਹੀ ਸਾਦੇ ਢੰਗ ਨਾਲ ਮਨਾਇਆ ਜਾਣਾ ਹੈ ਤੇ ਆਮ ਲੋਕਾਂ ਵੱਲੋਂ ਟੈਕਸ ਦੇ ਰੂਪ ਵਿੱਚ ਦਿੱਤੇ ਪੈਸੇ ਨੂੰ ਮਿਆਰੀ ਸਿੱਖਿਆ ਅਤੇ ਹੋਰ ਸਾਰਥਕ ਕੰਮਾਂ 'ਤੇ ਖਰਚ ਕੀਤਾ ਜਾਵੇਗਾ ਅਤੇ ਕਿਸੇ ਵੀ ਤਰ੍ਹਾਂ ਦੀ ਸਿਆਸੀ ਰੈਲੀ ਨਹੀਂ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਪੰਜਾਬ ਸੂਬਾ ਹੜ੍ਹਾਂ ਦੀ ਮਾਰ ਨਾਲ ਜੂਝ ਰਿਹਾ ਹੈ ਤੇ ਜਲਦ ਹੀ ਇਸ ਤੋਂ ਪਾਰ ਪਾ ਲਿਆ ਜਾਵੇਗਾ।

ਇਸ ਰਾਜ ਪੱਧਰੀ ਸਮਾਗਮ ਦੇ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀਮਤੀ ਸੁਰਭੀ ਮਲਿਕ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ ਖੰਨਾ ਸ. ਪਰਮਵੀਰ ਸਿੰਘ ਤੇ ਐਸ.ਐਸ.ਪੀ. ਖੰਨਾ ਅਮਨੀਤ ਕੌਂਡਲ ਨੇ ਪਿੰਡ ਈਸੜੂ ਵਿਖੇ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਰਾਜ ਪੱਧਰੀ ਸਮਾਗਮ ਨੂੰ ਸਫਲ ਬਣਾਉਣ ਲਈ ਪੁਖਤਾ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਜਾਰੀ ਕੀਤੇ।

# ਪ੍ਰਿੰਸੀਪਲ ਨੇ ਸਕੂਲ ਕੈਬਨਿਟ ਨਾਲ ਕੀਤੀ ਮੀਟਿੰਗ

**ਭੀਖੀ** (ਧਰਮਵੀਰ ਸ਼ਰਮਾ)-ਦਿ ਰੌਇਲ ਗਲੋਬਲ ਸਕੂਲ ਵਿਖੇ ਪ੍ਰਿੰਸੀਪਲ ਯੋਗਿਤਾ ਭਾਟੀਆ ਨੇ ਸਕੂਲ ਦੀ ਕੈਬਨਿਟ ਨਾਲ ਮੀਟਿੰਗ ਕੀਤੀ, ਜਿਸ ਵਿੱਚ ਵਿਦਿਆਰਥੀਆਂ ਤੋਂ ਸੁਝਾਵਾਂ ਦੀ ਮੰਗ ਕੀਤੀ ਗਈ। ਸਕੂਲ ਪ੍ਰਿੰਸੀਪਲ ਨੇ ਕੈਬਨਿਟ ਮੈਂਬਰਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਤੇ ਉਨ੍ਹਾ ਕਿਹਾ ਕਿ ਤੁਹਾਨੂੰ ਦਿੱਤੇ ਗਏ ਅਹੁਦੇ ਤੁਹਾਡੀ ਜ਼ਿੰਮੇਵਾਰੀ ਨੂੰ ਹੋਰ ਵਧਾਉਂਦੇ ਹਨ, ਸਕੂਲ ਵਿੱਚ ਅਨੁਸ਼ਾਸਨ ਰੱਖਣ 'ਚ ਸਕੂਲ ਕੈਬਨਿਟ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਦੇ ਨਾਲ ਹੀ ਛੋਟੇ ਬੱਚੇ ਉਨ੍ਹਾਂ ਨੂੰ ਦੇਖ ਕੇ ਬਹੁਤ ਕੁੱਝ ਸਿੱਖਦੇ ਹਨ। ਸਕੂਲ ਕੈਬਨਿਟ ਸਕੂਲ ਨੂੰ ਚਲਾਉਣ 'ਚ ਅਹਿਮ ਭੂਮਿਕਾ ਨਿਭਾਉਂਦੀ ਹੈ। ਉਹ ਨੌਜਵਾਨ ਵਿਦਿਆਰਥੀਆਂ ਲਈ ਰੋਲ ਮਾਡਲ ਹਨ। ਵਿਦਿਆਰਥੀ ਇਨ੍ਹਾਂ ਨੂੰ ਦੇਖਦੇ ਹਨ ਤੇ ਉਨ੍ਹਾਂ ਦੀਆਂ ਗਤੀਵਿਧੀਆਂ ਰਾਹੀਂ ਬਹੁਤ ਕੁਝ ਸਿੱਖਦੇ ਹਨ। ਉਨ੍ਹਾ ਕੈਬਨਿਟ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਲਗਨ ਨਾਲ ਕੰਮ ਕਰਨ ਲਈ ਪ੍ਰਸੰਸਾ ਕੀਤੀ ਤੇ ਉਨ੍ਹਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਭਵਿੱਖ ਦੇ ਆਗੂ ਹਨ।

# ਅਣਏਡਿਡ ਅਧਿਆਪਕ ਤੇ ਸਮੂਹ ਸਟਾਫ ਵੱਲੋਂ ਪੰਜਾਬ ਪੱਧਰੀ ਰੈਲੀ 27 ਨੂੰ

**ਧੂਰੀ** (ਸੁਖਦੇਵ ਧੂਰੀ)-ਸਥਾਨਕ ਮਾਲਵਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿੱਚ ਪੰਜਾਬ ਪੱਧਰੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਪੰਜਾਬ ਪ੍ਰਧਾਨ ਨਿਰਭੈ ਸਿੰਘ ਜਹਾਂਗੀਰ ਨੇ ਦੱਸਿਆ ਕਿ ਪੰਜਾਬ ਏਡਿਡ ਸਕੂਲਾਂ ਵਿੱਚ ਕੰਮ ਕਰਦੇ ਅਣ-ਏਡਿਡ ਅਧਿਆਪਕਾਂ ਤੇ ਸਮੂਹ ਸਟਾਫ ਵੱਲੋਂ ਆਪਣੀਆਂ ਮੰਗਾਂ ਦੇ ਹੱਕ ਵਿੱਚ ਪਟਿਆਲਾ ਬਾਈਪਾਸ ਸੰਗਰੂਰ ਪੁਲ ਹੇਠਾਂ 27 ਅਗਸਤ ਨੂੰ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਰੈਲੀ ਵਿੱਚ ਲੱਗਭੱਗ ਸਾਰੇ ਜ਼ਿਲ੍ਹਿਆਂ ਦੇ ਅਣ-ਏਡਿਡ ਅਧਿਆਪਕ ਤੇ ਸਟਾਫ ਹਿੱਸਾ ਲੈਣਗੇ। ਉਨ੍ਹਾਂ ਦੱਸਿਆ ਕਿ ਲੱਗਭੱਗ 473 ਦੇ ਸਕੂਲਾਂ ਦੇ ਅਧਿਆਪਕਾਂ ਵੱਲੋਂ ਇਸ ਜਾਗਰੂਕ ਰੈਲੀ ਦਾ ਮੁੱਖ ਮਕਸਦ ਸਰਕਾਰ ਤੱਕ ਆਪਣੀਆਂ ਮੰਗਾਂ ਪਹੁੰਚਾਉਣਾ ਹੈ ਤਾਂ ਜੋ ਸਰਕਾਰ ਵੱਲੋਂ ਆਉਣ ਵਾਲੇ ਸਮੇਂ ਵਿੱਚ ਅਣਗੌਲੇ ਕੀਤੇ ਅਣ-ਏਡਿਡ ਅਧਿਆਪਕਾਂ ਤੇ ਸਮੂਹ ਸਟਾਫ ਨੂੰ ਪੱਕਾ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਕੂਲਾਂ ਵਿੱਚ ਲੱਗਭਗ 250000 ਵਿਦਿਆਰਥੀ ਪੜ੍ਹਦੇ ਹਨ, ਜਿਨ੍ਹਾਂ ਦੀ ਗਿਣਤੀ ਸਰਕਾਰੀ ਸਕੂਲਾਂ ਤੋਂ ਵੱਧ ਹੈ।

# ਬੱਚਿਆਂ ਨੂੰ ਉੱਚ ਯੋਗਤਾ ਟੈਸਟ ਪਾਸ ਕਰਨ ਦੇ ਯੋਗ ਬਣਾਉਣ ਲਈ ਵਿਧਾਇਕ ਵੱਲੋਂ ਨਵਾਂ ਉਪਰਾਲਾ ਸ਼ੁਰੂ



**ਸਮਰਾਲਾ** (ਸੁਰਜੀਤ ਸਿੰਘ)

ਵਿਧਾਨ ਸਭਾ ਹਲਕਾ ਸਮਰਾਲਾ ਤੋਂ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਤੇ ਸ਼ਹਿਰੀ ਪ੍ਰਧਾਨ ਤੇਜਿੰਦਰ ਸਿੰਘ ਮਿੰਟੂ ਗਰੇਵਾਲ ਦੀ ਯੋਗ ਅਗਵਾਈ ਹੇਠ ਬੱਚਿਆਂ ਦਾ ਵਿਦੇਸ਼ੀ ਰੁਝਾਨ ਘੱਟ ਕਰਨ ਲਈ ਤੇ ਉੱਚ ਯੋਗਤਾ ਟੈਸਟ ਪਾਸ ਕਰਕੇ ਚੰਗੇ ਅਫਸਰ ਬਣਨ ਦਾ ਜਜ਼ਬਾ ਪੈਦਾ ਕਰਨ ਦੇ ਮੰਤਵ ਨਾਲ ਪਹਿਲੀ ਵਾਰ ਸਥਾਨਕ ਕੰਨਿਆ ਸਕੂਲ ਵਿੱਚ ਯੂ.ਪੀ.ਐੱਸ.ਸੀ. ਟੈਸਟ ਵਰਗਾ ਪ੍ਰੀਖਿਆ ਮੁਕਾਬਲਾ ਕਰਵਾਇਆ, ਜਿਸ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ 660 ਬੱਚਿਆਂ ਨੇ ਭਾਗ ਲਿਆ ਤੇ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਵਿਧਾਇਕ ਦੀ ਟੀਮ ਵੱਲੋਂ ਯੋਗ ਇਨਾਮ ਦਿੱਤੇ ਗਏ। ਟੈਸਟ ਦੀ ਤਿਆਰੀ ਕਰਵਾਉਣ ਵਾਲੇ ਮੈਡਮ ਪ੍ਰੀਤੀ ਡੋਗਰਾ ਨੇ ਦੱਸਿਆ ਕਿ ਉਸ ਵੱਲੋਂ ਕਈ ਵਾਰ ਯੂ.ਪੀ.ਐੱਸ.ਸੀ. ਦਾ ਪੇਪਰ ਦਿੱਤਾ, ਪਰ ਥੋੜ੍ਹੇ ਘੱਟ ਨੰਬਰ ਰਹਿਣ ਕਾਰਨ ਉਸ ਨੇ ਆਪਣਾ ਹੌਸਲਾ ਨਹੀਂ ਹਾਰਿਆ, ਸਗੋਂ ਸੂਬੇ ਦੇ ਹੋਰ ਬੱਚਿਆਂ ਨੂੰ ਇਹ ਟੈਸਟ ਪਾਸ ਕਰਨ ਦੇ ਯੋਗ ਬਣਾਉਣ ਲਈ ਸੌਖੇ ਸਿਲੇਬਸ ਦਾ ਇੱਕ ਸੈਂਪਲ ਪੇਪਰ ਸੈੱਟ ਕੀਤਾ ਤੇ ਪੇਪਰ ਦੇਣ ਵਾਲੇ ਵਿਦਿਆਰਥੀਆਂ ਨੂੰ ਪਹਿਲਾਂ ਇਸ ਸੈਂਪਲ ਪੇਪਰ ਦੀਆਂ ਕਾਪੀਆਂ ਪੜ੍ਹਨ ਲਈ ਦਿੱਤੀਆਂ ਗਈਆਂ ਅਤੇ ਪ੍ਰੀਖਿਆ ਵਾਲੇ ਦਿਨ ਪੇਪਰ ਲੈਣ ਤੋਂ ਬਾਅਦ ਉਸੇ ਦਿਨ ਹੀ ਨਤੀਜਾ ਘੋਸ਼ਿਤ ਕਰਕੇ ਇਕ ਸਫਲ ਪ੍ਰੀਖਿਆ ਨੂੰ ਜਨਮ ਦਿੱਤਾ। ਆਪ ਆਗੂ ਮਿੰਟੂ ਗਰੇਵਾਲ ਨੇ ਦੱਸਿਆ ਕਿ ਪੰਜਾਬ ਦੇ ਬੱਚਿਆਂ ਦੀ ਦਿਨੋਂ ਦਿਨ ਵਿਦੇਸ਼ਾਂ 'ਚ ਜਾਣ ਲਈ ਵੱਧ ਰਹੀ ਉਤੇਜਨਾ ਨੂੰ ਘਟਾਉਣ ਦੇ ਮੰਤਵ ਨਾਲ ਉਸ ਵੱਲੋਂ ਸੁਝਵਾਨ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੀ ਟੀਮ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਤੇ ਤਹਿਸੀਲ ਦੇ ਸਕੂਲ ਅਧਿਆਪਕਾਂ ਦੇ ਸਹਿਯੋਗ ਨਾਲ ਇਹ ਪ੍ਰੀਖਿਆ ਨੇਪਰੇ ਚਾੜ੍ਹੀ ਗਈ। ਵਿਧਾਇਕ ਦੀ ਪੀ.ਏ. ਨਵਜੀਤ ਸਿੰਘ ਉਟਾਲਾਂ ਨੇ ਦੱਸਿਆ ਕਿ ਇਹ ਪ੍ਰੀਖਿਆ ਸਫਲ ਬਣਾਉਣ ਲਈ ਬੱਚਿਆਂ ਦੇ 3 ਗਰੁੱਪ ਤੀਜੀ ਜਮਾਤ ਤੋਂ ਲੈ ਕੇ ਬਾਰਵੀਂ ਤੱਕ ਬਣਾਏ ਗਏ ਤੇ ਪਹਿਲੇ ਗਰੁੱਪ ਵਿੱਚੋਂ ਪ੍ਰਦੀਪ ਭਾਰਦਵਾਜ, ਦੂਜੇ ਗਰੁੱਪ 'ਚੋਂ ਜੀਓ ਗਰਗ ਤੇ ਤੀਜੇ ਗਰੁੱਪ 'ਚੋਂ ਸਿਮਰਨ ਕੌਰ ਨੇ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕੀਤੀਆਂ, ਜਿਨ੍ਹਾਂ ਨੂੰ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਮਿੰਟੂ ਗਰੇਵਾਲ, ਪ੍ਰੀਤੀ ਡੋਗਰਾ ਤੇ ਹੋਰ ਪਤਵੰਤਿਆਂ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਕਸ਼ਮੀਰੀ ਲਾਲ, ਮਲਕੀਤ ਸਿੰਘ, ਸਿੱਖਿਆ ਅਧਿਕਾਰੀ ਮਨੋਜ ਕੁਮਾਰ, ਚੇਅਰਮੈਨ ਹਰਗੁਰਮੁੱਖ ਸਿੰਘ ਦਿਆਲਪੁਰਾ, ਚੇਅਰਮੈਨ ਨਰਿੰਦਰ ਸਿੰਘ ਯੋਧਾ ਮਾਣਕੀ, ਚੇਅਰਮੈਨ ਮੇਜਰ ਸਿੰਘ ਬਾਲਿਉਂ, ਹਨੀ ਬੌਂਦਲੀ ਤੋਂ ਇਲਾਵਾ ਸਕੂਲ ਦਾ ਸਟਾਫ ਹਾਜ਼ਰ ਸੀ।

# ਜੱਸੀ ਸੋਹੀਆਂ ਵਾਲਾ ਦਾ ਪਹਾੜਪੁਰ 'ਚ ਨਿੱਘਾ ਸਵਾਗਤ

## ਆਪ ਸਰਕਾਰ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ : ਜੱਸੀ

**ਨਾਭਾ** (ਵਰਿੰਦਰ ਵਰਮਾ)

ਨਾਭਾ ਹਲਕੇ ਦੇ ਪਿੰਡ ਪਹਾੜਪੁਰ ਵਿਖੇ ਪੁੱਜਣ 'ਤੇ ਹਲਕੇ ਦੇ ਹਰਮਨ ਪਿਆਰੇ ਹੋਣਹਾਰ ਨੌਜਵਾਨ ਆਗੂ ਤੇ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂਵਾਲਾ ਦਾ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਤੇ ਇਲਾਕਾ ਨਿਵਾਸੀਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਯੂਥ ਆਗ ਮਨਦੀਪ ਸਿੰਘ, ਜਤਿੰਦਰ ਸਿੰਘ, ਰਣਦੀਪ ਸਿੰਘ, ਗਗਨਦੀਪ ਸਿੰਘ, ਹਨੀ ਪਹਾੜਪੁਰ, ਕੁਲਵੰਤ ਸਿੰਘ, ਕਰਨੈਲ ਸਿੰਘ ਤੇ ਪ੍ਰਗਟ ਸਿੰਘ ਆਦਿ ਦੀ ਅਗਵਾਈ ਹੇਠ ਪਿੰਡ ਵਾਸੀਆਂ ਤੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਵੱਲੋਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਦਾ ਪਿੰਡ ਪਹੁੰਚਣ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਚੱਲ ਰਹੀ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਲੋਕਾਂ ਨਾਲ ਕੀਤੇ ਵਾਅਦਿਆ ਨੂੰ ਪੂਰੇ ਕਰਕੇ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ ਤੇ ਬਿਨਾਂ ਕਿਸੇ ਪੱਖਪਾਤ ਤੋਂ ਲੋਕਾਂ ਦੇ ਕੰਮ ਪਹਿਲ ਦੇ ਆਧਾਰ 'ਤੇ ਕੀਤੇ ਜਾ ਰਹੇ ਹਨ। ਉਨ੍ਹਾ ਕਿਹਾ ਕਿ ਰਿਵਾਇਤੀ ਪਾਰਟੀਆ ਦੀਆਂ ਪਿਛਲੀਆਂ ਸਰਕਾਰਾਂ ਨੇ ਪੰਜਾਬ ਨੂੰ ਬਰਬਾਦ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ, ਜਦੋਂਕਿ ਮੌਜੂਦਾ ਆਪ ਸਰਕਾਰ ਸੂਬੇ ਨੂੰ ਮੁੜ ਤੋਂ ਤਰੱਕੀ ਤੇ ਖੁਸ਼ਹਾਲੀ ਦੀ ਰਾਹ 'ਤੇ ਲਿਆ ਕੇ ਆਪਣੇ ਪੈਰਾਂ 'ਤੇ ਖੜ੍ਹਾ ਕਰ ਦਿੱਤਾ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਇਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਯੂਥ ਆਗੂ ਮਨਪ੍ਰੀਤ ਸਿੰਘ ਧਾਰੋਂਕੀ, ਬਲਾਕ ਪ੍ਰਧਾਨ ਕੁਲਦੀਪ ਸਿੰਘ ਰਾਮਗੜ੍ਹ, ਜਸਕਰਨਵੀਰ ਸਿੰਘ ਤੇਜੇ, ਦਵਿੰਦਰ ਸਿੰਘ ਕੁਲਾਰਾ ਸਾਬਕਾ ਪ੍ਰਧਾਨ ਟਰੱਕ ਯੂਨੀਅਨ, ਲਾਲੀ ਫਤਹਿਪੁਰ, ਹੈਪੀ ਬੁੱਗਾ, ਬੁੱਧ ਸਿੰਘ ਸੰਧਨੌਲੀ, ਰਮਨ ਭੋਲਾ ਜਿੰਦਲ, ਮਨਜੋਤ ਸਿੰਘ ਲੱਧਾਹੇੜੀ, ਹਰਮੀਕ ਸਿੰਘ ਬਾਜਵਾ, ਸੁੱਖ ਸੂਰਾਜਪੁਰ, ਨੀਰਜ ਸ਼ਰਮਾ, ਨਰੈਣ ਸਿੰਘ ਢੀਂਡਸਾ, ਬੇਅੰਤ ਸਿੰਘ ਸਾਹੀਵਾਲ, ਬੇਅੰਤ ਸਿੰਘ, ਪ੍ਰਗਟ ਸਿੰਘ ਆਦਿ ਮੌਜੂਦ ਸਨ।

# ਖਟਕੜ ਕਲਾਂ ਤੋਂ ਚੱਲੇ ਜਥਾ ਮਾਰਚ ਦਾ ਫਿਲੌਰ ਪੁੱਜਣ 'ਤੇ ਭਰਵਾਂ ਸਵਾਗਤ



**ਜਲੰਧਰ (ਰਾਜੇਸ਼ ਥਾਪਾ)** ਦੇਸ ਭਰ ਦੇ ਮੁਲਾਜਮਾਂ ਦੀਆਂ ਸਾਂਝੀਆਂ ਹੱਕੀ ਅਤੇ ਜਾਇਜ ਮੰਗਾਂ ਨੂੰ ਉਭਾਰਨ ਲਈ ਅਤੇ ਮੁਲਾਜਮਾਂ ਅਤੇ ਆਮ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ ਫੈਡਰੇਸਨ ਅਤੇ ਕੇਂਦਰੀ ਸਰਕਾਰ ਦੇ ਮੁਲਾਜਮਾਂ ਦੀ ਕਨਫੈਡਰੇਸ਼ਨ ਵੱਲੋਂ ਭਾਰਤ ਛੱਡੋ ਅੰਦੋਲਨ ਦੀ ਵਰ੍ਹੇਗੰਢ ਸਮੇਂ ਦੇਸ਼ ਭਰ ਵਿੱਚ 09 ਤੋਂ 12 ਅਗੱਸਤ ਤੱਕ ਕੀਤੇ ਜਾ ਰਹੇ ਜਥਾ ਮਾਰਚ ਦੇ ਪਹਿਲੇ ਦਿਨ 09 ਅਗਸਤ ਨੂੰ ਸ਼ਹੀਦ-ਏ-ਆਜਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਤੋਂ ਪ.ਸ.ਸ.ਫ.ਦੇ ਸੂਬਾ ਜਨਰਲ ਸਕੱਤਰ ਅਤੇ ਕੇਂਦਰੀ ਕਮੇਟੀ ਮੈਂਬਰ ਤੀਰਥ ਸਿੰਘ ਬਾਸੀ ਦੀ ਅਗਵਾਈ ਵਿੱਚ ਜੋਰਦਾਰ ਨਾਅਰੇਬਾਜੀ ਕਰਦੇ ਹੋਏ ਪੂਰੇ ਜੋਸੋ ਖਰੋਸ ਨਾਲ ਰਵਾਨਾ ਹੋਇਆ। ਇਹ ਜਥਾ ਮਾਰਚ ਨਵਾਂਸ਼ਹਿਰ,ਰਾਹੋਂ,ਔੜ ਤੋਂ ਹੁੰਦਾ ਹੋਇਆ ਜਦੋਂ ਫਿਲੌਰ ਪੁੱਜਿਆ ਤਾਂ ਇੱਥੇ ਪ.ਸ.ਸ.ਫ.ਫਿਲੌਰ ਦੇ ਪ੍ਰਧਾਨ ਸਤਵਿੰਦਰ ਸਿੰਘ ਅਤੇ ਗੌਰਮਿੰਟ ਟੀਚਰਜ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ ਦੀ ਅਗਵਾਈ ਵਿੱਚ ਜੋਰਦਾਰ ਨਾਅਰੇਬਾਜੀ ਕਰਦੇ ਹੋਏ ਅਤੇ ਜਥੇਬੰਦੀ ਦੇ ਝੰਡੇ ਲਹਿਰਾ -ਲਹਿਰਾ ਕੇ ਜਥਾ ਮਾਰਚ ਦਾ ਨਿੱਘਾ ਅਤੇ ਭਰਵਾਂ ਸਵਾਗਤ ਕੀਤਾ।

ਇੱਥੇ ਇਕੱਠੇ ਹੋਏ ਮੁਲਾਜਮਾਂ ਨੂੰ ਪ.ਸ.ਸ.ਫ.ਦੇ ਸੂਬਾ ਜਨਰਲ ਸਕੱਤਰ ਅਤੇ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ ਫੈਡਰੇਸਨ ਦੀ ਕੇਂਦਰੀ ਕਮੇਟੀ ਦੇ ਮੈਂਬਰ ਤੀਰਥ ਸਿੰਘ ਬਾਸੀ, ਮੱਖਣ ਵਾਹਿਦਪੁਰੀ, ਤੇ ਕੁਲਦੀਪ ਸਿੰਘ ਦੌੜਕਾ ਨੇ ਸੰਬੋਧਨ ਕਰਦੇ ਹੋਏ ਜਥਾ ਮਾਰਚ ਕਰਨ ਦੇ ਮੰਤਵ ਅਤੇ ਜਰੂਰਤਾਂ ਸੰਬੰਧੀ ਚਾਨਣਾ ਪਾਇਆ। ਸਾਥੀ ਬਾਸੀ ਨੇ ਦੱਸਿਆ ਕਿ ਪੂਰੇ ਦੇਸ਼ ਭਰ ਵਿੱਚ 09 ਤੋਂ 12 ਅਗੱਸਤ ਤੱਕ ਜਥਾ ਮਾਰਚ ਕਰਕੇ ਮੁਲਾਜਮਾਂ ਅਤੇ ਆਮ ਲੋਕਾਂ ਨੂੰ ਕੇਂਦਰ ਦੀ ਮੋਦੀ ਸਰਕਾਰ ਅਤੇ ਰਾਜ ਸਰਕਾਰ ਦੀਆਂ ਮੁਲਾਜਮ ਮਾਰੂ ਨੀਤੀਆਂ ਬਾਰੇ ਜਾਣਕਾਰੀ ਦੇ ਕੇ ਅਗਲੇ ਕੌਮੀ ਪੱਧਰ ਦੇ ਹੋਣ ਵਾਲੇ ਸੰਘਰਸ਼ਾਂ ਲਈ ਤਿਆਰ ਕਰਨਾ ਹੈ। ਇਸ ਸਮੇਂ ਜਥੇ ਦਾ ਨਿੱਘਾ ਅਤੇ ਭਰਵਾਂ ਸਵਾਗਤ ਕਰਦੇ ਹੋਏ ਗੌਰਮਿੰਟ ਟੀਚਰਜ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ,ਪ.ਸ.ਸ.ਫ.ਦੇ ਜ਼ਿਲ੍ਹਾ ਜਨਰਲ ਸਕੱਤਰ ਨਿਰਮੋਲਕ ਸਿੰਘ ਹੀਰਾ ਨੇ ਜਥਾ ਮਾਰਚ ਵਿੱਚ ਉਭਾਰੀਆਂ ਜਾਣ ਵਾਲੀਆਂ ਮੰਗਾਂ ਦਾ ਜ਼ਿਕਰ ਕੀਤਾ।

ਫਿਲੌਰ ਤੋਂ ਜੋਰਦਾਰ ਨਾਅਰੇਬਾਜੀ ਕਰਦੇ ਹੋਏ ਜਥਾ ਮਾਰਚ ਨੂੰ ਅਗਲੀ ਮੰਜਲ ਲਈ ਰਵਾਨਾ ਕੀਤਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਕੁਲਦੀਪ ਸਿੰਘ ਕੌੜਾ,ਤਾਰਾ ਸਿੰਘ ਬੀਕਾ,ਮੰਗਤ ਰਾਮ ਸਮਰਾ, ਸੁਖਵਿੰਦਰ ਰਾਮ, ਕੁਲਵੰਤ ਰਾਮ ਰੁੜਕਾ,ਲੇਖ ਰਾਜ, ਹਰਮੇਸ਼ ਰਾਹੀ, ਬਲਵੀਰ ਗੁਰਾਇਆ, ਅਮਰੀਕ ਸਿੰਘ, ਗੋਪਾਲ ਰਾਵਤ, ਅੰਗਰੇਜ ਸਿੰਘ, ਜਗਸੀਰ, ਰਣਜੀਤ ਸਿੰਘ, ਰਕੇਸ਼ ਕੁਮਾਰ, ਅਸ਼ੋਕ ਕੁਮਾਰ, ਅੰਮ੍ਰਿਤ ਕੁਮਾਰ, ਰਜਿੰਦਰ ਕੁਮਾਰ, ਬਖਸ਼ੀ ਰਾਮ, ਧਰਮਿੰਦਰਜੀਤ, ਮਨਦੀਪ ਸਿੰਘ, ਸੁਸ਼ੀਲ ਕੁਮਾਰ, ਪਵਨ ਕੁਮਾਰ, ਮਨਪ੍ਰੀਤ ਸਿੰਘ, ਅੰਗਰੇਜ ਸਿੰਘ, ਦਰਸ਼ਨ ਸਿਆਣ, ਬਖਸ਼ੀ ਰਾਮ ਜੰਗਲਾਤ, ਹਰੀ ਯਾਦਵ, ਸੱਤਪਾਲ ਮਹਿੰਮੀ, ਸ਼ਿਵ ਦਾਸ,ਲਲਿਤ, ਸ਼ਿਵ ਕੁਮਾਰ, ਮਨਜੀਤ ਸਿੰਘ, ਰਾਜ ਕੁਮਾਰ,ਮੋਹਣ ਲਾਲ, ਪਰਮਜੀਤ ਕੁਮਾਰ ਆਦਿ ਸਾਥੀ ਹਾਜਰ ਹੋਏ।

# ਸਿਲਵਰ ਓਕ ਸਕੂਲ 'ਚ ਸੀ ਬੀ ਐੱਸ ਈ ਵੱਲੋਂ ਲਗਾਈ ਵਿੱਤੀ ਸਾਖਰਤਾ ਵਰਕਸ਼ਾਪ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸਾਹਬਾਜਪੁਰ ਵਿਖੇ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ ਬੀ ਐੱਸ ਈ) ਵੱਲੋਂ ਵਿੱਤੀ ਸਾਖਰਤਾ ਦੇ ਵਿਸ਼ੇ ਦੇ ਨਾਲ ਸੰਬੰਧਿਤ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ



ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਤ ਦੀ ਅਗਵਾਈ 'ਚ ਸਕੂਲ ਦੇ ਤਮਾਮ ਅਧਿਆਪਕਾਂ ਨੇ ਇਸ ਵਰਕਸ਼ਾਪ ਦਾ ਲਾਭ ਉਠਾਇਆ। ਇਸ ਵਰਕਸ਼ਾਪ ਦੇ ਵਿੱਚ ਸੀ ਬੀ ਐਸ ਈ ਵੱਲੋਂ ਨਿਯੁਕਤ ਕੀਤੇ ਹੋਏ ਰਿਸੋਰਸ ਪਰਸਨ ਸ੍ਰੀਮਤੀ ਅੰਜੂ ਜੈਨ ਨੇ ਵਿੱਤੀ ਸਾਖਰਤਾ ਦੇ ਵਿਸ਼ੇ ਨੂੰ ਲੈ ਕੇ ਸਕੂਲ ਦੇ ਤਮਾਮ ਅਧਿਆਪਕਾਂ ਦਾ ਮਾਰਗ ਦਰਸ਼ਨ ਕੀਤਾ। ਉਹਨਾਂ ਨੇ ਇਸ ਵਿਸ਼ੇ ਉੱਤੇ ਆਪਣੇ ਵੱਡਮੁਲੇ ਵਿਚਾਰ ਤਮਾਮ ਅਧਿਆਪਕਾਂ ਦੇ ਸਨਮੁੱਖ ਪੇਸ਼ ਕੀਤੇ ਅਤੇ ਅਧਿਆਪਕਾਂ ਦੇ ਵਿਚਾਰ ਵੀ ਇਸ ਵਿਸੇ ਦੇ ਉੱਤੇ ਸੁਣੇ। ਇਸ ਮੌਕੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਸੀ.ਬੀ.ਐਸ.ਈ ਬੋਰਡ ਦਿੱਲੀ ਦਾ ਉਚੇਚੇ ਤੌਰ 'ਤੇ ਧੰਨਵਾਦ ਕੀਤਾ। ਉਹਨਾਂ ਦੱਸਿਆ ਕਿ ਇਸ ਵਰਕਸ਼ਾਪ ਦੇ ਨਾਲ ਅਧਿਆਪਕਾਂ ਦੇ ਵਿੱਚ ਵਿੱਤੀ ਸਾਖਰਤਾ ਦੇ ਪ੍ਰਤੀ ਜਾਣਕਾਰੀ ਵਧੀ ਹੈ। ਉਹਨਾਂ ਨੇ ਸੀ.ਬੀ.ਐਸ.ਈ ਵਲੋਂ ਨਿਯੁਕਤ ਕੀਤੇ ਹੋਏ ਰਿਸੋਰਸ ਪਰਸਨ ਮੈਡਮ ਅੰਜੂ ਜੈਨ ਖਾਸ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਮੁਨੀਸਾ ਸੰਗਰ ਵੱਲੋਂ ਆਏ ਹੋਏ ਰਿਸੋਰਸ ਪਰਸਨ ਮੈਡਮ ਅੰਜੂ ਜੈਨ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਮੈਨੇ ਚਿਰ ਗਜਿੰਦਰ ਪਾਲ ਸਿੰਘ, ਬਿਕਰਮਜੀਤ ਸਿੰਘ ਭੇਲਾ, ਸੁਮੀਤ ਕੌਰ, ਕੰਚਨ ਖੁਰਾਨਾ, ਰਾਜਵਿੰਦਰ ਕੌਰ, ਰਾਜਬੀਰ ਕੌਰ, ਪਰਮਜੀਤ ਕੌਰ, ਗੁਰਪ੍ਰੀਤ ਕੌਰ, ਨੇਹਾ ਜੈਨ, ਸੁਮਨ ਚੋਪੜਾ, ਅਰਚਨਾ ਸੈਣੀ, ਪਰਮਿੰਦਰ ਕੌਰ, ਕੁਲਵਿੰਦਰ ਕੌਰ, ਹਰਮਿੰਦਰ ਕੌਰ, ਅਨੁਰਾਧਾ, ਸੁਖਜਿੰਦਰ, ਨੀਨਾ, ਪੂਜਾ, ਰੁਪਿੰਦਰ ਅਤੇ ਬਾਕੀ ਸਟਾਫ ਵੀ ਮੌਜੂਦ ਸੀ।

# ਲਾਇਨਜ਼ ਕਲੱਬ ਇੰਟਰਨੈਸ਼ਨਲ ਰਿਹਾਣਾ ਜੱਟਾਂ ਕੋਹਿਨੂਰ ਵੱਲੋਂ ਪੌਦੇ ਲਗਾਏ



**ਮੇਹਟੀਆਣਾ, (ਜਗਤਾਰ ਸਿੰਘ ਭੁੰਗਰਨੀ) :** ਲਾਇਨਜ ਕਲੱਬ ਇੰਟਰਨੈਸ਼ਨਲ ਰਿਹਾਣਾ ਜੱਟਾਂ ਕੋਹਿਨੂਰ 321 ਡੀ ਵੱਲੋਂ ਆਪਣੇ ਗਵਰਨਰ ਲਾਇਨ ਐੱਸ ਪੀ ਸੌਂਧੀ ਦੇ ਦਿਸ਼ਾ-ਨਿਰਦੇਸ਼ ਅਨੁਸਾਰ, ਕਲੱਬ ਪ੍ਰਧਾਨ ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ ਦੀ ਪ੍ਰਧਾਨਗੀ ਹੇਠ, ਚੇਅਰਮੈਨ ਇਨਵਾਇਰਨਮੈਂਟ ਲਾਇਨ ਰਣਜੀਤ ਸਿੰਘ ਰਾਣਾ ਨੰਬਰਦਾਰ ਦੀ ਰਾਹ ਰੁਸ਼ਨਾਈ 'ਚ ਫਲਦਾਰ, ਫੁਲਦਾਰ, ਛਾਂਦਾਰ ਅਤੇ ਦਵਾਈਆ ਵਾਸਤੇ ਵਰਤੇ ਜਾਣ ਵਾਲੇ ਬੂਟੇ ਸਥਾਨਕ ਫਾਰਮ ਵਿੱਚ ਲਗਾਏ ਗਏ। ਕਲੱਬ ਵੱਲੋ ਇਹ ਬੂਟੇ ਨਾਗਾਸਾਕੀ, ਹਿਰੋਸ਼ਿਮਾ 'ਚ ਐਟਮ ਬੰਬਾਂ ਨਾਲ ਹੋਏ ਬੇਦੋਸ਼ੇ ਲੋਕਾ ਦੇ ਬਨਸਪਤੀ, ਜੀਵ ਜੰਤੂਆਂ ਦੇ ਕਤਲੇਆਮ ਅਤੇ ਮਨੀਪੁਰ ਦੇ ਔਰਤਾਂ-ਮਰਦਾਂ, ਨੌਜਵਾਨਾ - ਬਜ਼ੁਰਗਾ - ਬੱਚਿਆਂ ਤੇ ਅਣਮਨੁੱਖੀ ਅੱਤਿਆਚਾਰ, ਕਤਲੇਆਮ ਦੀ ਯਾਦ ਨੂੰ ਸਮਰਪਿਤ ਕੀਤੇ ਗਏ ਹਨ। ਇਸ ਸਮੇਂ ਰੀਜਨ ਚੇਅਰਮੈਨ ਡਾਕਟਰ ਰਤਨ ਚੰਦ, ਜੋਨ ਚੇਅਰਮੈਨ ਲਾਇਨ ਐੱਸ ਪੀ ਜਖੂ, ਕਲੱਬ ਸਕੱਤਰ ਲਾਇਨ ਡਾਕਟਰ ਤੇਜਬੀਰ ਸਿੰਘ ਧਾਲੀਵਾਲ, ਲਾਇਨ ਐਮ ਪੀ ਸਿੰਘ ਸਿੱਧੂ ਪ੍ਰਧਾਨ ਲਾਇਨਜ਼ ਕਲੱਬ ਸਮਰਪਣ ਨੇ ਵਿਸੇਸ਼ ਸ਼ਿਰਕਤ ਕੀਤੀ।

# ਆਰ ਆਈ ਐੱਮ ਸੀ ਦੇਹਰਾਦੂਨ 'ਚ ਦਾਖ਼ਲੇ ਲਈ ਲਿਖਤੀ ਪ੍ਰੀਖਿਆ 2 ਦਸੰਬਰ ਨੂੰ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਰਾਸ਼ਟਰੀਆ ਇੰਡੀਅਨ ਮਿਲਟਰੀ ਕਾਲਜ ਦੇਹਰਾਦੂਨ (ਉਤਰਾਖੰਡ) ਦੇ ਜੁਲਾਈ 2024 ਟਰਮ ਦੇ ਦਾਖ਼ਲੇ ਲਈ ਲਿਖਤੀ ਪ੍ਰੀਖਿਆ ਲਾਲਾ ਲਾਜਪਤ ਰਾਏ ਭਵਨ, ਸੈਕਟਰ-15, ਚੰਡੀਗੜ੍ਹ ਵਿਖੇ 2 ਦਸੰਬਰ (ਸ਼ਨੀਵਾਰ) ਨੂੰ ਹੋਵੇਗੀ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਰਾਸ਼ਟਰੀਆ ਇੰਡੀਅਨ ਮਿਲਟਰੀ ਕਾਲਜ (ਆਰ ਆਈ ਐਮ ਸੀ) ਦੇ ਦਾਖ਼ਲੇ ਲਈ ਲੜਕੇ ਅਤੇ ਲੜਕੀਆਂ ਦੋਵੇਂ ਹੀ ਅਪਲਾਈ ਕਰ ਸਕਦੇ ਹਨ। ਉਮੀਦਵਾਰ ਦਾ ਜਨਮ 2 ਜੁਲਾਈ, 2011 ਤੋਂ 1 ਜਨਵਰੀ, 2013 ਦੇ ਦਰਮਿਆਨ ਹੋਇਆ ਹੋਵੇ। ਉਮੀਦਵਾਰ ਕਿਸੇ ਵੀ ਮਾਨਤਾ ਪ੍ਰਾਪਤ ਸਕੂਲ ਵਿੱਚ 7ਵੀਂ ਜਮਾਤ ਵਿੱਚ ਪੜਦਾ ਹੋਵੇ ਜਾਂ 7ਵੀਂ ਪਾਸ ਹੋਵੇ। ਚੁਣੇ ਹੋਏ ਉਮੀਦਵਾਰ ਨੂੰ 8ਵੀਂ ਜਮਾਤ ਵਿੱਚ ਦਾਖ਼ਲਾ ਦਿੱਤਾ ਜਾਵੇਗਾ। ਇਮਤਿਹਾਨ ਦੇ ਲਿਖਤੀ ਹਿੱਸੇ ਵਿੱਚ ਅੰਗਰੇਜ਼ੀ, ਹਿਸਾਬ ਅਤੇ ਸਧਾਰਣ ਗਿਆਨ ਦੇ ਤਿੰਨ ਪੇਪਰ ਹੋਣਗੇ। ਲਿਖਤੀ ਪ੍ਰੀਖਿਆ ਵਿਚ ਪਾਸ ਹੋਣ 'ਤੇ ਜ਼ੁਬਾਨੀ ਪ੍ਰੀਖਿਆ ਲਈ ਜਾਵੇਗੀ ਜਿਸ ਸਬੰਧੀ ਬਾਅਦ ਵਿੱਚ ਸੂਚਿਤ ਕੀਤਾ ਜਾਵੇਗਾ। ਬੁਲਾਰੇ ਨੇ ਦੱਸਿਆ ਕਿ ਪ੍ਰਾਸਪੈਕਟਸ-ਕਮ-ਐਪਲੀਕੇਸ਼ਨ ਫਾਰਮ ਅਤੇ ਪੁਰਾਣੇ ਪ੍ਰਸ਼ਨ ਪੇਪਰਾਂ ਦਾ ਕਿਤਾਬਚਾ ਆਰ.ਆਈ.ਐਮ.ਸੀ ਦੀ ਵੈਬਸਾਈਟ www.rmic.gov.in 'ਤੇ ਜਨਰਲ ਉਮੀਦਵਾਰ ਲਈ 600 ਰੁਪਏ ਅਤੇ ਅਨੁਸੂਚਿਤ ਜਾਤੀਆਂ/ਜਨਜਾਤੀਆਂ ਦੇ ਉਮੀਦਵਾਰ ਲਈ 555 ਰੁਪਏ ਦੀ ਆਨਲਾਈਨ ਅਦਾਇਗੀ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ।

# ਸੁਸ਼ੀਲ ਰਿੰਕੂ ਵੱਲੋਂ ਲੋਕਤੰਤਰੀ ਢਾਂਚੇ ਨੂੰ ਬਚਾਉਣ ਲਈ ਇਕਜੁੱਟ ਹੋਣ ਦਾ ਸੱਦਾ

**ਜਲੰਧਰ (ਸ਼ੈਲੀ ਐਲਬਰਟ)**- ਸੰਸਦ ਦੇ ਬਾਹਰ ਧਰਨੇ 'ਤੇ ਬੈਠੇ ਜਲੰਧਰ ਤੋਂ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਲੋਕਾਂ ਨੂੰ ਲੋਕਤੰਤਰੀ ਢਾਂਚੇ ਨੂੰ ਬਚਾਉਣ ਲਈ ਇਕਜੁੱਟ ਹੋਣ ਦੀ ਅਪੀਲ ਕੀਤੀ। ਸ੍ਰੀ ਰਿੰਕੂ ਨੇ ਕਿਹਾ ਕਿ ਅੱਜ ਦੇ ਦਿਨ ਦੇਸ਼ ਦੀ ਆਜ਼ਾਦੀ ਦੇ ਮਹਾਨ ਆਗੂ ਮਹਾਤਮਾ ਗਾਂਧੀ ਵੱਲੋਂ 81 ਸਾਲ ਪਹਿਲਾਂ ਭਾਰਤ ਛੱਡੋ ਅੰਦੋਲਨ ਦੀ ਸ਼ੁਰੂਆਤ ਕੀਤੀ ਗਈ ਸੀ ਅਤੇ ਅੰਗਰੇਜ਼ਾਂ ਨੂੰ ਭਾਰਤ ਛੱਡਣ ਲਈ ਮਜ਼ਬੂਰ ਹੋਣਾ ਪਿਆ ਸੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਮਹਾਤਮਾ ਗਾਂਧੀ ਅਤੇ ਡਾ.ਬੀ.ਆਰ.ਅੰਬੇਦਕਰ ਦੀ ਵਿਚਾਰਧਾਰਾ 'ਤੇ ਚੱਲਦਿਆਂ ਦੇਸ਼ ਦੇ ਸੰਘੀ ਢਾਂਚੇ ਨੂੰ ਬਚਾਉਣ ਅਤੇ ਮਜ਼ਬੂਤ ਕਰਨ ਲਈ ਲਾਮਬੰਦ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ ਦੇਸ਼ ਵਿੱਚ ਕਾਰਪੋਰੇਟ ਘਰਾਣਿਆਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਦੀ ਬਹਿਤਰੀ ਲਈ ਹਰ ਤਰ੍ਹਾਂ ਦੀਆਂ ਪਾਲਿਸੀਆਂ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇਸ਼ ਦੇ ਸਾਰੇ ਵਪਾਰਿਕ ਢਾਂਚੇ ਉਤੇ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਕਰਵਾਉਣਾ ਚਾਹੁੰਦੀ ਹੈ ਤਾਂ ਜੋ ਦੇਸ਼ ਦਾ ਛੋਟਾ ਵਪਾਰੀ ਪੂਰੀ ਤਰ੍ਹਾਂ ਖ਼ਤਮ ਹੋ ਜਾਵੇ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਲੋਕਤੰਤਰੀ ਪ੍ਰਕਿਰਿਆ ਨੂੰ ਬਰਕਰਾਰ ਰੱਖਣ ਲਈ ਕੇਂਦਰ ਸਰਕਾਰ ਨੂੰ ਚੱਲਦਾ ਕਰਨਾ ਬਹੁਤ ਜਰੂਰੀ ਹੈ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਦੇਸ਼ ਵਿਚ ਸੰਘੀ ਢਾਂਚੇ ਅਤੇ ਲੋਕਤੰਤਰ ਨੂੰ ਬਚਾਉਣ ਲਈ ਚੋਣਾਂ ਦੌਰਾਨ ਸਰਕਾਰ ਨੂੰ ਬਾਹਰ ਦਾ ਰਸਤਾ ਦਿਖਾਇਆ ਜਾਵੇ।




# ਵੱਖ-ਵੱਖ ਸਿਹਤ ਤੇ ਤੰਦਰੁਸਤੀ ਕੇਂਦਰਾਂ ਅਧੀਨ ਮਮਤਾ ਦਿਵਸ ਮਨਾਇਆ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**- ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸੈਕਟਰ ਬਜ਼ੀਦਪੁਰ ਅਧੀਨ ਵੱਖ-ਵੱਖ ਸਿਹਤ ਤੇ ਤੰਦਰੁਸਤੀ ਕੇਂਦਰਾਂ ਅਧੀਨ ਮਮਤਾ ਦਿਵਸ ਮਨਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਰੂਬੀ ਸੀ.ਐਚ.ਓ ਨੇ ਕਿਹਾ ਕਿ ਮਮਤਾ ਦਿਵਸ ਦਾ ਮੁੱਖ ਮੰਤਵ ਬੱਚਿਆਂ ਨੂੰ ਮਾਰੂ ਰੋਗਾਂ ਪੋਲੀਓ, ਕਾਲੀ ਖਾਂਸੀ, ਟੀ.ਬੀ, ਨਮੂਨੀਆ, ਖਸਰਾ, ਰੁਬੇਲਾ, ਅੰਧਰਾਤਾ, ਹੈਪੇਟਾਈਟਸ ਬੀ, ਦਿਮਾਗੀ ਬੁਖਾਰ, ਗਲਘੋਟੂ ਅਤੇ ਟੈਟਨਸ ਤੋਂ ਬਚਾਅ ਦੇ ਟੀਕੇ ਲਗਾਉਣਾ ਹੈ ਅਤੇ ਗਰਭਵਤੀ ਮਹਿਲਾਂਵਾ ਨੂੰ ਸੰਤੁਲਿਤ ਖੁਰਾਕ ਸੰਬੰਧੀ ਜਾਗਰੂਕ ਕਰਨਾ ਹੈ। ਇਸ ਮੌਕੇ ਤਰਨਵੀਰ ਕੌਰ ਏ.ਐਨ.ਐਮ ਨੇ ਕਿਹਾ ਕਿ ਗਰਭਵਤੀ ਮਹਿਲਾਂਵਾ ਆਪਣੇ ਗਰਭ ਵਿੱਚ ਪਲ ਰਹੇ ਬੱਚੇ ਅਤੇ ਆਪਣੀ ਸਿਹਤ ਦਾ ਪੂਰਾ ਖਿਆਲ ਰੱਖਣ ਤੇ ਆਪਣੀ ਡਾਈਟ ਵਿੱਚ ਹਰੀਆਂ ਸਬਜੀਆਂ ਅਤੇ ਫਲਾਂ ਦਾ ਇਸਤੇਮਾਲ ਕਰਨ ਤਾਂ ਜੋ ਜੱਚਾ-ਬੱਚਾ ਦੋਵੇਂ ਤੰਦਰੁਸਤ ਰਹਿਣ ਅਤੇ ਸਰੀਰ ਵਿੱਚ ਖੂਨ ਦੀ ਕਮੀ ਨਾ ਹੋਵੇ। ਨਵਜੰਮੇ ਬੱਚਿਆਂ ਨੂੰ ਘੱਟੋ ਘੱਟ 6 ਮਹੀਨੇ ਤੱਕ ਮਾਂ ਦਾ ਹੀ ਦੁੱਧ ਪਿਲਾਇਆ ਜਾਵੇ। ਮਾਂ ਦੇ ਦੁੱਧ ਵਿੱਚ ਪੋਸ਼ਟਿਕ ਤੱਤ ਮੌਜੂਦ ਹੁੰਦੇ ਹਨ ਜੋ ਬੱਚੇ ਨੂੰ ਰੋਗਾਂ ਨਾਲ ਲੜਨ ਦੀ ਤਾਕਤ ਦਿੰਦੇ ਹਨ। ਇਸ ਮੌਕੇ ਤੇ ਸਮੂਹ ਏ.ਐਨ.ਐਮ, ਸਮੂਹ ਸੀ.ਐਚ.ਓ ਅਤੇ ਆਸ਼ਾ ਵਰਕਰਜ਼ ਹਾਜਰ ਸਨ।



## ਨਕੋਦਰ ਤੇ ਕਾਲਾ ਸੰਘਿਆਂ ਪੂਰਨ ਤੌਰ 'ਤੇ ਰਹੇ ਬੰਦ

**ਕਾਲਾ ਸੰਘਿਆਂ (ਮਨਜੀਤ ਮਾਨ)** ਮਨੀਪੁਰ ਵਿੱਚ ਪਿਛਲੇ ਕਈ ਮਹੀਨਿਆਂ ਤੋਂ ਲਗਾਤਾਰ ਹਿੰਸਕ ਘਟਨਾਵਾਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ ਅੱਤਿਆਚਾਰਾਂ ਦੇ ਖਿਲਾਫ ਪੀੜ੍ਹਤ ਲੋਕਾਂ ਨੂੰ ਇਨਸਾਫ ਦਿਵਾਉਣ ਲਈ ਦਿਹਾਤੀ ਮਜਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਕਾਮਰੇਡ ਦਰਸ਼ਨ ਨਾਹਰ , ਕਾਮਰੇਡ ਮਨੋਹਰ ਗਿੱਲ , ਕਾਮਰੇਡ ਨਿਰਮਲ ਆਧੀ ਤੇ ਹੋਰ ਵੱਖ ਵੱਖ ਧਾਰਮਿਕ ਤੇ ਸਿਆਸੀ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਕਸਬਾ ਨਕੋਦਰ ਦੇ ਡਾਕਟਰ ਬੀ ਆਰ ਅੰਬੇਡਕਰ ਚੌਂਕ ਵਿੱਚ ਰੋਸ ਮਾਰਚ ਕਰਕੇ ਧਰਨਾ ਦਿੱਤਾ ਗਿਆ। ਇਸ ਮੌਕੇ ਕਾਮਰੇਡ ਦਰਸ਼ਨ ਨਾਹਰ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੇ 140 ਕਰੋੜ ਲੋਕਾਂ ਦਾ ਸਿਰ ਸਰਮ ਨਾਲ ਝੁਕ ਰਿਹਾ ਹੈ ਤੇ ਪ੍ਰਧਾਨ ਮੰਤਰੀ ਇਸ ਘਟਨਾ 'ਤੇ ਬੋਲਣ ਲਈ ਤਿਆਰ ਨਹੀਂ। ਮਨੀਪੁਰ ਦੇ ਮੁੱਖ ਮੰਤਰੀ ਨੂੰ ਆਪਣੇ ਆਹੁਦੇ ਤੋਂ ਤੁਰੰਤ ਅਸਤੀਫਾ ਦੇਣਾ ਚਾਹੀਦਾ ਹੈ ਅਤੇ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵੇ। ਕਸਬਾ ਕਾਲਾ ਸੰਘਿਆਂ ,ਮੱਲ੍ਹੀਆਂ ਕਲਾਂ ,ਉੱਗੀ , ਟੁੱਟ ਕਲਾਂ ਨੂੰ ਬੰਦ ਦਾ ਪੂਰਨ ਸਮਰਥਨ ਮਿਲਿਆ। ਇਸ ਮੌਕੇ ਪਾਸਟਰ ਪ੍ਰਧਾਨ ਸੋਨੀ ਲਾਲ ,ਜਨਰਲ ਸਕੱਤਰ ਸੰਤੋਖ ਰਾਮ, ਬਲਵਿੰਦਰ ਮਾਲੜੀ, ਰਾਜੇਸ਼ ਕੁਮਾਰ , ਵਿਜੇ ਕੁਮਾਰ, ਪ੍ਰਧਾਨ ਜਗਦੀਸ਼ ਲਾਲ ਨੇ ਵੀ ਧਰਨਾਕਾਰੀਆਂ ਨੂੰ ਸੰਬੋਧਨ ਕੀਤਾ।

## ਬੇਗਮਪੁਰਾ ਟਾਇਗਰ ਫੋਰਸ ਵੱਲੋਂ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ 'ਚ ਰੋਸ ਮਾਰਚ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਬੇਗਮਪੁਰਾ ਟਾਇਗਰ ਫੋਰਸ ਨੇ ਫੋਰਸ ਦੇ ਸੂਬਾ ਪ੍ਰਧਾਨ ਵੀਰਪਾਲ ਠਰੋਲੀ ਤੇ ਜਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਅਗਵਾਈ ਹੇਠ ਸ਼ਹਿਰ ਦੇ ਵੱਖ ਵੱਖ ਬਜਾਰਾ ਵਿੱਚ ਸ਼ਾਂਤਮਈ ਰੋਸ ਮਾਰਚ ਕੱਢਿਆ ਗਿਆ। ਇਸ ਮੌਕੇ ਆਗੂਆ ਨੇ ਕਿਹਾ ਕਿ ਮਨੀਪੁਰ ਵਿੱਚ ਲੰਬੇ ਸਮੇਂ ਤੋਂ ਆਦੀਵਾਸੀਆਂ ਉੱਪਰ ਜੁਲਮ ਤੇ ਤਸ਼ੱਦਦ ਹੋ ਰਿਹਾ ਹੈ। 2 ਮਹੀਨੇ ਬੀਤਣ ਦੇ ਬਾਵਜੂਦ ਵੀ ਦੋਸ਼ੀਆਂ ਖਿਲਾਫ ਭਾਜਪਾ ਦੀ ਸਰਕਾਰ ਵਲੋਂ ਕਾਰਵਾਈ ਨਾ ਕਰਨਾ ਗੈਰ ਜਿਮੇਵਾਰ ਕਾਰਵਾਈ ਦੇ ਵਿਰੋਧ ਵਿਚ ਦੇਸ਼ ਵਿਦੇਸ਼ ਵਿੱਚ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਇਸ ਮੌਕੇ ਹੋਰਨਾ ਤੋ ਇਲਾਵਾ ਮੀਡੀਆ ਇੰਚਾਰਜ ਚੰਦਰ ਪਾਲ ਹੈਪੀ, ਮਨਪ੍ਰੀਤ ਕੋਹਲੀ, ਅਜੈ ਕੁਮਾਰ, ਵਿੱਕੀ ਸਿੰਘ ਪੁਰਹੀਰਾ, ਗੁਰਪ੍ਰੀਤ ਕੁਮਾਰ, ਸਨੀ ਸੀਣਾ, ਭਿੰਦਾ ਸੀਣਾ, ਅਮਨਦੀਪ, ਦੋਆਬਾ ਇੰਚਾਰਜ ਜੱਸਾ ਸਿੰਘ ਨੰਦਨ, ਸਤੀਸ਼ ਕੁਮਾਰ ਸ਼ੇਰਗੜ, ਚਰਨਜੀਤ ਸਿੰਘ ਡਾਡਾ, ਬਲਵਿੰਦਰ ਸ਼ੇਰਗੜੀਆ, ਗਗਨਦੀਪ ਸ਼ੇਰਗੜੀਆ, ਅਮਰੀਕ ਸ਼ੇਰਗੜੀਆ, ਭੁਪਿੰਦਰ ਮਾਨਾ, ਅਵਤਾਰ ਤਾਰੀ ਮਾਨਾ, ਵਿਜੈ ਕੁਮਾਰ ਸ਼ੀਹਮਾਰ, ਹਰੀ ਰਾਮ ਆਦੀਆ ਜਿਲਾ ਪ੍ਰਧਾਨ ਭਾਵਾਦਾਸ, ਪੰਮਾ ਡਾਡਾ, ਜਸਵੀਰ ਸ਼ੇਰਗੜੀਆ, ਅਮਰੀਕ ਸਿੰਘ ਸ਼ੇਰਗੜੀਆ, ਗੋਗਾ ਮਾਂਝੀ, ਰਾਜ ਕੁਮਾਰ ਬੱਧਣ, ਰਾਕੇਸ਼ ਕੁਮਾਰ ਭੱਟੀ ਸਮੇਤ ਫੋਰਸ ਦੇ ਹੋਰ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।

## ਹੈਰੋਇਨ ਸਮੱਗਲਰ ਨੂੰ ਗ੍ਰਿਫਤਾਰ ਕਰਨ ਵਾਲੀ ਪੁਲਸ ਪਾਰਟੀ ਸਨਮਾਨਤ

**ਕਾਲਾ ਸੰਘਿਆਂ (ਮਨਜੀਤ ਮਾਨ)**-ਥਾਣਾ ਸਦਰ ਨਕੋਦਰ ਮੁੱਖੀ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਦੀ ਅਗਵਾਈ ਵਿੱਚ ਪੁਲਸ ਪਾਰਟੀ ਵੱਲੋਂ ਨਕੋਦਰ-ਕਪੂਰਥਲਾ ਮੁਖ ਮਾਰਗ 'ਤੇ ਅੱਡਾ ਮੱਲ੍ਹੀਆਂ ਕਲਾਂ ਦੇ ਨਜਦੀਕ 13 ਜੂਨ ਨੂੰ ਹੈਰੋਇਨ ਤਸਕਰ ਗੁਜਰਾਲ ਸਿੰਘ ਉਰਫ ਜੋਗਾ ਵਾਸੀ ਕਪੂਰਥਲਾ ਨੂੰ ਨਾਕੇ ਦੌਰਾਨ 6 ਕਿਲੋ ਹੈਰੋਇਨ ਸਮੇਤ ਗ੍ਰਿਫਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਗਈ ਸੀ। ਮੁਲਜ਼ਮ ਨੇ ਪੁਲਸ ਨਾਕਾ ਤੋੜਦੇ ਹੋਏ ਮੁਲਾਜ਼ਮਾਂ ਉਪਰ ਵੀ ਗੱਡੀ ਚੜ੍ਹਾਉਣ ਦੀ ਕੋਸ਼ਿਸ਼ ਕੀਤੀ ਜੋ ਕਿ ਅਸਫਲ ਸਾਬਿਤ ਹੋਈ ਅਤੇ ਮੁਲਾਜ਼ਮਾਂ ਨੇ ਬਹਾਦੁਰੀ ਦਿਖਾਉਂਦੇ ਹੋਏ ਉਕਤ ਮੁਲਜਮ ਨੂੰ ਮੌਕੇ ਤੋਂ ਕਾਬੂ ਕਰ ਲਿਆ ਸੀ। ਨਕੋਦਰ ਅਤੇ ਉੱਗੀ ਪੁਲਸ ਪਾਰਟੀ ਦੀ ਇਸ ਬਹਾਦਰੀ ਲਈ ਸੂਬੇ ਦੇ ਡੀ ਜੀ ਪੀ ਗੌਰਵ ਯਾਦਵ ਆਈਪੀਐੱਸ ਵੱਲੋਂ ਸਨਮਾਨਤ ਕੀਤਾ ਗਿਆ ਹੈ । ਥਾਣਾ ਸਦਰ ਨਕੋਦਰ ਦੇ ਮੁੱਖੀ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕੇ ਪੁਲਸ ਪਾਰਟੀ ਨੂੰ ਸਨਮਾਨਿਤ ਕਰਨ ਲਈ ਡੀਜੀਪੀ ਵੱਲੋਂ ਹੁਸ਼ਿਆਰਪੁਰ ਵਿਖੇ ਵਿਸ਼ੇਸ਼ ਸਮਾਗਮ ਕੀਤਾ ਗਿਆ, ਜਿਸ ਵਿੱਚ ਨਕੋਦਰ ਪੁਲਸ ਟੀਮ ਦੇ ਪੁਲਸ ਚੌਕੀ ਉੱਗੀ ਦੇ ਇੰਚਾਰਜ ਏ ਐਸ ਆਈ ਓਮੇਸ਼ ਕੁਮਾਰ ,ਏ ਐਸ ਆਈ ਸਤਨਾਮ ਸਿੰਘ ,ਕਾਂਸਟੇਬਲ ਯਾਦਵਿੰਦਰ ਸਿੰਘ ਤੇ ਲਵਪ੍ਰੀਤ ਸਿੰਘ ਨੂੰ ਸਨਮਾਨਤ ਕੀਤਾ ਗਿਆ।

## ਤੀਆਂ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ

**ਸ੍ਰੀ ਚਮਕੌਰ ਸਾਹਿਬ (ਨਵਾਂ ਜ਼ਮਾਨਾ ਸਰਵਿਸ)**-ਤੀਆਂ ਦਾ ਤਿਉਹਾਰ ਯੁਵਕ ਸੇਵਾਵਾਂ ਕਲੱਬ ਪਿੰਡ ਧੂੰਮੇਵਾਲ ਦੀ ਪੰਚਾਇਤ ਦੇ ਸਹਿਯੋਗ ਨਾਲ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਪਿੰਡ ਦੀਆਂ ਕੁੜੀਆਂ ਨੇ ਪੰਜਾਬੀ ਐਕਸ਼ ਸੌਂਗ,ਲੋਕ ਗੀਤ, ਘੋੜੀਆਂ, ਸਿੱਠਣੀਆਂ, ਗਿੱਧਾ ਅਤੇ ਇੱਕ ਨਾਟਕ ਵੀ ਪੇਸ਼ ਕੀਤਾ ਛੋਟੀਆਂ ਅਤੇ ਵੱਡੀਆਂ ਕੁੜੀਆਂ ਦੇ ਸੰਧਾਰੇ ਦੇ ਰੂਪ ਵਿੱਚ 100 ਕਿੱਲੋ ਬਿਸਕੁੱਟ ਵੀ ਦਿੱਤੇ ਗਏ । 10 ਕਿੱਲੋ ਦਾ ਵੱਡਾ ਕੇਕ ਵੀ ਕੱਟਿਆ ਗਿਆ । ਇਸ ਮੌਕੇ ਕਲੱਬ ਦੇ ਚੇਅਰਮੈਨ ਅਮਨਦੀਪ ਸਿੰਘ ਨੇ ਕਿਹਾ ਕਿ ਕੁੜੀਆਂ ਤੋਂ ਬਿਨਾਂ ਸਾਡੇ ਸਮਾਜ ਦੀ ਵਿਕਾਸ ਸੰਭਵ ਨਹੀਂ ਹੈ। ਅੱਜ ਕੁੜੀਆਂ ਮਰਦਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਤੁਰਨ ਦੀ ਹਿੰਮਤ ਰੱਖਦੀਆਂ ਹਨ । ਸਾਨੂੰ ਭਰੂਣ ਹੱਤਿਆ ਅਤੇ ਦਾਜ ਵਰਗੀਆਂ ਸਮਾਜਿਕ ਕੁਰੀਤੀਆਂ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ। ਕੁੜੀਆਂ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਚਾਹੀਦਾ ਹੈ ਤਾਂ ਕਿ ਸਾਡੇ ਸਮਾਜ ਦੀ ਤਰੱਕੀ ਹੋ ਸਕੇ। ਪਿੰਡ ਧੂੰਮੇਵਾਲ ਦੀ ਪੰਚਾਇਤ ਵੱਲੋਂ ਸਰਪੰਚ ਸ੍ਰੀਮਤੀ ਹਰਬੰਸ ਕੌਰ ਅਤੇ ਗੁਰਪ੍ਰੀਤ ਮਹਿਰਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਗਿਆਨ ਸਿੰਘ ਸੁਪਰਡੈਂਟ,ਰਾਮ ਦਾਸ ਸਾਬਕਾ ਸਰਪੰਚ, ਦਰਸ਼ਨ ਬਾਬਾ, ਅਮਨਦੀਪ ਸਿੰਘ ਬੰਟੀ, ਨਿਰਮਲ ਜੀਤ ਸਿੰਘ ਨਿੰਮਨ, ਧੀਰੀ ਠੇਕੇਦਾਰ,ਹੈਪੀ ਤੇ ਸਮੂਹ ਪਿੰਡ ਵਾਸੀ ਹਾਜਰ ਸਨ ।

## ਪੇਂਡੂ ਮਜ਼ਦੂਰ ਯੂਨੀਅਨ ਦੇ ਆਹੁਦੇਦਾਰਾਂ ਵੱਲੋਂ ਬੀ ਡੀ ਪੀ ਓ ਨਾਲ ਮੀਟਿੰਗ

**ਨੂਰਮਹਿਲ ( ਬਾਲ ਕ੍ਰਿਸਨ ਬਾਲੀ)** ਜਲੰਧਰ ਏ ਡੀ ਸੀ ਵਿਕਾਸ ਵਰਿੰਦਰ ਪਾਲ ਸਿੰਘ ਬਾਜਵਾ ਦੀ ਰਹਿਨੁਮਾ ਹੇਠ ਪੇਂਡੂ ਮਜ਼ਦੂਰ ਯੂਨੀਅਨ ਦੇ ਆਹੁਦੇਦਾਰਾਂ ਅਤੇ ਜਿਲ੍ਹੇ ਦੇ ਵੱਖ ਵੱਖ ਬਲਾਕਾ ਦੇ ਬੀ ਡੀ ਪੀ ਓ ਨਾਲ ਇਕ ਪੈਨਲ ਮੀਟਿੰਗ ਕੀਤੀ ਗਈ। ਜਿਸ ਵਿੱਚ ਪਿੰਡਾਂ ਦੇ ਮਨਰੇਗਾ ਵਰਕਰਾਂ ਨੂੰ ਆ ਰਹੀਆਂ ਸਮੱਸਿਆਵਾ, ਪਲਾਟਾਂ ਦੀ ਅਲਾਟਮੈਂਟ ਸੰਬੰਧੀ, ਗਰਾਮ ਸਭਾਵਾਂ ਦੇ ਅਜਲਾਸ, ਅਤੇ ਹੋਰ ਲੋਕਲ ਮਸਲਿਆ ਅਤੇ ਉਨ੍ਹਾ ਦੇ ਹੱਲ ਲਈ ਗੰਭੀਰ ਵਿਚਾਰ ਚਰਚਾ ਕੀਤੀ ਗਈ। ਸਬੰਧਤ ਅਧਿਕਾਰੀਆ ਨੇ ਇਨ੍ਹਾ ਦੇ ਫੌਰੀ ਹੱਲ ਦਾ ਵੀ ਭਰੋਸਾ ਦਵਾਇਆ। ਇਸ ਦੀ ਜਾਣਕਾਰੀ ਜਿਲ੍ਹਾ ਪ੍ਰਧਾਨ ਹੰਸ ਰਾਜ ਪੱਬਵਾ ਨੇ ਦਿੱਤੀ।

## ਸਿੱਖਾਂ ਦੇ ਧਾਰਮਿਕ ਮਸਲਿਆਂ 'ਚ ਦਖਲ ਤੋਂ ਗੁਰੇਜ਼ ਕਰਨ ਹਿੰਦੂਵਾਦੀ ਸਰਕਾਰਾਂ : ਸੰਗਤਪੁਰ, ਅਠੌਲੀ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਜਥੇਦਾਰ ਬਹਾਦਰ ਸਿੰਘ ਸਾਬਕਾ ਸਰਪੰਚ ਸੰਗਤਪੁਰ ਅਤੇ ਸਮਾਜ ਸੇਵਕ ਗੁਰਬਖਸ਼ ਸਿੰਘ ਅਠੌਲੀ ਨੇ ਇੱਥੇ ਜਾਰੀ ਇਕ ਸਾਂਝੇ ਬਿਆਨ 'ਚ ਕਿਹਾ ਕਿ ਸ਼ਿਵ ਸੈਨਾ, ਭਾਜਪਾ ਅਤੇ ਆਰ.ਐਸ.ਐਸ. ਨੂੰ ਸਿੱਖਾਂ ਦੇ ਧਾਰਮਿਕ ਮਸਲਿਆਂ 'ਚ ਗੈਰ ਜਰੂਰੀ ਦਖਲ ਅੰਦਾਜੀ ਬੰਦ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਭਾਜਪਾ ਦੀ ਭਾਈਵਾਲ ਮਹਾਰਾਸ਼ਟਰ ਦੀ ਏਕਨਾਥ ਸ਼ਿੰਦੇ ਸਰਕਾਰ ਵਲੋਂ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਬੋਰਡ ਦਾ ਪ੍ਰਬੰਧਕ ਇਕ ਗੈਰ ਸਿੱਖ ਅਧਿਕਾਰੀ ਨੂੰ ਲਗਾਇਆ ਗਿਆ ਹੈ ਜੋ ਸਿੱਖ ਕੌਮ ਨੂੰ ਬਿਲਕੁਲ ਵੀ ਸਵੀਕਾਰ ਨਹੀਂ ਹੈ। ਇਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚੀ ਹੈ। ਉਹਨਾਂ ਮੰਗ ਕੀਤੀ ਕਿ ਗੈਰ ਸਿੱਖ ਨੂੰ ਪ੍ਰਬੰਧਕ ਲਗਾਉਣ ਦਾ ਫੈਸਲਾ ਤੁਰੰਤ ਵਾਪਸ ਲਿਆ ਜਾਵੇ ਅਤੇ ਕਿਸੇ ਅੰਮ੍ਰਿਤਧਾਰੀ ਸਿੱਖ ਅਧਿਕਾਰੀ ਨੂੰ ਪ੍ਰਬੰਧਕ ਨਿਯੁਕਤ ਕੀਤਾ ਜਾਵੇ। ਉਹਨਾਂ ਕਿਹਾ ਕਿ ਸਿੱਖ ਕੌਮ ਨਾਲ ਸਬੰਧਤ ਅਜਿਹੇ ਮਹਤੱਵ ਪੂਰਣ ਫੈਸਲੇ ਲੈਣ ਤੋਂ ਪਹਿਲਾਂ ਸਰਕਾਰਾਂ ਨੂੰ ਡੂੰਘਾਈ ਨਾਲ ਸੋਚਣਾ ਚਾਹੀਦਾ ਹੈ। ਉਹਨਾਂ ਸਪਸ਼ਟ ਕਿਹਾ ਕਿ ਭਾਜਪਾ ਅਤੇ ਇਸ ਦੀਆਂ ਭਾਈਵਾਲ ਧਿਰਾਂ ਦੀ ਇਸੇ ਸੋਚ ਦੀ ਵਜ੍ਹਾ ਨਾਲ ਪੰਜਾਬ 'ਚ ਭਾਜਪਾ ਹਾਸ਼ੀਏ ਤੇ ਪਹੁੰਚ ਗਈ ਹੈ।

## ਨੰਬਰਦਾਰ ਯੂਨੀਅਨ ਦੇ ਵਿਹੜੇ ਬਲਕੌਰ ਸਿੰਘ ਸਿੱਧੂ ਲਹਿਰਾਉਣਗੇ ਤਿਰੰਗਾ ਝੰਡਾ

**ਨੂਰਮਹਿਲ ( ਬਾਲ ਕ੍ਰਿਸਨ ਬਾਲੀ )**- ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਇਸ ਵਾਰ ਨੰਬਰਦਾਰ ਯੂਨੀਅਨ 643 ਵੱਲੋਂ ਜ਼ਿਲ੍ਹਾ ਹੈੱਡ ਆਫਿਸ ਤਹਿਸੀਲ ਕੰਪਲੈਕਸ ਨੂਰਮਹਿਲ ਵਿਖੇ ਅਜ਼ਾਦੀ ਦਿਹਾੜਾ 15 ਅਗਸਤ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ। ਇਸ ਸਮਾਗਮ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨਗੇ ਅਤੇ ਤਿਰੰਗਾ ਝੰਡਾ ਲਹਿਰਾਉਣਗੇ। ਲਾਇਨਜ ਕਲੱਬ ਨੂਰਮਹਿਲ ਡ੍ਰੀਮ ਦੀ ਪ੍ਰਧਾਨ ਲਾਇਨ ਸੋਮਿਨਾਂ ਸੰਧੂ ਨੇ ਨੂਰਮਹਿਲ ਦੇ ਵਸਨੀਕਾਂ ਤੋਂ ਇਲਾਵਾ ਇਲਾਕੇ ਦੇ ਸਾਰੇ ਦੇਸ਼ ਭਗਤਾਂ ਨੂੰ ਇਸ ਦਿਨ ਸਵੇਰੇ 8 ਵਜੇ ਤਹਿਸੀਲ ਕੰਪਲੈਕਸ ਨੂਰਮਹਿਲ ਪਹੁੰਚਣ ਦੀ ਅਪੀਲ ਕੀਤੀ ਹੈ।

# .ਗੈਰ ਕਾਨੂੰਨੀ ਟਰੈਵਲ ਏਜੰਟਾਂ 'ਤੇ ਸਖ਼ਤ ਕਾਰਵਾਈ ਕਰਾਂਗੇ : ਧਾਲੀਵਾਲ

**ਚੰਡੀਗੜ੍ਹ, (ਗੁਰਜੀਤ ਬਿੱਲਾ)** .ਗੈਰ ਕਾਨੂੰਨੀ ਢੰਗ ਨਾਲ ਕੰਮ ਕਰ ਰਹੇ ਟਰੈਵਲ ਏਜੰਟਾਂ, ਸੰਸਥਾਵਾਂ ਅਤੇ ਏਜੰਸੀਆਂ 'ਤੇ ਸਖ਼ਤ ਕਾਰਵਾਈ ਅਮਲ 'ਚ ਲਿਆਵੇਗੀ। ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਐਨ.ਆਰ.ਆਈ. ਮਾਮਲੇ ਅਤੇ ਪ੍ਰਬੰਧਕੀ ਸੁਧਾਰ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਸਮੂਹ ਜ਼ਿਲ੍ਹਿਆਂ 'ਚ ਲਾਇਸੰਸਾਂ ਤੇ ਹੋਰ ਲੋੜੀਂਦੀਆਂ ਪ੍ਰਵਾਨਗੀਆਂ ਆਦਿ ਦੀ ਚੈਕਿੰਗ ਜਾਰੀ ਹੈ। ਧਾਲੀਵਾਲ ਨੇ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਐਨ.ਆਰ.ਆਈਜ਼ ਨਾਲ ਸਬੰਧਤ ਮਾਮਲਿਆਂ ਨਾਲ ਸਬੰਧਤ ਕੀਤੀ ਰੀਵਿਊ ਮੀਟਿੰਗ ਮਗਰੋਂ ਦੱਸਿਆ ਕਿ ਹੁਣ ਤੱਕ 7179 ਟਰੈਵਲ ਏਜੰਟਾਂ, ਏਜੰਸੀਆਂ, ਦਫ਼ਤਰਾਂ ਦੀ ਜਾਣਕਾਰੀ ਇਕੱਤਰ ਕੀਤੀ ਗਈ ਹੈ, ਜਿਨ੍ਹਾਂ ਵਿੱਚੋਂ 3547 ਦੀ ਚੈਕਿੰਗ ਜ਼ਿਲ੍ਹਿਆਂ ਦੀਆਂ ਟੀਮਾਂ ਵੱਲੋਂ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਇਸ ਚੈਕਿੰਗ ਦੌਰਾਨ 271 ਸੰਸਥਾਵਾਂ .ਗੈਰ ਕਾਨੂੰਨੀ ਪਾਈਆਂ ਗਈਆਂ ਹਨ ਅਤੇ 25 'ਤੇ ਐਫ਼.ਆਰ.ਆਈ. ਦਰਜ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਐਨ.ਆਰ.ਆਈ ਮਿਲਣੀ ਸਮਾਗਮਾਂ ਦੌਰਾਨ ਪ੍ਰਾਪਤ ਕੁੱਲ 609 ਸ਼ਿਕਾਇਤਾਂ ਵਿੱਚੋਂ 588 ਦਾ ਨਿਪਟਾਰਾ ਹੋ ਚੁੱਕਾ ਹੈ ਅਤੇ ਬਕਾਇਆ 21 ਮਾਮਲੇ ਕਾਰਵਾਈ ਅਧੀਨ ਹਨ। ਉਨ੍ਹਾਂ ਸਮੂਹ ਜ਼ਿਲ੍ਹਿਆਂ ਵਿੱਚ ਤਾਇਨਾਤ ਐਸ.ਡੀ.ਐਮ. ਕਮ ਐਨ.ਆਰ.ਆਈ. ਨੋਡਲ ਅਫ਼ਸਰਾਂ ਨੂੰ ਸਬੰਧਤ ਜ਼ਿਲ੍ਹਿਆਂ 'ਚ ਕਾਰਜਸ਼ੀਲ ਟਰੈਵਲ ਏਜੰਟਾਂ, ਏਜੰਸੀਆਂ, ਦਫ਼ਤਰਾਂ ਆਦਿ ਦੀ ਚੈਕਿੰਗ 10 ਸਤੰਬਰ ਤੱਕ ਮੁਕੰਮਲ ਕਰਨ ਦੇ ਆਦੇਸ਼ ਦਿੱਤੇ ਹਨ।

# ਮਾਂ ਦੇ ਦੁੱਧ ਦੀ ਮਹੱਤਤਾ ਬਾਰੇ ਕੀਤਾ ਜਾਗਰੂਕ




**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ (ਚੰਡੀਗੜ੍ਹ) ਦੀਆਂ ਹਦਾਇਤਾਂ 'ਤੇ ਜਿਲ੍ਹਾ ਪ੍ਰੋਗਰਾਮ ਅਫਸਰ ਮਨਜਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਾਲ ਵਿਕਾਸ ਪ੍ਰੋਜੈਕਟ ਅਫਸਰ ਨੂਰਮਹਿਲ ਹਰਵਿੰਦਰ ਕੌਰ ਦੀ ਅਗਵਾਈ 'ਚ ਬਲਾਕ ਨੂਰਮਹਿਲ ਦੇ ਆਂਗਣਵਾੜੀ ਸੈਂਟਰਾਂ 'ਚ ਮਾਂ ਦੇ ਦੁੱਧ ਦੀ ਮੌਹਤਤਾ ਦਿਵਸ 1-7 ਅਗਸਤ ਤੱਕ ਮਾਂ ਦੇ ਦੁੱਧ ਦੀ ਮਹੱਤਤਾ ਹਫਤਾ ਮਨਾਇਆ, ਜਿਸ 'ਚ ਵੱਖ-ਵੱਖ ਆਂਗਣਵਾੜੀ ਸੈਂਟਰਾਂ ਵਿੱਚ ਆਂਗਣਵਾੜੀ ਵਰਕਰਾਂ ਅਤੇ ਸਿਹਤ ਵਿਭਾਗ ਦੇ ਵੱਲੋਂ ਪਿੰਡ ਦੀਆਂ ਔਰਤਾਂ ਨੂੰ ਮਾਂ ਦੇ ਦੁੱਧ ਦੀ ਬੱਚੇ ਦੀ ਜ਼ਿੰਦਗੀ ਵਿੱਚ ਸ੍ਰੀ ਮਹੱਤਤਾ ਹੈ। ਬਾਰੇ ਦੱਸਿਆਂ ਮਾਂ ਦਾ ਦੁੱਧ ਬੱਚੇ ਲਈ ਕੁਦਰਤ ਵੱਲੋਂ ਦਿੱਤਾ ਤੋਹਫਾ ਹੈ। ਆਂਗਣਵਾੜੀ ਸੁਪਰਵਾਈਜਰ ਸ੍ਰੀਮਤੀ ਸੁਦੇਸ਼ ਰਾਣੀ ਵੱਲੋਂ ਵੀ ਔਰਤਾਂ ਨੂੰ ਪਿੰਡ ਰਾਮੇਵਾਲ ਆਂਗਣਵਾੜੀ ਸੈਂਟਰ ਵਿਖੇ ਮਾਂ ਦੇ ਦੁੱਧ ਦੇ ਬੱਚੇ ਅਤੇ ਮਾਂ ਦੋਵਾਂ ਨੂੰ ਫਾਇਦੇ ਬਾਰੇ ਜਾਣਵਾਰੀ ਦਿੱਤੀ ਗਈ।

# ਪੱਲੀਝਿੱਕੀ 'ਚ ਆਮ ਗਿਆਨ ਦੀ ਪ੍ਰੀਖਿਆ 'ਚ ਕਰਨਦੀਪ ਜੇਤੂ

**ਬਹਿਰਾਮ (ਅਵਤਾਰ ਕਲੇਰ)** ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੱਲੀਝਿੱਕੀ ਵਿਖੇ ਆਮ ਗਿਆਨ ਦੀ ਲਿਖਤੀ ਪ੍ਰਤੀਯੋਗਤਾ ਕਰਵਾਈ ਗਈ। ਸਮਾਜਿਕ ਸਾਂਝ ਸੰਸਥਾ ਬੰਗਾ ਵੱਲੋਂ ਕਰਵਾਈ ਇਸ ਪ੍ਰਤੀਯੋਗਤਾ ਵਿੱਚ ਦਸਵੀਂ ਜਮਾਤ ਦੇ ਵਿਦਿਆਰਥੀ ਕਰਨਦੀਪ, ਅਨਮੋਲ ਤੇ ਜੈਸਮੀਨ ਨੇ ਇਸ ਪ੍ਰੀਖਿਆ ਵਿੱਚ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਜੇਤੂਆਂ ਨੂੰ ਯਾਦਗਾਰੀ ਚਿੰਨ੍ਹ, ਪ੍ਰਮਾਣ ਪੱਤਰ ਅਤੇ ਫੁੱਲ ਮਲਾਵਾਂ ਪ੍ਰਦਾਨ ਕੀਤੀਆਂ ਗਈਆਂ। ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਅਮਰੀਕ ਸਿੰਘ ਨੇ ਮਹਿਮਾਨਾਂ ਅਤੇ ਪ੍ਰਬੰਧਕਾਂ ਦਾ ਸਵਾਗਤ ਕੀਤਾ। ਇਸ ਮੌਕੇ ਇਨਾਮਾਂ ਵੀ ਵੰਡ ਕਰਨ ਜ਼ਿਲ੍ਹਾ ਯੋਜਨਾ ਬੋਰਡ ਦੇ ਸਾਬਕਾ ਚੇਅਰਮੈਨ ਸਤਵੀਰ ਸਿੰਘ ਪੱਲੀਝਿੱਕੀ ਅਤੇ ਜ਼ਿਲ੍ਹਾ ਫੁੱਟਬਾਲ ਐਸ਼ੋਸੀਏਸ਼ਨ ਦੇ ਪ੍ਰਧਾਨ ਜਰਨੈਲ ਸਿੰਘ ਪੱਲੀਝਿੱਕੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਹਨਾਂ ਵਿਦਿਆਰਥੀਆਂ ਨੂੰ ਸਕੂਲ ਅਧਿਆਪਕਾਂ ਦੀ ਅਗਵਾਈ ਵਿੱਚ ਕਿਤਾਬੀ ਗਿਆਨ, ਮਾਪਿਆਂ ਦੀ ਅਗਵਾਈ ਵਿੱਚ ਜਨ ਜੀਵਨ ਦਾ ਅਧਿਐਨ ਕਰਨ ਦੇ ਨਾਲ ਨਾਲ ਆਮ ਗਿਆਨ ਬਾਰੇ ਤੱਥਾਂ ਦੀ ਖੋਜ ਨਾਲ ਜੁੜੇ ਰਹਿਣਾ ਚਾਹੀਦਾ ਹੈ। ਸਮਾਜਿਕ ਸਾਂਝ ਸੰਸਥਾ ਬੰਗਾ ਦੇ ਪ੍ਰਧਾਨ ਹਰਮਿੰਦਰ ਸਿੰਘ ਤਲਵੰਡੀ ਅਤੇ ਪ੍ਰੀਖਿਆ ਦੇ ਯੋਜਨਾਕਾਰ ਸੁਰਜੀਤ ਮਜਾਰੀ ਨੇ ਦੱਸਿਆ ਕਿ ਇਲਾਕੇ ਦੇ 25 ਵਿਦਿਅਕ ਅਦਾਰਿਆਂ ਵਿੱਚ 25 ਅੰਕਾਂ ਦੇ ਅਧਾਰਿਤ 25 ਸਵਾਲਾਂ ਵਾਲੀ ਇਹ ਪ੍ਰੀਖਿਆ ਵਿੱਚ 25 ਵਿਦਿਆਰਥੀ ਸ਼ਾਮਲ ਕੀਤੇ ਜਾਂਦੇ ਹਨ ਅਤੇ ਆਖਿਰ ਵਿੱਚ ਇਹਨਾਂ ਅਦਾਰਿਆਂ ਦੀ ਸਾਂਝੀ ਪ੍ਰੀਖਿਆ ਦਾ ਪ੍ਰਬੰਧ ਕੀਤਾ ਜਾਵੇਗਾ ਅਤੇ ਇਸ ਸਾਂਝੀ ਪ੍ਰੀਖਿਆ 'ਚੋਂ ਜੇਤੂ ਵਿਦਿਆਰਥੀਆਂ ਨੂੰ ਕ੍ਰਮਵਾਰ 5100, 3100, 2100 ਦੀ ਨਗਦ ਰਾਸ਼ੀ ਵੀ ਦਿੱਤੀ ਜਾਵੇਗੀ। ਇਸ ਮੌਕੇ ਲੈਕਚਰਾਰ ਜੁਗਿੰਦਰ ਸਿੰਘ, ਪਰਮਜੀਤ ਸਿੰਘ, ਹਰਜੀਤ ਸਿੰਘ ਆਦਿ ਵੀ ਸ਼ਾਮਲ ਸਨ।



# ਐੱਸ ਬੀ ਆਈ ਵੱਲੋਂ ਸਿਵਲ ਹਸਪਤਾਲ ਦੇ ਅਪਰੇਸ਼ਨ ਥੀਏਟਰ ਨੂੰ ਦੋ ਏਅਰ ਕੰਡੀਸ਼ਨ ਲਾਈਟਾਂ ਭੇਟ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਪੰਜਾਬ ਸਰਕਾਰ ਵੱਲੋ ਸੂਬਾ ਨਿਵਾਸੀਆ ਨੂੰ ਵਧੀਆ ਸਿਹਤ ਸਹੂਲਤਾ ਮੁਹੱਈਆ ਕਰਵਾਉਣ ਦੇ ਮੁਹਿੰਮ ਵਿੱਚ ਸਟੇਟ ਬੈਕ ਆਫ ਇੰਡੀਆ ਨੇ ਅੱਗੇ ਵੱਧ ਕਿ ਆਪਣਾ ਯੋਗਦਾਨ ਪਾਇਆ।

ਇਸ ਮੌਕੇ ਹੁਸ਼ਿਆਰਪੁਰ ਦੇ ਮੇਅਰ ਸੁਰਿੰਦਰ ਕੁਮਾਰ ਅਤੇ ਇੰਪਰੂਮੈਂਟ ਟਰੱਸਟ ਦੇ ਚੈਅਰਮੈਨ ਹਰਮੀਤ ਸਿੰਘ ਔਲਖ ਮੁੱਖ ਮਹਿਮਾਨ ਤੌਰ 'ਤੇ ਹਾਜ਼ਰ ਹੋਏ ਤੇ ਸਟੇਟ ਬੈਕ ਵੱਲੋਂ ਬੈਕ ਵੱਲੋਂ ਰਿਜਨਲ ਮੈਨੇਜਰ ਕੁੰਦਨ ਕੁਮਾਰ ਨੇ ਦੱਸਿਆ ਕਿ ਪਿਛਲੇ ਦਿਨੀ ਡਾ. ਲਖਵੀਰ ਸਿੰਘ ਜਿਲ੍ਹਾ ਸਿਹਤ ਅਫਸਰ ਵੱਲੋਂ ਸਿਵਲ ਹਸਪਾਤਲ ਦੇ ਉਪਰੇਸ਼ਨ ਥੇਟਰ ਵਿੱਚ ਕੁਝ ਸਾਜੋ ਸਮਾਨ ਪੁਰਾਣਾ ਹੋ ਗਿਆ ਸੀ ਉਸ ਨੂੰ ਨਵਾ ਲਗਵਾਉਣ ਵਾਸਤੇ ਸਿਫਾਰਸ਼ ਕੀਤੀ ਸੀ ਤੇ ਬੈਕ ਵੱਲੋਂ ਦੋ ਏਅਰ ਕੰਡੀਸ਼ਨ, ਉਪਰੇਸ਼ਨ ਲਾਇਟ ਤੇ ਇੱਕ ਪਰਜੈਕਟਰ ਦੀ ਮੰਗ ਕੀਤੀ ਸੀ ਤੇ ਬੈਂਕ ਵੱਲੋਂ ਇਹ ਸਾਰਾ ਸਮਾਨ ਸੁਰਿੰਦਰ ਕੁਮਾਰ ਮੇਅਰ ਅਤੇ ਇੰਪਰੂਮੈਂਟ ਟਰੱਸਟ ਦੇ ਚੈਅਰਮੈਨ ਹਰਮੀਤ ਸਿੰਘ ਔਲਖ ਦੀ ਹਾਜਰੀ ਵਿੱਚ ਸਿਵਲ ਸਰਜਨ ਡਾ: ਬਲਵਿੰਦਰ ਡਿਮਾਣਾ ਅਤੇ ਸੀਨੀਅਰ ਮੈਡੀਕਲ ਅਫਸਰ ਡਾ: ਸਵਾਤੀ ਤੇ ਡਾ: ਮਨਮੋਹਣ ਸਿੰਘ ਨੂੰ ਸੌਂਪ ਦਿੱਤਾ ਗਿਆ।

ਸੁਰਿੰਦਰ ਕੁਮਾਰ ਮੇਅਰ, ਹਰਮੀਤ ਸਿੰਘ ਔਲਖ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਿਹਤ ਮਹਿਕਮਾ ਨੂੰ ਹਰ ਸਹੂਲਤ ਦਿੱਤੀ ਜਾ ਰਹੀ ਹੈ। ਇਸ ਮੌਕੇ ਸਿਵਲ ਸਰਜਨ ਡਾ ਬਲਵਿੰਦਰ ਡਿਮਾਣਾ ਵੱਲੋਂ ਐਸ ਬੀ ਆਈ ਬੈਂਕ ਵਾਲਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਅਸ਼ਵਨੀ ਵਿਸ਼ਸ਼ਟ ਸਹਾਇਕ ਮੈਨੇਜਰ, ਰਜੀਵ ਪਰੈਸ਼ਰ, ਕਪਿਲ ਦੇਵ ਮਨੇਜਰ, ਭੁਪਿੰਦਰ ਕੁਮਾਰ, ਤੇ ਮਲਟੀਪਰਪਜ ਸਕੂਲ ਦੇ ਸਿਖਆਰਥੀ ਅਤੇ ਵਿਦਿਆਰਥੀ ਵੀ ਹਾਜ਼ਰ ਸਨ।

# ਤੀਆਂ ਦਾ ਤਿਉਹਾਰ ਮਨਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਖਨੂਰ ਵਿਖੇ ਪੀਰ ਬਾਬਾ ਬੁੱਢਣ ਸ਼ਾਹ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆ ਅਤੇ ਇਲਾਕੇ ਦੇ ਸਹਿਯੋਗ ਨਾਲ ਇਲਾਕੇ ਦੀਆਂ ਬੀਬੀਆਂ, ਭੈਣਾਂ ਅਤੇ ਮੁਟਿਆਰਾਂ ਵੱਲੋਂ ਤੀਆਂ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਬੀਬੀਆਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਸਾਲਾਨਾ ਤੀਆਂ ਦੇ ਤਿਉਹਾਰ ਮੌਕੇ ਬੀਬੀਆਂ, ਭੈਣਾਂ ਅਤੇ ਮੁਟਿਆਰਾਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ ਜੋਤੀ, ਰੂਬੀ ਵੱਲੋਂ ਤੀਆਂ ਦੇ ਤਿਉਹਾਰ ਸੰਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਤੀਆਂ ਦੇ ਤਿਉਹਾਰ ਮੌਕੇ ਸਹਿਯੋਗ ਦੇਣ ਤੇ ਸਮੂਹ ਬੀਬੀਆਂ ਭੈਣਾਂ ਦਾ ਧੰਨਵਾਦ ਕੀਤਾ। ਜੋਤੀ, ਕਾਂਤਾ ਦੇਵੀ ਪੰਚ ਸੁਣਾ, ਰੂਬੀ, ਜਸਵੀਰ ਕੌਰ, ਰਾਜ ਰਾਣੀ, ਰਾਜਵਿੰਦਰ ਕੌਰ, ਪ੍ਰੀਤੀ, ਆਸਾਂ ਰਾਣੀ, ਬੀਨਾਂ, ਸੰਦੀਪ, ਜਸਵਿੰਦਰ ਕੌਰ, ਪਰਮਜੀਤ, ਸੋਨੀਆ, ਊਸਾ ਰਾਣੀ, ਜਗਤਾਰ ਸਿੰਘ, ਸੇਵਾ ਸਿੰਘ, ਚਰਨਜੀਤ ਸਿੰਘ ਲੱਡੂ, ਅਮਰੀਕ ਸਿੰਘ ਬਿੱਟੂ, ਜਗਤਾਰ ਸਿੰਘ, ਗਿਆਨ ਚੰਦ ਹੰਸ, ਅਮਰਜੀਤ ਕੌਰ, ਹੈਪੀ ਹੰਸ ਆਦਿ ਹਾਜਰ ਸਨ। ਇਸ ਮੌਕੇ ਤੀਆਂ ਦੇ ਤਿਉਹਾਰ ਮੌਕੇ ਜੱਸੀ ਮੱਘੋਵਾਲੀਆ ਨੇ ਸਟੇਜ ਸਕੱਤਰ ਦੀ ਸੇਵਾ ਕੀਤੀ। ਇਸ ਮੌਕੇ ਬੀਬੀਆਂ ਭੈਣਾਂ ਵੱਲੋਂ ਛੋਲੇ ਪੂੜੀਆਂ ਦੇ ਲੰਗਰ ਲਗਾਏ ਗਏ।

# ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਕਮਜ਼ੋਰ ਵਿਦਿਆਰਥੀਆਂ ਲਈ ਸਕਾਲਰਸ਼ਿਪ ਤਜਵੀਜ਼ ਲਿਆਂਦੀ : ਮੱਲੀ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)** ਆਪਣਾ ਪੰਜਾਬ ਫਾਊਂਡੇਸਨ ਵੱਲੋਂ ਅੰਤਰ ਰਾਸ਼ਟਰੀ ਮਾਂ ਬੋਲੀ ਦਿਵਸ ਸੰਬੰਧੀ ਮਿਸ਼ਨ ਫਤਹਿ ਦਾ ਆਗਾਜ ਕੀਤਾ ਗਿਆ। ਜਿਸ ਦੇ ਅਨੁਸਾਰ ਪੰਜਾਬ ਭਰ ਦੇ ਬੁੱਧੀਮਾਨ ਤੇ ਹੋਣਹਾਰ ਵਿਦਿਆਰਥੀ ਜੋ ਕਿ ਆਰਥਿਕ ਹਾਲਤ ਪੱਖੋਂ ਉਚੇਰੀ ਪੜ੍ਹਾਈ ਲਈ ਮੌਕਿਆਂ ਤੋਂ ਖੁੰਝ ਜਾਂਦੇ ਹਨ, ਅਜਿਹੇ ਵਿਦਿਆਰਥੀਆਂ ਲਈ ਆਪਣਾ ਪੰਜਾਬ ਫਾਊਂਡੇਸਨ ਵੱਲੋਂ ਵਿਸ਼ੇਸ਼ ਉਪਰਾਲਾ ਕਰਕੇ ਇੱਕ ਲੱਖ ਤੋਂ ਦੋ ਲੱਖ ਤੱਕ ਦੀ ਮਾਲੀ ਸਹਾਇਤਾ ਵੱਜੋਂ ਸਕਾਲਰਸ਼ਿਪ ਦੀ ਤਜਵੀਜ਼ ਲਿਆਂਦੀ ਗਈ ਹੈ। ਜਿਸ ਬਾਰੇ ਜਾਣਕਾਰੀ ਦਿੰਦੇ ਹੋਏ ਗ੍ਰੀਨਵੇਜ ਸਕੂਲ ਰੁੜਕੀ ਹੀਰਾਂ ਦੇ ਮਨੇਜਿੰਗ ਡਾਇਰੈਕਟਰ ਹਰਜਿੰਦਰ ਸਿੰਘ ਮੱਲ੍ਹੀ ਨੇ ਦੱਸਿਆ ਕਿ ਮੁੱਢ ਤੋਂ ਹੀ ਪੰਜਾਬ ਦੀ ਨੌਜਵਾਨੀ ਦਾ ਦੇਸ਼ ਦੀਆਂ ਫੌਜਦਾਰੀ ਸੇਵਾਵਾਂ ਤੇ ਸਿਵਲ ਸੇਵਾਵਾਂ ਵਿੱਚ ਵਿਸ਼ੇਸ਼ ਸਥਾਨ ਰਿਹਾ ਹੈ। ਪਰ ਅਜੋਕੀ ਨੌਜਵਾਨੀ ਦਾ ਵਿਦੇਸ਼ਾਂ ਵੱਲ ਝੁਕਾਅ ਇਸ ਨੂੰ ਖੋਰਾ ਲਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਆਪਣਾ ਪੰਜਾਬ ਫਾਊਂਡੇਸਨ ਵੱਲੋਂ ਹੋਣਹਾਰ ਤੇ ਮਿਹਨਤੀ ਵਿਦਿਆਰਥੀਆਂ ਲਈ ਇੱਕ ਵਜ਼ੀਫਾ ਸਕੀਮ ਸ਼ੁਰੂ ਕੀਤੀ ਜਾ ਰਹੀ ਜਿਸ ਦੀ ਰਜਿਸਟ੍ਰੇਸ਼ਨ ਸ਼ੁਰੂ ਕਰ ਦਿੱਤੀ ਗਈ ਹੈ। ਜਿਸ ਵਿੱਚ ਉਹ ਵਿਦਿਆਰਥੀ ਹਿੱਸਾ ਲੈ ਸਕਦੇ ਹਨ ਜਿਹੜੇ ਯੂ.ਪੀ.ਐਸ.ਸੀ., ਪੀ.ਪੀ.ਐੱਸ.ਸੀ., ਐੱਨ. ਡੀ.ਏ., ਸੀ.ਡੀ.ਐੱਸ. ( ਆਈ.ਐੱਮ.ਏ.) ਐੱਸ. ਐੱਸ. ਪੀ.(ਓ.ਟੀ.ਏ) ਆਦਿ ਵਰਗੀਆਂ ਪ੍ਰੀਖਿਆਵਾਂ ਦੇਣ ਦੇ ਚਾਹਵਾਨ ਹਨ।

ਇਸ ਮਿਸ਼ਨ ਫਤਹਿ ਤਹਿਤ ਸਕਾਲਰਸ਼ਿਪ ਨੂੰ ਹਾਸਲ ਕਰਨ ਲਈ ਚਾਹਵਾਨ ਵਿਦਿਆਰਥੀਆਂ ਨੂੰ ਲਿਖਤੀ ਟੈਸਟ ਅਤੇ ਇੰਟਰਵਿਊ ਦਾ ਸਾਹਮਣਾ ਕਰਨਾ ਪਵੇਗਾ।

ਜਿਨ੍ਹਾਂ ਵਿਚੋਂ ਕੁੱਲ 30 ਵਿਦਿਆਰਥੀ ਚੁਣੇ ਜਾਣਗੇ ਜਿਨ੍ਹਾਂ ਨੂੰ ਸਕਾਲਰਸ਼ਿਪ ਜਾਰੀ ਹੋਵੇਗੀ, ਉਹ ਆਪਣੀ ਪਸੰਦ ਦੇ ਕਿਸੇ ਵੀ ਕੋਚਿੰਗ ਸੈਂਟਰ ਤੋਂ ਕੋਚਿੰਗ ਲੈ ਸਕਣਗੇ। ਇਸ ਸਕਾਲਰਸ਼ਿਪ ਲਈ ਆਪਣਾ ਪੰਜਾਬ ਫਾਊਂਡੇਸਨ ਦੀ ਵੈੱਬਸਾਈਟ 'ਤੇ ਰਜਿਸਟ੍ਰੇਸ਼ਨ ਕੀਤੀ ਜਾ ਸਕਦੀ ਹੈ। ਜਿਸ ਦੀ ਅੰਤਿਮ ਮਿਤੀ 13 ਅਗਸਤ 2023 ਹੈ।

# ਕੇਂਦਰੀ ਟੀਮ ਨੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਹੋਏ ਨੁਕਸਾਨ ਦਾ ਲਿਆ ਜਾਇਜ਼ਾ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-: ਭਾਰਤ ਸਰਕਾਰ ਦੀ ਸੱਤ ਮੈਂਬਰੀ ਅੰਤਰ-ਮੰਤਰਾਲਾ ਟੀਮ ਵੱਲੋਂ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਗਿਆ। ਟੀਮ ਵਿੱਚ ਨੈਸ਼ਨਲ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ ਦੇ ਵਿੱਤੀ ਸਲਾਹਕਾਰ ਰਵੀਨੇਸ਼ ਕੁਮਾਰ, ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਡਾਇਰੈਕਟਰ ਬੀ.ਕੇ. ਸ਼੍ਰੀਵਾਸਤਵਾ, ਫਲੱਡ ਮੈਪਿੰਗ ਮੁਖੀ ਅਤੇ ਸਾਇੰਸਟਿਸਟ ਇੰਜੀਨੀਅਰ ਡਾ. ਏ. ਵੀ. ਸੁਰੇਸ਼ ਬਾਬੂ, ਅਧੀਨ ਸਕੱਤਰ (ਐਸ.ਏ.ਜ਼ੀ.ਵਾਈ.) ਦਿਹਾਤੀ ਵਿਕਾਸ ਵਿਭਾਗ ਕੈਲਾਸ਼ ਕੁਮਾਰ, ਐਮ ਐਂਡ ਏ ਡੀਟੀਈ ਦੇ ਡਾਇਰੈਕਟਰ ਅਸ਼ੋਕ ਕੁਮਾਰ ਜੈਫ, ਸਹਾਇਕ ਡਾਇਰੈਕਟਰ (ਪੀ.ਐਫ.ਐਸ.) ਅੰਜਲੀ ਮੌਰਿਆ ਅਤੇ ਐਸ.ਈ.ਆਰ.ਈ., ਰੋਡ ਟਰਾਂਸਪੋਰਟ ਅਤੇ ਹਾਈਵੇਜ਼ ਮੰਤਰਾਲੇ ਦੇ ਨਵੀਨ ਕੁਮਾਰ ਚੌਰਸੀਆ ਸ਼ਾਮਲ ਸਨ, ਜਿਨ੍ਹਾਂ ਨੂੰ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਵੱਲੋਂ ਹੜ੍ਹਾਂ ਕਾਰਨ ਹੋਏ ਨੁਕਸਾਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਗਏ ਰਾਹਤ ਕਾਰਜਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।

ਪ੍ਰੈਜ਼ੇਨਟੇਸ਼ਨ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸ਼ਾਹਕੋਟ ਸਬ-ਡਵੀਜ਼ਨ ਵਿੱਚ ਪੈਂਦੇ ਪਿੰਡਾਂ ਵਿੱਚ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ ਅਤੇ ਹੜ੍ਹਾਂ ਕਾਰਨ 6 ਪਾੜ ਪਏ ਸਨ। ਉਨ੍ਹਾਂ ਨੇ ਟੀਮ ਨੂੰ ਰਾਹਤ ਅਤੇ ਬਚਾਅ ਕਾਰਜਾਂ ਦੇ ਨਾਲ-ਨਾਲ ਪੀੜਤ ਲੋਕਾਂ ਦੀ ਮਦਦ ਲਈ ਕੀਤੇ ਜਾ ਰਹੇ ਮੁੜ ਵਸੇਬੇ ਦੇ ਕਾਰਜਾਂ ਬਾਰੇ ਵੀ ਜਾਣਕਾਰੀ ਦਿੱਤੀ। ਸ੍ਰੀ ਸਾਰੰਗਲ ਨੇ ਦੱਸਿਆ ਕਿ ਹੜ੍ਹਾਂ ਕਾਰਨ 25 ਪਿੰਡਾਂ 'ਚ 22476 ਏਕੜ ਰਕਬੇ ਦਾ ਨੁਕਸਾਨ ਹੋਇਆ ਹੈ।40 ਪਿੰਡਾਂ ਵਿੱਚ 13108 ਏਕੜ 'ਚ ਫਸਲਾਂ ਨੁਕਸਾਨੀਆਂ ਗਈਆਂ ਹਨ, 50 ਘਰ ਅਤੇ 30 ਸਕੂਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ।ਇਸ ਤੋਂ ਇਲਾਵਾ ਪੀ.ਐਸ.ਪੀ.ਸੀ.ਐਲ ਨੂੰ ਖੰਭਿਆਂ, ਪਲਾਂਟ ਅਤੇ ਹੋਰ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਣ ਕਾਰਨ ਕਰੀਬ 139.60 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ।

ਉਨ੍ਹਾਂ ਕੇਂਦਰੀ ਟੀਮ ਨੂੰ ਇਹ ਵੀ ਦੱਸਿਆ ਕਿ ਪਾਣੀ ਖੜ੍ਹਾ ਹੋਣ ਕਰਕੇ 5000 ਏਕੜ ਤੋਂ ਵੱਧ ਰਕਬੇ ਵਿੱਚ ਕਿਸਾਨ ਦੁਬਾਰਾ ਬਿਜਾਈ ਨਹੀਂ ਕਰ ਸਕਣਗੇ। ਉਨ੍ਹਾਂ ਇਹ ਵੀ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਹੜ੍ਹ ਆਉਣ ਤੋਂ 48 ਘੰਟੇ ਪਹਿਲਾਂ 50 ਪਿੰਡਾਂ ਵਿੱਚ ਅਲਰਟ ਜਾਰੀ ਕਰ ਦਿੱਤਾ ਗਿਆ ਸੀ ਅਤੇ ਟੀਮਾਂ ਵੱਲੋਂ ਜ਼ਿਲ੍ਹੇ ਵਿੱਚ ਹੜ੍ਹ ਆਉਣ ਤੋਂ ਪਹਿਲਾਂ 12000 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਐੱਨ.ਡੀ.ਆਰ.ਐੱਫ. ਅਤੇ ਐੱਸ.ਡੀ.ਆਰ.ਐੱਫ. ਦੀਆਂ ਦੋ ਟੀਮਾਂ, ਫੌਜ ਦੀ ਇਕ ਟੀਮ ਨੂੰ ਤੁਰੰਤ ਪ੍ਰਭਾਵਿਤ ਖੇਤਰਾਂ ਚ ਭੇਜਿਆ ਗਿਆ। ਅੰਤਰ-ਮੰਤਰਾਲਾ ਕੇਂਦਰੀ ਟੀਮ ਨੇ ਹੜ੍ਹਾਂ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਗਏ ਰਾਹਤ ਕਾਰਜਾਂ ਤੇ ਤਸੱਲੀ ਪ੍ਰਗਟ ਕੀਤੀ।

ਇਸ ਮੌਕੇ ਲੋਕ ਨਿਰਮਾਣ ਵਿਭਾਗ ਦੇ ਸਕੱਤਰ ਨੀਲਕੰਠ ਅਵਧ, ਡਵੀਜ਼ਨਲ ਕਮਿਸ਼ਨਰ ਗੁਰਪ੍ਰੀਤ ਕੌਰ ਸਪਰਾ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਿੰਦਰਪਾਲ ਸਿੰਘ ਬਾਜਵਾ, ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਡਾ. ਅਮਿਤ ਮਹਾਜਨ ਅਤੇ ਐਸ.ਡੀ.ਐਮਜ਼ ਵੀ ਮੌਜੂਦ ਸਨ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਤੀਜ ਕਮ ਫਰੈਸ਼ਰ ਪਾਰਟੀ

**ਕਪੂਰਥਲਾ, ( ਹਨੀ )**-ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸਨ ਸਕੂਲ ਵਿਖੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਗਾ ਦੀ ਅਗਵਾਈ ਹੇਠ ਤੀਜ ਕਮ ਫਰੈਸ਼ਰ ਪਾਰਟੀ ਦਾ ਆਯੋਜਨ ਕੀਤਾ ਗਿਆ। ਡਾ. ਬਲਜੀਤ ਕੌਰ ਮੁੱਖ ਮਹਿਮਾਨ ਅਤੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ ਸਮਾਗਮ ਵਿਚ ਬਤੌਰ ਵਿਸ਼ੇਸ਼ ਸ਼ਾਮਲ ਹੋਏ, ਜਿਨ੍ਹਾਂ ਦਾ ਸਟਾਫ਼ ਮੈਂਬਰਾਂ ਤੇ ਵਿਦਿਆਰਥੀਆਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਵਿਦਿਆਰਥੀਆਂ ਵੱਲੋਂ ਸਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਦਕਿ ਤੀਜ ਕੁਈਨ ਦਰਮਿਆਨ ਹੋਇਆ ਮੁਕਾਬਲਾ ਸਮਾਗਮ ਦਾ ਮੁੱਖ ਆਕਰਸ਼ਣ ਰਿਹਾ। ਵੱਖ ਵੱਖ ਰਾਊਂਡ 'ਚੋਂ ਗੁਜ਼ਰਦਿਆਂ ਇੰਦਰਪ੍ਰੀਤ ਕੌਰ ਮਿਸ ਤੀਜ ਦੇ ਖਿਤਾਬ 'ਤੇ ਕਬਜਾ ਕਰਨ ਵਿੱਚ ਸਫਲ ਰਹੀ। ਸਰੇਆ ਫਸਟ ਅਤੇ ਪ੍ਰਭਲੀਨ ਸੈਕੰਡ ਰਨਰਅਪ ਰਹੀ। ਜਸਮੀਤ ਕੌਰ ਮਿਸ ਬਬਲੀ ਸਮਾਈਲ ਤੇ ਰਮਨਦੀਪ ਕੌਰ ਮਿਸ ਗਰੇਸਫੁਲ ਦਾ ਖਿਤਾਬ ਹਾਸਲ ਕਰਨ 'ਚ ਸਫਲ ਰਹੀ। ਇਸੇ ਤਰ੍ਹਾਂ ਯੁਵਰਾਜ ਸਿੰਘ ਮਿਸਟਰ ਫਰੈਸ਼ਰ ਦਾ ਖਿਤਾਬ ਹਾਸਲ ਕਰਨ ਵਿੱਚ ਸਫਲ ਰਿਹਾ। ਗਗਨਪ੍ਰੀਤ ਸਿੰਘ ਫਸਟ ਤੇ ਅਰਮਾਨ ਸਿੰਘ ਢਿੱਲੋਂ ਸੈਕਿੰਡ ਰਨਰਅੱਪ ਰਹੇ। ਪ੍ਰਭਜੋਤ ਸਿੰਘ ਮਿਸਟਰ ਹੈਂਡਸਮ ਤੇ ਗੁਰਸੰਟ ਸਿੰਘ ਬੇਸਟ ਟਰਬਨ ਦਾ ਖਿਤਾਬ ਹਾਸਲ ਕਰਨ ਵਿੱਚ ਸਫਲ ਰਹੇ। ਜੱਜਾਂ ਦੀ ਭੂਮਿਕਾ ਜਸਵਿੰਦਰ ਸਿੰਘ ਅਤੇ ਮੈਡਮ ਨਰਿੰਦਰ ਕੌਰ ਪੱਤੜ ਨੇ ਨਿਭਾਈ। ਅੰਤ 'ਚ ਬੀਬੀ ਗੁਰਪ੍ਰੀਤ ਕੌਰ, ਇੰਜੀਨੀਅਰ ਹਰਨਿਆਮਤ ਕੌਰ, ਇੰਜੀਨੀਅਰ ਨਿਮਰਤਾ ਕੌਰ, ਪ੍ਰਿੰਸੀਪਲ ਪ੍ਰਬਦੀਪ ਕੌਰ ਮੋਗਾ ਅਤੇ ਸਟਾਫ ਮੈਂਬਰਾਂ ਜੇਤੂ ਰਹੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਅਤੇ ਸਮਾਗਮ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਕੀਤੀ।



# ਚੋਰਾਂ ਨੇ ਸਕੂਲ ਵੀ ਨਹੀਂ ਬਖਸ਼ਿਆ

**ਕਾਲਾ ਸੰਘਿਆਂ (ਮਨਜੀਤ ਮਾਨ)** ਕਪੂਰਥਲਾ ਦੇ ਇਤਿਹਾਸਕ ਕਸਬਾ ਕਾਲਾ ਸੰਘਿਆਂ ਦੇ ਸਰਕਾਰੀ ਕੰਨਿਆ ਹਾਈ ਸਕੂਲ ਵਿਖੇ ਚੋਰਾਂ ਵੱਲੋਂ ਸਕੂਲ ਦੇ 12 ਕਮਰਿਆਂ ਦੇ ਜਿੰਦਰੇ ਤੋੜ ਕੇ ਸਕੂਲ ਦਾ ਕੀਮਤੀ ਸਮਾਨ ਚੋਰੀ ਕਰਕੇ ਲੈ ਜਾਣ ਦੀ ਸੂਚਨਾ ਪ੍ਰਾਪਤ ਹੋਈ ਹੈ ਸਕੂਲ ਮੁਖੀ ਮੈਡਮ ਰਵਿੰਦਰ ਕੌਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਚੋਰ ਸਕੂਲ ਦੇ 12 ਕਮਰਿਆਂ ਦੇ ਜਿੰਦਰੇ ਤੋੜ ਕੇ ਦੋ ਐਲ ਈ ਡੀ, ਇਨਵਾਟਰ, ਇੱਕ ਵੱਡਾ ਬੈਟਰਾ, ਸਾਊਂਡ ਸਿਸਟਮ, ਮਾਊਸ ਲੈ ਕੇ ਫਰਾਰ ਹੋ ਗਏ ਸਕੂਲ ਮੁਖੀ ਮੈਡਮ ਰਵਿੰਦਰ ਕੌਰ ਨੇ ਹੋਰ ਦੱਸਿਆ ਕਿ ਉਨ੍ਹਾਂ ਦੇ ਸਕੂਲ ਦਾ ਘੱਟੋ ਘੱਟ ਇੱਕ ਲੱਖ ਰੁਪਏ ਦਾ ਨੁਕਸਾਨ ਹੋ ਗਿਆ ਤੇ ਚੋਰਾ ਨੇ ਸਕੂਲ ਦੇ ਕਾਗਜਾਤਾਂ ਨਾਲ ਵੀ ਛੇੜਛਾੜ ਕੀਤੀ ਉਨ੍ਹਾਂ ਕਿਹਾ ਇਸ ਸੰਬੰਧੀ ਕਾਲਾ ਸੰਘਿਆਂ ਪੁਲਸ ਚੌਂਕੀ ਵਿਖੇ ਇਤਲਾਹ ਕਰ ਦਿੱਤੀ ਗਈ ਹੈ ਪੁਲਸ ਚੌਂਕੀ ਦੇ ਇੰਚਾਰਜ ਐਸ ਆਈ ਰਣਜੀਤ ਸਿੰਘ ਨੇ ਆਪਣੀ ਪੁਲਿਸ ਪਾਰਟੀ ਸਮੇਤ ਪਹੁੰਚ ਕੇ ਆਪਣੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ ਇਸ ਮੌਕੇ ਪਰਮਜੀਤ ਸਿੰਘ ਬੱਸਣ ਪ੍ਰਧਾਨ ਗੁਰਦੁਆਰਾ ਬਾਬਾ ਕਾਹਨ, ਡਾਕਟਰ ਬਲਕਾਰ ਸਿੰਘ ਲਾਲਕਾ ਸਰਕਲ ਪ੍ਰਧਾਨ ਆਮ ਆਦਮੀ ਪਾਰਟੀ, ਉੱਘੇ ਸਮਾਜ ਸੇਵਕ ਡਾਕਟਰ ਬਲਰਾਮ ਸਰਮਾ ਉਰਫ ਡਾਕਟਰ ਕਿੰਦੀ ਤੇ ਸਮੂਹ ਸਕੂਲ ਸਟਾਫ ਹਾਜ਼ਰ ਸੀ।

# ਤੰਦਰੁਸਤ ਮਾਂ ਹੀ ਦੇ ਸਕਦੀ ਹੈ ਸਿਹਤਮੰਦ ਬੱਚੇ ਨੂੰ ਜਨਮ : ਡਾ. ਸੋਨੀਆ

**ਨਵਾਂਸਹਿਰ, (ਮਨੋਜ ਲਾਡੀ)** ਮਾਂ ਦੀ ਸਿਹਤ ਜੇਕਰ ਤੰਦਰੁਸਤ ਹੋਵੇਗੀ ਤਾਂ ਹੀ ਉਸ ਦਾ ਬੱਚਾ ਸਿਹਤ ਪੱਖੋਂ ਨਿਰੋਗ ਅਤੇ ਸਿਹਤਮੰਦ ਹੋਵੇਗਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਡਾ. ਸੋਨੀਆ ਸੀਨੀਅਰ ਮੈਡੀਕਲ ਅਫਸਰ, ਸੀ ਐੱਚ ਸੀ ਰਾਹੋਂ ਵਿਖੇ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ ਤਹਿਤ ਗਰਭਵਤੀ ਮਹਿਲਾਵਾਂ ਨੂੰ ਸੁਰੱਖਿਅਤ ਜਣੇਪੇ ਤੇ ਤੰਦਰੁਸਤ ਰਹਿਣ ਦੇ ਨੁਕਤੇ ਸਾਂਝੇ ਕਰਦਿਆਂ ਕੀਤਾ। ਡਾ ਸੋਨੀਆ ਨੇ ਕਿਹਾ ਕਿ ਗਰਭਵਤੀ ਔਰਤ ਨੂੰ ਆਪਣੇ ਬੱਚੇ ਦੀ ਤੰਦਰੁਸਤੀ ਲਈ ਜਿੱਥੇ ਆਪਣੀ ਸਿਹਤ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ, ਉੱਥੇ ਬੱਚੇ ਦੇ ਜਨਮ ਤੋਂ ਛੇ ਮਹੀਨੇ ਤੱਕ ਆਪਣਾ ਦੁੱਧ ਹੀ ਪਿਲਾਉਣਾ ਚਾਹੀਦਾ ਹੈ, ਜੋ ਬੱਚੇ ਲਈ ਅੰਮ੍ਰਿਤ ਵਾਂਗ ਸਾਬਤ ਹੁੰਦਾ ਹੈ। ਸੀਨੀਅਰ ਮੈਡੀਕਲ ਅਫਸਰ ਨੇ ਅੱਗੇ ਕਿਹਾ ਕਿ ਗਰਭਵਤੀ ਮਹਿਲਾਵਾਂ ਲਈ ਸਿਹਤ ਅਤੇ ਪਰਵਾਰ ਭਲਾਈ ਵਿਭਾਗ, ਪੰਜਾਬ , ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਜੇ ਐੱਸ ਐੱਸ ਕੇ, ਜੇ ਐੱਸ ਵਾਈ, ਸੁਮਨ ਸਮੇਤ ਕਈ ਸਿਹਤ ਪੱਖੀ ਸਕੀਮਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਤਹਿਤ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਦਵਾਈਆਂ ਤੇ ਇਲਾਜ ਦੀ ਸਹੂਲਤ ਪ੍ਰਦਾਨ ਕੀਤੀ ਜਾਂਦੀ ਹੈ। ਗਰਭਵਤੀ ਔਰਤਾਂ ਨੂੰ ਜਿੱਥੇ ਸੂਬਾ ਸਰਕਾਰ ਵੱਲੋਂ 108 ਨੰਬਰ ਐਂਬੂਲੈਂਸ ਰਾਹੀਂ ਲਿਆਉਣ ਤੇ ਲਿਜਾਣ ਦੀ ਸੁਵਿਧਾ ਹੈ, ਉੱਥੇ ਹਸਪਤਾਲ ਵਿਚ ਰਹਿਣ ਦਾ ਵੀ ਪ੍ਰਬੰਧ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲਾਂ ਵਿਚ ਡਲੀਵਰੀ ਕਰਵਾਉਣ ਵਾਲੀ ਔਰਤ ਦਾ ਮਾਹਿਰ ਡਾਕਟਰਾਂ ਤੋਂ ਇਲਾਜ ਕਰਵਾ ਕੇ ਮੁਫਤ ਦਵਾਈਆਂ ਤੇ ਖਾਣਾ ਮੁਹੱਈਆ ਕਰਵਾਇਆ ਜਾਂਦਾ ਹੈ ਤਾਂ ਜੋ ਪਰਿਵਾਰ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਪੇਸ਼ ਨਾ ਹੋਵੇ।



ਇਸ ਮੌਕੇ ਡਾ ਗੁਰਪਿੰਦਰ ਕੌਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰੀ ਸਹੂਲਤਾਂ ਦਾ ਵੱਧ ਤੋਂ ਵੱਧ ਲਾਹਾ ਲੈ ਕੇ ਸਿਹਤਮੰਦ ਸਮਾਜ ਦੀ ਸਿਰਜਨਾ ਵਿਚ ਆਪਣਾ ਯੋਗਦਾਨ ਪਾਉਣ। ਜਿੱਥੇ ਇਕ ਤੋਂ ਦੂਸਰੇ ਬੱਚੇ ਦੀ ਪਲਾਨਿੰਗ ਵਿਚ 3 ਸਾਲ ਦਾ ਫਰਕ ਹੋਣਾ ਚਾਹੀਦਾ ਹੈ, ਉੱਥੇ ਔਰਤ ਨੂੰ 20 ਤੋਂ 35 ਸਾਲ ਤੱਕ ਦੀ ਉਮਰ ਵਿੱਚ ਹੀ ਗਰਭ ਧਾਰਨ ਕਰਨਾ ਚਾਹੀਦਾ ਹੈ, ਜੋ ਬੱਚੇ ਤੇ ਮਾਂ ਦੀ ਸਿਹਤ ਲਈ ਸਹੀ ਹੁੰਦਾ ਹੈ। ਇਸ ਮੌਕੇ ਹਰਜਿੰਦਰ ਕੌਰ, ਰਾਜਵਿੰਦਰ ਕੌਰ ਤੇ ਆਸ਼ਾ ਵਰਕਰਾਂ ਵੀ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਹੜ੍ਹ ਪ੍ਰਭਾਵਤ ਪਿੰਡਾਂ ਦੇ ਲੋਕਾਂ ਨਾਲ ਮੁਲਾਕਾਤ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**-ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਜ਼ਿਲ੍ਹੇ ਦੇ ਹੜ੍ਹਾਂ ਦੀ ਮਾਰ ਹੇਠ ਆਏ ਖੇਤਰ ਦਾ ਦੌਰਾ ਕਰਦਿਆਂ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਸੁਣਨ ਦੇ ਨਾਲ-ਨਾਲ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਉਣ ਦਾ ਭਰੋਸਾ ਦਿਵਾਇਆ। ਸਬ ਡਵੀਜ਼ਨ ਸ਼ਾਹਕੋਟ ਦੇ ਹੜ੍ਹ ਪ੍ਰਭਾਵਿਤ ਪਿੰਡ ਮੁੰਡੀ ਸ਼ਹਿਰੀਆਂ,



ਮੁੰਡੀ ਚੋਹਲੀਆਂ ਸਮੇਤ ਹੋਰਨਾਂ ਪਿੰਡਾਂ ਦੇ ਦੌਰੇ ਦੌਰਾਨ ਡਿਪਟੀ ਕਮਿਸ਼ਨਰ ਨੇ ਪ੍ਰਭਾਵਿਤ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਪ੍ਰਸ਼ਾਸਨ ਵੱਲੋਂ ਰਾਸ਼ਨ, ਤਰਪਾਲਾਂ ਸਮੇਤ ਮੁਹੱਈਆ ਕਰਵਾਈਆਂ ਜਾ ਰਹੀਆਂ ਹੋਰ ਸਹੂਲਤਾਂ ਬਾਰੇ ਉਨ੍ਹਾਂ ਦੀ ਪ੍ਰਤੀਕਿਰਿਆ ਹਾਸਲ ਕੀਤੀ। ਉਨ੍ਹਾਂ ਕਿਹਾ ਕਿ ਇਸ ਮੁਸ਼ਕਲ ਦੀ ਘੜੀ ਵਿੱਚ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਉਨ੍ਹਾਂ ਦੇ ਨਾਲ ਖੜ੍ਹਾ ਹੈ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਮੁੰਡੀ ਸਹਿਰੀਆਂ ਪਿੰਡ ਦੇ ਵਾਸੀਆਂ ਵੱਲੋਂ ਕੀਤੀ ਕਿਸ਼ਤੀ ਮੰਗ ਪੂਰੀ ਕਰਨ ਦੇ ਵੀ ਐਸ ਡੀ ਐਮ ਸਾਹਕੋਟ ਰਿਸ਼ਭ ਬਾਂਸਲ ਨੂੰ ਨਿਰਦੇਸ਼ ਦਿੱਤੇ।

# ਬੇਲਾ ਕਾਲਜ ਨੇ ਪੰਜਾਬ ਸਟੇਟ ਰੋਇੰਗ ਚੈਂਪੀਅਨਸ਼ਿਪ 'ਚ ਜਿੱਤੇ 5 ਸੋਨ ਤਮਗੇ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)** ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੇ ਰੋਇੰਗ ਖਿਡਾਰੀਆਂ ਨੇ ਆਪਣੀ ਖੇਡ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੰਜਾਬ ਸਟੇਟ ਰੋਇੰਗ ਚੈਂਪੀਅਨਸ਼ਿਪ ਵਿੱਚ ਅਮਿੱਟ ਛਾਪ ਛੱਡਦਿਆਂ ਕਾਲਜ ਦਾ ਨਾਂਅ ਸੁਨਿਹਰੇ ਅੱਖਰਾਂ ਵਿੱਚ ਲਿਖ ਦਿੱਤਾ ਹੈ। ਉਹਨਾਂ ਦੱਸਿਆ ਕਿ ਇਹ ਚੈਂਪੀਅਨਸ਼ਿਪ ਮੁਕਾਬਲਾ ਬਠਿੰਡਾ ਵਿਖੇ 29 ਤੋਂ 30 ਜੁਲਾਈ ਤੱਕ ਕਰਵਾਇਆ ਗਿਆ, ਜਿੱਥੇ ਕਾਲਜ ਦੇ 06 ਵਿਦਿਆਰਥੀਆਂ ਨੇ ਵੱਖੋ-ਵੱਖਰੇ ਮੁਕਾਬਲਿਆਂ ਵਿੱਚ ਆਪਣੀ ਦਾਅਵੇਦਾਰੀ ਪੇਸ਼ ਕੀਤੀ। ਇਸ ਚੈਂਪੀਅਨਸ਼ਿਪ ਵਿੱਚ ਸੰਸਥਾ ਦੀਆਂ ਤਿੰਨ ਵਿਦਿਆਰਥਣਾਂ ਨੇ ਭਾਗ ਲਿਆ ਅਤੇ ਬਿਹਤਰੀਨ ਪ੍ਰਦਰਸ਼ਨ ਕੀਤਾ। ਵਿਦਿਆਰਥਣ ਅਮਨਦੀਪ ਕੌਰ ਨੇ ਓਪਨ ਸਿੰਗਲ ਸਕੱਲ ਅਤੇ ਓਪਨ ਸੀਨੀਅਰ ਮਿਕਸ ਫੋਰ, ਦੇ ਦੋਵਾਂ ਮੁਕਾਬਲਿਆਂ 'ਚ ਸੋਨ ਤਮਗੇ ਆਪਣੀ ਝੋਲੀ ਪਵਾਏ। ਕਾਲਜ ਵਿਦਿਆਰਥਣ ਜਸ਼ਨਪ੍ਰੀਤ ਕੌਰ ਨੇ ਜੂਨੀਅਰ ਸਿੰਗਲ ਸਕੱਲ ਵਿੱਚ ਸੋਨ ਤਮਗਾ ਆਪਣੇ ਨਾਮ ਕੀਤਾ ਅਤੇ ਇਸ ਨਾਲ ਹੀ ਵਿਦਿਆਰਥਣ ਜੈਸਮੀਨ ਕੌਰ ਨੇ ਜੂਨੀਅਰ ਵੂਮੈਨ (ਪੇਅਰ) ਵਿੱਚ ਸੋਨ ਤਮਗਾ ਅਤੇ ਜੂਨੀਅਰ ਫੋਰ ਮਿਕਸ ਵਿੱਚ ਵੀ ਸੋਨ ਤਮਗਾ ਹਾਸਿਲ ਕਰਕੇ ਸੰਸਥਾ ਦਾ ਨਾਮ ਉੱਚਾ ਕੀਤਾ। ਇਹਨਾਂ ਤਿੰਨ ਵਿਦਿਆਰਥਣਾਂ ਨੇ ਕੁਲ 5 ਸੋਨ ਤਮਗੇ ਆਪਣੀ ਝੋਲੀ ਪਵਾਏ। ਇਸ ਦੇ ਨਾਲ ਹੀ ਕਾਲਜ ਦੇ ਲੜਕਿਆਂ ਨੇ ਵੀ ਇਹਨਾਂ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਵਿਦਿਆਰਥੀ ਗੁਰਸੇਵਕ ਸਿੰਘ ਨੇ ਲਾਈਟ ਵੇਟ (ਮਰਦ ਪੇਅਰ) ਵਿੱਚ ਚਾਂਦੀ ਦਾ ਤਮਗਾ ਜਿੱਤਿਆ ਅਤੇ ਇਸਦੇ ਨਾਲ ਹੀ ਵਿਦਿਆਰਥੀ ਜਸਕਰਨ ਧਾਲੀਵਾਲ ਨੇ ਲਾਈਟ ਵੇਟ ਸਿੰਗਲ ਸਕੱਲ ਵਿੱਚ ਕਾਂਸੀ ਦਾ ਤਮਗਾ ਆਪਣੇ ਨਾਮ ਕੀਤਾ। ਇਸ ਅਤਿ ਪ੍ਰਸੰਸਾਯੋਗ ਪ੍ਰਦਰਸ਼ਨ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਗਤ ਸਿੰਘ ਲੌਂਗੀਆ ਨੇ ਸਾਰੇ ਖਿਡਾਰੀਆਂ ਅਤੇ ਸਰੀਰਕ ਸਿੱਖਿਆ



ਵਿਭਾਗ ਦੇ ਮੁਖੀ ਲੈਫਟੀਨੈਂਟ ਸਹਾਇਕ ਪ੍ਰੋ. ਪ੍ਰਿਤਪਾਲ ਸਿੰਘ ਅਤੇ ਸਹਾਇਕ ਪ੍ਰੋ. ਅਮਰਜੀਤ ਸਿੰਘ ਦੀ ਹੌਸਲਾ ਅਫਜਾਈ ਕੀਤੀ ਅਤੇ ਕਿਹਾ ਕਿ ਇਹ ਸੰਸਥਾ ਸਦਾ ਹੀ ਅਗਾਂਹ ਪੁਲਾਂਘਾਂ ਪੁੱਟਦੀ ਰਹੇਗੀ। ਇਸ ਮੌਕੇ ਕਾਲਜ ਪ੍ਰਬੰਧਕ ਕਮੇਟੀ ਦੇ ਸਕੱਤਰ ਜਗਵਿੰਦਰ ਸਿੰਘ ਪੰਮੀ ਅਤੇ ਮੈਨੇਜਰ ਸੁਖਵਿੰਦਰ ਸਿੰਘ ਵਿਸਕੀ ਨੇ ਕਿਹਾ ਕਿ 5 ਸੋਨ ਤਮਗੇ ਅਤੇ ਕੁੱਲ 7 ਤਮਗੇ ਜਿੱਤਣਾ ਆਪਣੇ ਆਪ ਵਿੱਚ ਇੱਕ ਬੇਹੱਦ ਵੱਡੀ ਪ੍ਰਾਪਤੀ ਹੈ। ਉਹਨਾਂ ਕਿਹਾ ਕਿ ਸੰਸਥਾ ਆਪਣੇ ਖਿਡਾਰੀਆਂ ਲਈ ਹਰ ਸੰਭਵ ਯਤਨ ਕਰਦੀ ਹੈ ਤਾਂ ਜੋ ਉਹਨਾਂ ਨੂੰ ਵਧੀਆ ਕੋਚਿੰਗ ਮਿਲ ਸਕੇ। ਇਹਨਾਂ ਵਿਦਿਆਰਥੀਆਂ ਦੇ ਕਾਲਜ ਪੁੱਜਣ ਤੇ ਕਾਲਜ ਵੱਲੋਂ ਇਹਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਡਾ. ਮਮਤਾ ਅਰੋੜਾ ਤੇ ਸਹਾਇਕ ਪ੍ਰੋ. ਸੁਨੀਤਾ ਰਾਣੀ ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਬ੍ਰੈਸਟ ਸਕਰੀਨਿੰਗ ਕੈਂਸਰ ਕੈਂਪ ਲਗਾਇਆ

**ਫਗਵਾੜਾ (ਰਮਨ ਸ਼ਰਮਾ)** ਅਰਬਨ ਪੀ ਐਚ ਸੀ ਹਦੀਆਬਾਦ ਅਤੇ ਆਮ ਆਦਮੀ ਕਲੀਨਿਕ ਵਿਖੇ ਸਿਵਲ ਸਰਜਨ ਕਪੂਰਥਲਾ ਡਾ. ਰਾਜਵਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਪਾਛਟ ਡਾ. ਰੁਪਿੰਦਰਜੀਤ ਕੌਰ ਦੀ ਯੋਗ ਅਗਵਾਈ ਹੇਠ ਬ੍ਰੈਸਟ ਸਕਰੀਨਿੰਗ ਕੈਂਸਰ ਕੈਂਪ ਲਗਾਇਆ ਗਿਆ, ਜਿਸ ਵਿੱਚ 30 ਸਾਲ ਤੋਂ ਉਪਰ ਉਮਰ ਦੀਆ ਔਰਤਾਂ ਦੀ ਬ੍ਰੈਸਟ ਸਕਰੀਨਿੰਗ ਕੀਤੀ ਗਈ। ਇਸ ਮੌਕੇ ਡਾ. ਮਨਵੀਰ ਪਾਲ ਕੌਰ ਐਮ ਓ ਨੇ ਬ੍ਰੈਸਟ ਕੈਸਰ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਨ੍ਹਾਂ ਔਰਤਾਂ ਦੀ ਬ੍ਰੈਸਟ 'ਚ ਕੋਈ ਗਿਲਟੀ, ਡਿਸਚਾਰਜ ਹੋਣਾ ਜਾ ਛਾਤੀ ਦੇ ਸਾਇਜ ਵਿੱਚ ਫਰਕ, ਕੋਈ ਦਰਦ ਤੇ ਫੈਮਲੀ ਦੀ ਕੈਂਸਰ ਹਿਸਟਰੀ ਹੋਵੇ ਤਾਂ ਉਨ੍ਹਾਂ ਨੂੰ ਤੁਰੰਤ ਸਰਕਾਰੀ ਸੰਸਥਾਵਾਂ 'ਚ ਮੌਜੂਦ ਮਾਹਿਰ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਇਸ ਕੈਂਪ ਦੌਰਾਨ 60 ਤੋਂ ਵਧੇਰੇ ਔਰਤਾਂ ਦੀ ਸਕਰੀਨਿੰਗ ਮੈਡਮ ਸਿਮਰਦੀਪ ਕੌਰ ਟੈਕਨੀਸੀਅਨ ਲੁਧਿਆਣਾ ਵੱਲੋਂ ਕੀਤੀ ਗਈ। ਡਾ. ਮਨਵੀਰ ਪਾਲ ਕੌਰ ਐਮ ਓ, ਡਾ. ਅਭਿਸ਼ੇਕ ਸੁਮਨ ਐਮ ਓ, ਹੈਲਥ ਇੰਸਪੈਕਟਰ ਕੰਵਲਜੀਤ ਸਿੰਘ ਸੰਧੂ, ਏ ਐਨ ਐਮ ਸਾਂਤੀ ਰਾਣੀ, ਰੀਟਾ ਰਾਣੀ, ਪਰਵਿੰਦਰ ਕੌਰ, ਰਾਜ ਰਾਣੀ, ਅਨੀਤਾ ਰਾਣੀ, ਐਲ ਐਚ ਬੀ ਪ੍ਰੋਮਿਲਾ ਦੇਵੀ ਅਤੇ ਸਮੂਹ ਪਿੰਡਾ ਦੀਆ ਆਸ਼ਾ ਵਰਕਰਾਂ ਮੌਜੂਦ ਸਨ।

## ਹਲਕਾ ਫਿਲੌਰ ਦੇ ਵਿਕਾਸ ਕਾਰਜਾਂ ਸੰਬੰਧੀ ਵਫਦ ਜੌੜਾਮਾਜਰਾ ਨੂੰ ਮਿਲਿਆ

**ਫਿਲੌਰ (ਨਿਰਮਲ)**- ਆਮ ਆਦਮੀ ਪਾਰਟੀ ਹਲਕਾ ਫਿਲੌਰ ਦਾ ਵਫ਼ਦ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੂੰ ਮਿਲਿਆ। ਇਸ ਮੌਕੇ ਵਫਦ ਵੱਲੋਂ ਹਲਕਾ ਫਿਲੌਰ ਵਿੱਚ ਵਿਕਾਸ ਦੇ ਕੰਮਾਂ ਦੇ ਮੱਦੇਨਜ਼ਰ ਆ ਰਹੀਆ ਮੁਸ਼ਕਲਾਂ ਤੋਂ ਕੈਬਨਿਟ ਮੰਤਰੀ ਨੂੰ ਜਾਣੂ ਕਰਵਾਇਆ।



ਗੌਰਤਲਬ ਹੈ ਕਿ ਹਲਕਾ ਫਿਲੌਰ ਦੇ ਵੱਖ-ਵੱਖ ਪਿੰਡਾਂ ਦੀਆਂ ਪੰਚਾਇਤਾਂ ਵਿੱਚ ਜੋ ਗ੍ਰਾਂਟਾਂ ਉਨ੍ਹਾਂ ਦੇ ਖਾਤਿਆ ਵਿੱਚ ਪਈਆਂ ਹੋਈਆਂ ਹਨ, ਜਿਨ੍ਹਾਂ ਨੂੰ ਵਰਤੋਂ ਵਿੱਚ ਲਿਆਉਣ ਲਈ ਜੋ ਵੀ ਅੜਚਣਾ ਆ ਰਹੀਆਂ ਹਨ। ਉਸ ਸੰਬੰਧੀ ਅੜਚਣਾਂ ਨੂੰ ਤੁਰੰਤ ਉੱਚ ਅਧਿਕਾਰੀਆਂ ਨੂੰ ਜਲਦ ਪਿੰਡਾਂ 'ਚ ਪਈਆ ਗ੍ਰਾਂਟਾ ਜਲਦ ਪਿੰਡਾਂ ਦੇ ਵਿਕਾਸ ਕਾਰਜਾਂ 'ਚ ਲਗਾਉਣ ਲਈ ਕਿਹਾ। ਲੋਕ ਸਭਾ ਹਲਕਾ ਜਲੰਧਰ ਜ਼ਿਮਨੀ ਚੋਣ ਵਿੱਚ ਕੈਬਨਿਟ ਮੰਤਰੀ ਜੌੜਾਮਾਜਰਾ ਨੂੰ ਹਲਕਾ ਫਿਲੌਰ 'ਚ ਡਿਊਟੀ ਪਾਰਟੀ ਵੱਲੋਂ ਲਗਾਈ ਗਈ ਸੀ ਅਤੇ ਚੋਣਾਂ ਦੌਰਾਨ ਵੱਖ-ਵੱਖ ਪਿੰਡਾਂ ਵਿੱਚ ਦੌਰਾ ਕਰਕੇ ਮੰਤਰੀ ਜੀ ਨੇ ਵਿਕਾਸ ਕਾਰਜ ਕਰਾਉਣ ਦਾ ਵਾਅਦਾ ਕੀਤਾ ਸੀ। ਉਨ੍ਹਾਂ ਕਿਹਾ ਕਿ ਜਲਦ ਹੀ ਗ੍ਰਾਂਟਾ ਨੂੰ ਜਲਦ ਹੀ ਪਿੰਡ-ਪਿੰਡ ਜਾ ਕੇ ਗ੍ਰਾਂਟਾ ਜਾਰੀ ਕੀਤੀਆਂ ਜਾਣਗੀਆਂ। ਕੈਬਨਿਟ ਮੰਤਰੀ ਨੂੰ ਮਿਲਣ ਗਿਆ 'ਚ ਰਜਿੰਦਰ ਸੰਧੂ, ਪਰਮਿੰਦਰ ਸਿੰਘ ਮਾਹਲ, ਵਰਿੰਦਰ ਸਿੰਘ ਸੈਣੀ, ਅਮਰੀਕ ਸਿੰਘ ਸਰਪੰਚ ਥਲਾਂ, ਮਨਦੀਪ ਸਿੰਘ ਸਾਹਪੁਰ ਅਤੇ ਹੋਰ ਪਾਰਟੀ ਵਰਕਰ ਮੌਜੂਦ ਸਨ।

## ਬੱਬਰਾਂ ਦੀ ਸ਼ਹਾਦਤ ਦੇ ਸ਼ਤਾਬਦੀ ਸਮਾਗਮਾਂ ਦੇ ਪੋਸਟਰ ਰਿਲੀਜ਼

**ਨਵਾਂਸਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸ਼ਹੀਦ ਬੱਬਰ ਕਰਮ ਸਿੰਘ ਆਡੀਟਰ ਦੌਲਤ ਪੁਰੀ ਅਤੇ ਉਹਨਾਂ ਦੇ ਸਾਥੀ ਸ਼ਹੀਦ ਬੱਬਰ ਉਦੈ ਸਿੰਘ ਰਾਮਗੜ੍ਹ ਝੁੰਗੀਆਂ, ਸ਼ਹੀਦ ਬੱਬਰ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ, ਸ਼ਹੀਦ ਬੱਬਰ ਬਿਸ਼ਨ ਸਿੰਘ ਮਾਂਗਟ ਦੇ ਸ਼ਹਾਦਤ ਸਮਾਗਮ ਅਤੇ ਨਗਰ ਕੀਰਤਨ ਦਾ ਪੋਸਟਰ ਰਿਲੀਜ ਕੀਤਾ ਗਿਆ। ਇਨ੍ਹਾਂ ਸਮਾਗਮਾਂ ਵਿੱਚ 27 ਅਗਸਤ ਨੂੰ ਵਿਸ਼ਾਲ ਨਗਰ ਕੀਰਤਨ ਬੱਬਰ ਕਰਮ ਸਿੰਘ ਮੈਮੋਰੀਅਲ ਟਰੱਸਟ ਦੌਲਤ ਪੁਰ ਤੋਂ ਅਰੰਭ ਹੋ ਕੇ ਵੱਖ ਵੱਖ ਬੱਬਰਾਂ ਦੇ ਪਿੰਡਾਂ ਤੋਂ ਹੁੰਦਾ ਹੋਇਆ ਬੱਬਰਾਂ ਦੀ ਸ਼ਹਾਦਤ ਭੂਮੀ ਪਿੰਡ ਬਬੇਲੀ ਤੱਕ ਸਜਾਇਆ ਜਾਵੇਗਾ। 30, 31ਅਗਸਤ ਰਾਤ ਅਤੇ 1 ਸਤੰਬਰ ਨੂੰ ਦਿਨ ਦੇ ਧਾਰਮਿਕ ਦੀਵਾਨ ਸਜਾਏ ਜਾਣਗੇ। ਇਸ ਮੌਕੇ ਤਰਨਜੀਤ ਸਿੰਘ ਥਾਂਦੀ, ਡਾਇਰੈਕਟਰ ਕਿਰਪਾਲ ਸਿੰਘ ਖਾਬੜਾ, ਗੁਰਮੀਤ ਸਿੰਘ ਬਿੱਟੂ, ਰਣਜੀਤ ਸਿੰਘ ਮਾਨ, ਗੁਰਲਾਲ ਸਿੰਘ, ਪ੍ਰਧਾਨ ਹਰਭਜਨ ਸਿੰਘ, ਹਰਜਸਵਿੰਦਰਪਾਲ ਸਿੰਘ ਸੋਢੀ, ਕਸਮੀਰ ਸਿੰਘ ਸਰਪੰਚ,ਗੁਰਜਿੰਦਰ ਸਿੰਘ ਪੱਪਾ,ਪਰਮਿੰਦਰ ਸਿੰਘ ਪਿੰਦੂ,ਰਾਜੇਸਪਾਲ ਸਿੰਘ ਖੰਨਾ, ਗੁਰਦੀਪ ਸਿੰਘ ਧਾਲੀਵਾਲ, ਕੈਪਟਨ ਕਰਨੈਲ ਸਿੰਘ, ਜਸਵੀਰ ਸਿੰਘ ਬੈਂਕ ਵਾਲੇ, ਹਰਕੀਰਤ ਸਿੰਘ, ਜੋਗਿੰਦਰ ਸਿੰਘ, ਗੁਰਚਰਨ ਸਿੰਘ ਟੌਹੜਾ, ਸੋਹਣ ਸਿੰਘ ਫੌਜੀ, ਗੋਪਾਲ ਸਿੰਘ, ਠੇਕੇਦਾਰ ਦੇਸਰਾਜ, ਰਜਿੰਦਰ ਸਿੰਘ ਫੌਜੀ ਆਦਿ ਹਾਜ਼ਰ ਸਨ।



## ਭੂੰਗਾ ਮੁਕੰਮਲ ਬੰਦ ਰਿਹਾ

**ਅੱਡਾ ਸਰਾਂ (ਜਸਵੀਰ ਕਾਜਲ)**-ਪੰਜਾਬ ਬੰਦ ਨੂੰ ਲੈ ਕੇ ਭੂੰਗਾ ਸਬ ਤਹਿਸੀਲ ਵਿਖੇ ਮਨੀਪੁਰ ਵਿਖੇ ਦੁਖਾਂਤ ਸੰਬੰਧੀ ਬੰਦ ਰਿਹਾ । ਬੀ ਡੀ ਪੀ ਉ ਦਫਤਰ, ਸਰਕਾਰੀ ਸਕੂਲ ਨੌਜਵਾਨਾਂ ਨੇ ਬੰਦ ਕਰਵਾਏ। ਨੌਜਵਾਨ ਕਿਸਾਨ ਮਜਦੂਰ ਭਲਾਈ ਸੁਸਾਇਟੀ ਦੇ ਪ੍ਰਧਾਨ ਉਂਕਾਰ ਸਿੰਘ ਧਾਮੀ, ਕਮਲਜੀਤ ਸਿੰਘ ਸਾਹੀ, ਧਰਮਿੰਦਰ ਸਿੰਘ ਭੂੰਗਾ, ਰਾਮਸਰੂਪ ਕੁਤਬਪੁਰ ਨਿਰਮਲ ਸਿੰਘ ਨੂਰਪੁਰ, ਬਲਵਿੰਦਰ ਸਿੰਘ ਫਾਬੜਾ, ਨਰਿੰਦਰ ਸਿੰਘ, ਵਿਜੇ ਕੁਮਾਰ, ਲਖਵੀਰ ਸਿੰਘ, ਗੁਰਪ੍ਰੀਤ ਕੁਮਾਰ,ਪ੍ਰਿਸ ਭੂੰਗਾ, ਮਨਪ੍ਰੀਤ ਸਿੰਘ, ਵਿਸਾਲ ਸਿੰਘ, ਸਤਵਿੰਦਰ ਸਿੰਘ, ਲਵਪ੍ਰੀਤ ਸਿੰਘ,ਅਜੈ ਕੁਮਾਰ, ਕਮਲਜੀਤ ਸਿੰਘ, ਕਰਮਵੀਰ ਸਿੰਘ, ਵਿਸ਼ਾਲ ਐਭੋਵਾਲ,ਪ੍ਰਿਸ ਫਾਬੜਾ,,ਧਰਮ ਚੰਦ, ਹਰਿੰਦਰ ਸਿੰਘ, ਅਤੇ ਹੋਰ ਸੈਂਕੜੇ ਵਰਕਰਾਂ ਨੇ ਮੋਦੀ ਸਰਕਾਰ ਮੁਰਦਾਬਾਦ, ਮਨੀਪੁਰ ਪੀੜਤਾਂ ਨੂੰ ਇਨਸਾਫ ਅਤੇ ਦੋਸ਼ੀਆਂ ਨੂੰ ਸਜਾਵਾਂ ਵਰਗੇ ਨਾਅਰੇ ਲਗਾਏ ਅਤੇ ਕਿਹਾ ਕਿ ਲੋਕਾਂ ਦੀ ਰਾਖੀ ਕਰਨਾ ਸਰਕਾਰਾਂ ਦਾ ਪਹਿਲਾ ਫਰਜ ਹੈ। ਸਮਾਜ ਅੰਦਰ ਨਫਰਤ ਪੈਦਾ ਕਰਨ ਵਾਲੇ ਦੋਸ਼ੀ ਬਖਸ਼ੇ ਨਹੀਂ ਜਾਣੇ ਚਾਹੀਦੇ ਹਨ ਅਤੇ ਇਹੋ ਜਿਹੇ ਦੋਸ਼ੀ ਮੌਤ ਦੇ ਸਜਾ ਦੇ ਹੱਕਦਾਰ ਹਨ !

## ਪੋਸ਼ਣ ਮਾਂਹ ਸੰਬੰਧੀ ਲਗਾਇਆ ਜਾਗਰੂਕਤਾ ਕੈਂਪ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਪੰਜਾਬ ਸਰਕਾਰ ਸੂਬੇ 'ਚ ਹਰ ਵਰਗ ਦੀ ਤੰਦਰੁਸਤੀ ਲਈ ਵਿਸੇਸ ਉਪਰਾਲੇ ਕਰ ਰਹੀ ਹੈ। ਸਿਹਦਮੰਦ ਪੰਜਾਬ ਸਿਰਜਣ ਲਈ ਵਿਸੇਸ਼ ਮੁਹਿਮ ਅਰੰਭ ਕੀਤੀ ਹੋਈ ਹੈ। ਪੰਜਾਬ ਨੂੰ ਅਨੀਮਿਆ ਮੁਕਤ ਬਣਾਉਣ ਦੇ ਅਭਿਆਨ ਤਹਿਤ ਬਲਾਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੀ.ਡੀ.ਪੀ.ਓ ਸਰੁਤੀ ਸਰਮਾ ਦੀ ਅਗਵਾਈ ਵਿੱਚ ਵੱਖ ਵੱਖ ਪਿੰਡਾਂ ਵਿਚ ਕੈਂਪ ਲਗਾਏ ਗਏ। ਕੈਂਪ ਵਿਚ ਔਰਤਾ ਤੇ ਕਿਸੋਰੀਆਂ ਨੇ ਭਾਗ ਲਿਆ। ਇਨ੍ਹਾਂ ਕੈਂਪਾ ਵਿਚ ਸੁਪਰਵਾਈਜਰ ਅਨੁਰਾਧਾ, ਮਸਕੀਨੋ, ਦਲਜੀਤ ਕੌਰ, ਸੁਰਿੰਦਰ ਦੇਵੀ ਤੇ ਬਲਾਕ ਕੋਆਰਡੀਨੇਟਰ ਅਰੁਣ ਬੰਗਾ ਨੇ ਅਨੀਮਿਆ ਦੀ ਰੋਕਥਾਮ ਲਈ ਜਾਗਰੂਕ ਕੀਤਾ। ਇਸ ਮੌਕੇ ਆਂਗਨਵਾੜੀ ਵਰਕਰ ਤੇ ਹੈਲਪਰ ਹਾਜ਼ਰ ਸਨ।

## ਮਾਨ ਸਰਕਾਰ 40 ਸਰਕਾਰੀ ਹਸਪਤਾਲਾਂ ਦਾ ਕਰੇਗੀ ਨਵੀਨੀਕਰਨ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਮੁੱਖ ਮੰਤਰੀ ਭਗਵੰਤ ਮਾਨ ਦੀ ਵਚਨਬੱਧਤਾ ਅਨੁਸਾਰ ਸੂਬੇ ਦੇ ਲੋਕਾਂ ਨੂੰ ਵਿਸ਼ਵ ਪੱਧਰੀ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਸੂਬੇ ਦੇ 40 ਹਸਪਤਾਲਾਂ ਜਾਂ ਸੈਕੰਡਰੀ ਸਿਹਤ ਸਹੂਲਤਾਂ ਨੂੰ ਅਪਗ੍ਰੇਡ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਇਹ ਜਾਣਕਾਰੀ ਇੱਥੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਦਿੱਤੀ। ਉਨ੍ਹਾਂ ਕਿਹਾ ਕਿ ਇਨ੍ਹਾਂ 40 ਹਸਪਤਾਲਾਂ ਵਿੱਚ 19 ਜਿਲ੍ਹਾ ਹਸਪਤਾਲ, ਛੇ ਸਬ-ਡਿਵੀਜਨ ਹਸਪਤਾਲ ਅਤੇ 15 ਕਮਿਊਨਿਟੀ ਹੈਲਥ ਸੈਂਟਰ (ਸੀਐਚਸੀ) ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਸਿਹਤ ਮੰਤਰੀ ਇੱਥੇ ਪੰਜਾਬ ਭਵਨ ਵਿਖੇ ਪੰਜਾਬ ਹੈਲਥ ਸਿਸਟਮ ਕਾਰਪੋਰੇਸਨ (ਪੀ ਐੱਚ ਐੱਸ ਸੀ), ਆਰਕੀਟੈਕਚਰ ਵਿਭਾਗ, ਲੋਕ ਨਿਰਮਾਣ ਵਿਭਾਗ, ਪੰਜਾਬ ਮੰਡੀ ਬੋਰਡ, ਪੁੱਡਾ ਸਮੇਤ ਸਾਰੀਆਂ ਕਾਰਜਕਾਰੀ ਏਜੰਸੀਆਂ ਦੇ ਇੰਜੀਨੀਅਰਾਂ ਅਤੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਹਸਪਤਾਲਾਂ ਨੂੰ ਅਪਗ੍ਰੇਡ ਕਰਨ ਤੋਂ ਇਲਾਵਾ ਸੂਬੇ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਜ਼ਰੂਰਤ ਅਨੁਸਾਰ ਨਵੀਆਂ ਇਮਾਰਤਾਂ ਦਾ ਨਿਰਮਾਣ ਅਤੇ ਡਾਕਟਰਾਂ ਤੇ ਸਟਾਫ ਦੀ ਲੋੜੀਂਦੀ ਗਿਣਤੀ ਵੀ ਯਕੀਨੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸਾਰੇ ਹਸਪਤਾਲਾਂ ਦੀਆਂ ਅਪਗ੍ਰੇਡ ਕੀਤੀਆਂ ਇਮਾਰਤਾਂ ਨੂੰ ਅਤਿ-ਆਧੁਨਿਕ ਸਹੂਲਤਾਂ ਅਤੇ ਉਪਕਰਨਾਂ ਨਾਲ ਲੈਸ ਕੀਤਾ ਜਾਵੇਗਾ ਤਾਂ ਜੋ ਲੋਕ ਸਰਕਾਰੀ ਹਸਪਤਾਲਾਂ ਵਿੱਚ ਵਿਸਵ ਪੱਧਰੀ ਸਿਹਤ ਸਹੂਲਤਾਂ ਦਾ ਲਾਭ ਉਠਾ ਸਕਨ।

# ਧਰਮ ਦਾ ਮਖੌਟਾ ਪਾ ਕੇ ਦਰਿੰਦਗੀ ਕਰਨ ਵਾਲੇ ਲੋਕਾਂ ਦੀ ਪਛਾਣ ਕਰਨੀ ਜ਼ਰੂਰੀ : ਆਗੂ

**ਸਾਹਕੋਟ (ਗਿਆਨ ਸੈਦਪੁਰੀ)** ਮਨੀਪੁਰ ਵਿੱਚ ਵਾਪਰੀਆਂ ਘਟਨਾਵਾਂ ਦੇ ਵਿਰੋਧ ਵਿੱਚ ਵੱਖ ਵੱਖ ਜਥੇਬੰਦੀਆਂ ਵੱਲੋਂ ਭਾਰਤ ਬੰਦ ਦੇ ਸੱਦੇ ਤਹਿਤ ਸਾਹਕੋਟ ਵਿੱਚ ਵੀ ਦੁਕਾਨਾਂ ਬੰਦ ਰਹੀਆਂ। ਧਰਨੇ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਆਗੂਆਂ ਨੇ ਮਨੀਪੁਰ ਵਿੱਚ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਆਗੂਆਂ ਨੇ ਮਨੀਪੁਰ ਦੇ ਦੁਖਾਂਤ 'ਤੇ ਮੋਦੀ ਦੀ ਚੁੱਪ ਨੂੰ ਸਾਜਸੀ ਦੱਸਿਆ। ਉਨ੍ਹਾਂ ਕਿਹਾ ਕਿ ਜਦੋਂ ਤੋਂ ਮੋਦੀ ਸਰਕਾਰ ਹੋਂਦ ਵਿੱਚ ਆਈ ਹੈ, ਓਦੋਂ ਤੋਂ ਹੀ ਔਰਤਾਂ 'ਤੇ ਹੁੰਦੇ ਜ਼ੁਲਮ ਵਿੱਚ ਵਾਧਾ ਹੋਇਆ ਹੈ। ਆਗੂਆਂ ਨੇ ਅੱਗੇ ਕਿਹਾ ਕਿ ਅਣਹੋਣੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਲੋਕ ਧਾਰਮਿਕ ਨਹੀਂ ਹੁੰਦੇ ਸਗੋਂ ਧਰਮ ਨੂੰ ਵਰਤਦੇ ਹਨ। ਧਰਮਾਂ ਦਾ ਮਖੌਟਾ ਪਾ ਕੇ ਦਰਿੰਦਗੀ ਕਰਨ ਵਾਲੇ ਲੋਕਾਂ ਦੀ ਪਛਾਣ ਕਰਨੀ ਜ਼ਰੂਰੀ ਹੈ। ਧਰਨੇ ਨੂੰ ਨਿਰਮਲ ਸਿੰਘ ਮਲਸੀਆ, ਚਰਨਜੀਤ ਥੰਮੂਵਾਲ, ਵੀਰ ਕੁਲਵੰਤ ਸਿੰਘ ਢੰਡੋਵਾਲ, ਬਲਵਿੰਦਰ ਬਾਊਪੁਰ, ਕੇਵਲ ਸਿੰਘ ਦਾਨੇਵਾਲ, ਡਾ. ਵਿਲੀਅਮ ਜੌਨ, ਸੁਧੀਰ ਨਾਹਰ, ਕਾਲੀ ਪ੍ਰਧਾਨ, ਰਸੀਦ ਮਸੀਹ ਆਦਿ ਨੇ ਸੰਬੋਧਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਾਰਾ ਸਿੰਘ ਸਾਬਕਾ ਸਰਪੰਚ, ਸੁੱਚਾ ਗਿੱਲ, ਸ਼ਿੰਦਰ ਪਾਲ ਨੰਬਰਦਾਰ, ਪਾਸਟਰ ਵਿਨੋਦ ਤੇਜੀ, ਸਰਬਣ ਕੁਮਾਰ ਬਿੱਲਾ, ਮੰਗਾ ਮੱਟੂ, ਪਾਸਟਰ ਸੰਦੀਪ, ਮੋਹਣ ਲਾਲ ਸਾਰੰਗਵਾਲ, ਟਿੰਕਾ ਕਿਲੀ, ਮਾਸਟਰ ਜੈ ਪ੍ਰਕਾਸ, ਰਾਜ ਕੁਮਾਰ ਆਦਿ ਹਾਜ਼ਰ ਸਨ।

# ਪੀ ਸੀ ਐੱਮ ਐੱਸ ਡੀ ਕਾਲਜ ਨੇ 'ਭਾਰਤ ਛੱਡੋ ਅੰਦੋਲਨ' ਦੀ 81ਵੀਂ ਵਰ੍ਹੇਗੰਢ ਮਨਾਈ

**ਜਲੰਧਰ ( ਇਕਬਾਲ ਸਿੰਘ ਉੱਭੀ)** ਪੀ ਸੀ ਐਮ ਐਸ ਡੀ ਕਾਲਜ ਦੇ ਐਨ ਸੀ ਸੀ ਕੈਡਿਟਾਂ ਨੇ ਦੇਸ ਭਗਤੀ ਅਤੇ ਆਜ਼ਾਦੀ ਦੀ ਜੋਸ਼ੀਲੀ ਭਾਵਨਾ ਤਹਿਤ ਇਤਿਹਾਸਕ ਭਾਰਤ ਛੱਡੋ ਅੰਦੋਲਨ ਦੀ 81ਵੀਂ ਵਰ੍ਹੇਗੰਢ ਮਨਾਈ। ਇਸ ਦਿਨ ਨੂੰ ਮਨਾਉਂਦੇ ਹੋਏ, ਕੈਡਿਟਾਂ ਨੇ ਭਾਰਤ ਦੀ ਆਜ਼ਾਦੀ ਲਈ ਅਣਥੱਕ ਲੜਾਈ ਲੜਨ ਵਾਲੀਆਂ ਬਹਾਦਰ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਕੈਡਿਟਾਂ ਨੇ ਕਾਲਜ ਦੇ ਵਿਹੜੇ ਵਿੱਚ ਇਕੱਠੇ ਹੋ ਕੇ ਭਾਰਤ ਦੀ ਸਿਰਜਣਾ ਲਈ ਸਖਤ ਮਿਹਨਤ ਕਰਨ ਦਾ ਪ੍ਰਣ ਲਿਆ ਜਿਸ 'ਤੇ ਸਾਡੇ ਆਜ਼ਾਦੀ ਘੁਲਾਟੀਆਂ ਨੂੰ ਮਾਣ ਹੋਵੇਗਾ। ਕੈਡਿਟਾਂ ਨੇ ਸਾਡੇ ਆਜ਼ਾਦੀ ਘੁਲਾਟੀਆਂ ਦੀ ਬਹਾਦਰੀ ਅਤੇ ਦ੍ਰਿੜਤਾ ਨੂੰ ਦਰਸਾਉਣ ਲਈ ਪੋਸਟਰ ਬਣਾਏ ਅਤੇ ਨਾਅਰੇ ਲਿਖੇ। ਇਸ ਦਿਵਸ ਦੀ ਮਹੱਤਤਾ ਬਾਰੇ ਚਾਨਣਾ ਪਾਉਂਦੇ ਹੋਏ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕ ਕਮੇਟੀ ਦੇ ਹੋਰ ਪਤਵੰਤੇ ਸੱਜਣ ਅਤੇ ਯੋਗ ਪ੍ਰਿੰਸੀਪਲ ਡਾ. ਪੂਜਾ ਪਰਾਸਰ ਨੇ ਦੱਸਿਆ ਕਿ ਅਜਿਹੇ ਪ੍ਰੋਗਰਾਮਾਂ ਦਾ ਉਦੇਸ਼ ਰਾਸ਼ਟਰ ਦੀ ਭਲਾਈ ਲਈ ਆਪਣੇ ਸੁਤੰਤਰਤਾ ਸੈਨਾਨੀਆਂ ਦੀਆਂ ਨਿਰਸਵਾਰਥ ਕੁਰਬਾਨੀਆਂ ਨੂੰ ਮੁੱਖ ਰੱਖ ਕੇ ਦੇਸ਼ ਪ੍ਰਤੀ ਜਿੰਮੇਵਾਰੀ ਅਤੇ ਉਨ੍ਹਾਂ ਪ੍ਰਤੀ ਸ਼ਰਧਾ ਦੀ ਭਾਵਨਾ ਪੈਦਾ ਕਰਨਾ ਹੈ। ਯੋਗ ਪ੍ਰਿੰਸੀਪਲ ਨੇ ਇਸ ਸਮਾਗਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਐਸੋਸੀਏਟ ਐਨ ਸੀ ਸੀ ਅਫਸਰ ਕੈਪਟਨ ਪ੍ਰਿਆ ਮਹਾਜਨ ਅਤੇ ਐਨ ਸੀ ਸੀ ਕੈਡਿਟਾਂ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ।



# ਮੁਫਤ ਦੇਸੀ ਦਵਾਈਆਂ, ਅੱਖਾਂ ਤੇ ਮੈਡੀਕਲ ਚੈੱਕਅੱਪ ਕੈਂਪ 19 ਨੂੰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.)ਪੰਜਾਬ ਦੀ ਵਿਸ਼ੇਸ਼ ਮੀਟਿੰਗ ਚੇਅਰਮੈਨ ਸੰਤ ਸਰਵਣ ਦਾਸ ਬੋਹਣ, ਪ੍ਰਧਾਨ ਸੰਤ ਨਿਰਮਲ ਦਾਸ ਬਾਬੇ ਜੌੜੇ ਦੀ ਪ੍ਰਧਾਨਗੀ ਹੇਠ ਡੇਰਾ ਸੰਤ ਸ਼ੀਤਲ ਦਾਸ ਬੋਹਣ ਵਿਖੇ ਹੋਈ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਸਦਨ ਨਜਦੀਕ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ ਵਿਖੇ 19 ਅਗਸਤ ਨੂੰ ਲੱਗਣ ਵਾਲੇ ਵਿਸ਼ਾਲ ਅੱਖਾਂ ਅਤੇ ਮੈਡੀਕਲ ਕੈਂਪ ਸਬੰਧੀ ਮਹਾਪੁਰਸ਼ਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਸਮੂਹ ਸੰਗਤ ਨੂੰ ਵੱਡੀ ਗਿਣਤੀ ਵਿਚ ਪਹੁੰਚ ਕੇ ਇਸ ਮਹਾਨ ਕੈਂਪ ਦਾ ਲਾਭ ਉਠਾਉਣ ਲਈ ਬੇਨਤੀ ਕੀਤੀ। ਇਸ ਮੌਕੇ ਚੇਅਰਮੈਨ ਸੰਤ ਸਰਵਣ ਦਾਸ ਬੋਹਣ, ਸੰਤ ਨਿਰਮਲ ਦਾਸ ਬਾਬੇ ਜੌੜੇ ਪ੍ਰਧਾਨ ਨੇ ਦਸਿਆ ਕਿ 19 ਅਗਸਤ ਦਿਨ ਸ਼ਨੀਵਾਰ ਸਵੇਰੇ 9 ਵਜੇ ਸੁਖਮਣੀ ਸਾਹਿਬ ਜੀ ਦੇ ਜਾਪ ਤੋਂ ਉਪਰੰਤ ਅਕਾਲ ਪੁਰਖ ਦੇ ਚਰਨਾਂ 'ਚ ਅਰਦਾਸ ਕਰਕੇ ਮਹਾਨ ਮੁਫਤ ਅੱਖਾਂ ਅਤੇ ਮੈਡੀਕਲ ਕੈਂਪ ਦੀ ਆਰੰਭਤਾ ਹੋਵੇਗੀ। ਉਨ੍ਹਾਂ ਦੱਸਿਆ ਕਿ ਸੰਤ ਬਾਬਾ ਪ੍ਰੀਤਮ ਦਾਸ ਮੈਮੋਰੀਅਲ ਚੈਰੀਟੇਬਲ ਹਸਪਤਾਲ ਰਾਏਪੁਰ ਰਸੂਲ ਪੁਰ, ਸੰਗਤ ਏਡ ਸੁਸਾਇਟੀ (ਰਜਿ.)ਯੂ ਕੇ ਵਲੋਂ ਦੇਸੀ ਦਵਾਈਆਂ, ਅੱਖਾਂ ਤੇ ਦੰਦਾਂ ਦਾ ਫ੍ਰੀ ਮੈਡੀਕਲ ਚੈਕਅੱਪ ਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨਛੋਹ ਧਰਤੀ ਤੇ ਲਗਾਇਆ ਜਾ ਰਿਹਾ ਹੈ। ਇਸ ਮੌਕੇ ਹਾਜ਼ਰ ਸੰਤ ਸਰਵਣ ਦਾਸ ਜੀ ਬੋਹਣ ਚੇਅਰਮੈਨ, ਸੰਤ ਨਿਰਮਲ ਦਾਸ ਬਾਬੇ ਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ ਪੰਜਾਬ, ਸੰਤ ਇੰਦਰ ਦਾਸ ਸ਼ੇਖੇ ਜਨ. ਸਕੱਤਰ, ਸੰਤ ਸਰਵਣ ਦਾਸ ਲੁਧਿਆਣਾ ਸੀਨੀ.ਮੀਤ ਪ੍ਰਧਾਨ, ਸੰਤ ਪਰਮਜੀਤ ਦਾਸ ਨਗਰ, ਸੰਤ ਧਰਮਪਾਲ ਸ਼ੇਰਗੜ੍ਹ, ਸੰਤ ਰਮੇਸ਼ ਦਾਸ ਸ਼ੇਰਪੁਰ ਢਕੋ, ਸੰਤ ਜਸਵੰਤ ਦਾਸ ਰਾਵਲਪਿੰਡੀ, ਸੰਤ ਸੰਤੋਖ ਦਾਸ ਭਾਰਟਾ ਗਨੇਸ਼ਪੁਰ, ਬਾਬਾ ਬਲਕਾਰ ਸਿੰਘ ਤੱਗੜ੍ਹ ਵਡਾਲਾ, ਸੰਤ ਬੀਬੀ ਕੁਲਦੀਪ ਕੌਰ ਮਹਿਨਾ,ਸੰਤੋਸ਼ ਕੁਮਾਰੀ ਮੈਂਬਰ ਬਿਲਡਿੰਗ ਇੰਚਾਰਜ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਪ੍ਰਮੇਸ਼ਰੀ ਦਾਸ, ਸੰਤ ਸਰੂਪ ਸਿੰਘ ਬੋਹਾਨੀ, ਸੰਤ ਗੁਰਮੀਤ ਦਾਸ ਪਿੱਪਲਾਂਵਾਲਾ, ਸੰਤ ਪ੍ਰੇਮ ਦਾਸ ਭਗਾਣਾ ਸ਼ਿਵ ਨਰਾਇਣ ਮਰਨਾਈਆਂ ਹਾਜ਼ਰ ਸਨ।

# ਜੌੜਾਮਾਜਰਾ ਨੇ ਆਜ਼ਾਦੀ ਘੁਲਾਟੀਆਂ ਦੇ ਘਰਾਂ 'ਚ ਜਾ ਕੇ ਉਨ੍ਹਾਂ ਦੇ ਸਿਦਕ ਤੇ ਸਿਰੜ ਨੂੰ ਕੀਤਾ ਸਲਾਮ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਭਾਰਤ ਦੇ ਆਜ਼ਾਦੀ ਸੰਗਰਾਮ ਦੇ ਨਾਇਕਾਂ ਦੇ ਘਰ ਪਹੁੰਚ ਕੇ ਉਨ੍ਹਾਂ ਨਾਲ ਮੁਲਾਕਾਤ ਕਰਨ ਦੀ ਆਪਣੀ ਕਿਸਮ ਦੀ ਪਲੇਠੀ ਤੇ ਸਮਰਪਿਤ ਮੁਹਿਮ ਤਹਿਤ ਪੰਜਾਬ ਦੇ ਸੁਤੰਤਰਤਾ ਸੈਨਾਨੀਆਂ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਜ਼ਿਲ੍ਹਾ ਪਟਿਆਲਾ ਦੇ ਆਜਾਦੀ ਘੁਲਾਟੀਆਂ ਦੇ ਘਰਾਂ ਦਾ ਦੌਰਾ ਕਰਕੇ ਇਨ੍ਹਾਂ ਸੂਰਬੀਰਾਂ ਨੂੰ ਸਿਜਦਾ ਕੀਤਾ। ਕੈਬਨਿਟ ਮੰਤਰੀ ਨੇ ਆਪਣੇ ਇਸ ਦੌਰੇ ਮੌਕੇ ਜ਼ਿਲ੍ਹਾ ਪਟਿਆਲਾ ਦੇ ਆਜਾਦੀ ਘੁਲਾਟੀਏ ਤਾਰਾ ਸਿੰਘ ਅਤੇ ਕਸ਼ਮੀਰ ਸਿੰਘ ਵਾਸੀ ਪਿੰਡ ਸ਼ੰਭੂ ਕਲਾਂ, ਸੇਵਾ ਸਿੰਘ ਅਤੇ ਕਸ਼ਮੀਰ ਸਿੰਘ ਵਾਸੀ ਪਿੰਡ ਸੁਹਰੋਂ, ਚਰਨ ਸਿੰਘ ਵਾਸੀ ਪਿੰਡ ਸ਼ਾਹਪੁਰ ਰਾਈਆਂ, ਹਰਜੰਤ ਸਿੰਘ ਤੇ ਗੁਰਚਰਨ ਸਿੰਘ ਵਾਸੀ ਪਿੰਡ ਆਲਮਪੁਰ, ਕਰਨੈਲ ਸਿੰਘ ਅਤੇ ਅਵਤਾਰ ਸਿੰਘ ਵਾਸੀ ਰਾਜਪੁਰਾ ਨਾਲ ਮੁਲਾਕਾਤ ਕੀਤੀ।



ਚੇਤਨ ਸਿੰਘ ਜੌੜਾਮਾਜਰਾ ਨੇ ਇਨ੍ਹਾਂ ਆਜ਼ਾਦੀ ਘੁਲਾਟੀਆਂ ਦੇ ਸਿਦਕ ਅਤੇ ਜਜ਼ਬੇ ਪ੍ਰਤੀ ਡੂੰਘੀ ਸ਼ਰਧਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਆਜਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਪੰਜਾਬ ਲਈ ਮਾਣ ਦਾ ਸਬੱਬ ਹਨ ਅਤੇ ਇਨ੍ਹਾਂ ਸੂਰਬੀਰਾਂ ਦੇ ਅਦੁੱਤੀ ਸਮਰਪਣ ਅਤੇ ਲਾਸਾਨੀ ਯੋਗਦਾਨ ਨੇ ਪੰਜਾਬੀਆਂ ਨੂੰ ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਵਿੱਚ ਮੂਹਰਲੀਆਂ ਸਫ਼ਾਂ ਵਿੱਚ ਲਿਆ ਖੜ੍ਹਾ ਕੀਤਾ ਹੈ। ਮੰਤਰੀ ਨੇ ਕਿਹਾ ਕਿ ਭਾਵੇਂ ਕਿ ਕੋਈ ਵੀ ਸਤਿਕਾਰ ਇਨ੍ਹਾਂ ਸੂਰਿਆਂ ਦੀਆਂ ਕੁਰਬਾਨੀਆਂ ਦੇ ਤੁਲ ਨਹੀਂ ਪਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਉਨ੍ਹਾਂ ਨੂੰ ਸਨਮਾਨਿਤ ਕਰਨ ਲਈ ਪੂਰੀ ਸੁਹਿਰਦਤਾ ਨਾਲ ਵਚਨਬੱਧ ਹੈ।

# ਜਰਨਲਿਸਟ ਪ੍ਰੈੱਸ ਕਲੱਬ ਪੰਜਾਬ ਦੇ ਯੂਨਿਟ ਬਿਲਗਾ-ਨੂਰਮਹਿਲ ਦੀ ਹੋਈ ਮੀਟਿੰਗ

**ਨੂਰਮਹਿਲ (ਬਾਲ ਕ੍ਰਿਸਨ ਬਾਲੀ)** ਜਰਨਲਿਸਟ ਪ੍ਰੈਸ ਕਲੱਬ ਰਜਿ. ਪੰਜਾਬ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਬਿਲਗਾ ਨੂਰਮਹਿਲ ਯੂਨਿਟ ਦੀ ਮੀਟਿੰਗ ਕਲੱਬ ਪ੍ਰਧਾਨ ਵਿਨੋਦ ਬੱਤਰਾ ਦੀ ਅਗਵਾਈ 'ਚ ਨੂਰਮਹਿਲ ਵਿਖੇ ਕੀਤੀ ਗਈ, ਜਿਸ 'ਚ ਜਿਲ੍ਹਾ ਅਹੁਦੇਦਾਰ ਪਾਰਸ ਨਈਅਰ ਨੇ ਸ਼ਿਰਕਤ ਕੀਤੀ ਅਤੇ ਪੱਤਰਕਾਰ ਭਾਈਚਾਰੇ ਨੂੰ ਦਰਪੇਸ਼ ਆਉਂਦੀਆਂ ਮੁਸ਼ਕਲਾਂ ਸਬੰਧੀ ਵਿਚਾਰ ਚਰਚਾ ਕੀਤੀ ਗਈ ਮੀਟਿੰਗ ਦੇ ਸ਼ੁਰੂ ਵਿੱਚ ਸ਼ਿਰੋਮਣੀ ਰੰਘਰੇਟਾ ਦਲ ਪੰਜਾਬ ਦੇ ਪ੍ਰਧਾਨ ਬਲਵੀਰ ਸਿੰਘ ਚੀਮਾ ਦੀ ਸਿਹਤ ਯਾਬੀ ਲਈ ਅਰਦਾਸ ਕੀਤੀ ਗਈ ਅਤੇ ਮੀਟਿੰਗ ਉਪਰੰਤ ਬਲਵੀਰ ਸਿੰਘ ਚੀਮਾ ਦੇ ਘਰ ਜਾ ਕੇ ਉਨ੍ਹਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਹਾਲ ਚਾਲ ਪੁੱਛਿਆ ਗਿਆ ਇਲਾਜ ਸੰਬੰਧੀ ਜਾਣਕਾਰੀ ਲਈ ਗਈ।



ਕਲੱਬ ਪ੍ਰਧਾਨ ਵਿਨੋਦ ਬੱਤਰਾ ਨੇ ਕਿਹਾ ਕਿ ਪੱਤਰਕਾਰਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਾਉਣ ਲਈ ਬਚਨਬੱਧ ਹੈ ਤੇ ਪੱਤਰਕਾਰਾਂ ਦੀ ਸਹਾਇਤਾ ਕਰਨ ਲਈ ਹਮੇਸ਼ਾ ਤੱਤਪਰ ਹੈ। ਕਿਸੇ ਵੀ ਪੱਤਰਕਾਰ ਨਾਲ ਕਿਸੇ ਵੀ ਤਰ੍ਹਾਂ ਦੀ ਧੱਕੇਸ਼ਾਹੀ ਨਹੀਂ ਹੋਣ ਦਿੱਤੀ ਜਾਵੇਗੀ। ਪੱਤਰਕਾਰ ਸਮਾਜ ਤੇ ਸਰਕਾਰ ਦਾ ਚੌਥਾ ਥੰਮ੍ਹ ਮੰਨਿਆ ਜਾਂਦਾ ਹੈ। ਉਨ੍ਹਾਂ ਦੇ ਹੱਕ ਤੇ ਉਨ੍ਹਾਂ ਦੇ ਮਾਣ ਸਨਮਾਨ ਲਈ ਜਰਨਲਿਸਟ ਪ੍ਰੈਸ ਕਲੱਬ ਹਮੇਸ਼ਾ ਯਤਨਸ਼ੀਲ ਰਹੇਗੀ। ਕਲੱਬ ਨੇ ਉਨ੍ਹਾਂ ਨੂੰ ਜੋ ਜਿੰਮੇਵਾਰੀ ਸੌਂਪੀ ਗਈ ਹੈ ਉਹ ਹਮੇਸ਼ਾ ਉਸ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਣਗੇ।

ਇਸ ਮੌਕੇ ਚੀਫ ਐਡਵਾਈਜ਼ਰ ਵਿਜੇ ਕੁਮਾਰ, ਐਡਵਾਈਜ਼ਰ ਪੁਸਕਰ ਅਰੋੜਾ, ਵਾਇਸ ਚੇਅਰਮੈਨ ਰਾਮ ਮੂਰਤੀ, ਵਾਇਸ ਪ੍ਰਧਾਨ ਸੌਰਵ ਕੁਮਾਰ ਲਵਲੀ, ਕੈਸ਼ੀਅਰ ਪਾਰਸ ਢੀਂਗਰਾ, ਪੀ ਆਰ ਓ ਗੌਤਮ ਨਾਹਰ, ਪ੍ਰਿੰਸ ਆਦਿ ਮੈਂਬਰ ਹਾਜ਼ਰ ਸਨ।

# ਖਰਾਬ ਮੌਸਮ ਦੇ ਬਾਵਜੂਦ ਨਾਅਰਿਆਂ ਦੀ ਗੂੰਜ 'ਚ ਜਥਾ ਮਾਰਚ ਰਵਾਨਾ

**ਮੋਹਾਲੀ (ਗੁਰਜੀਤ ਬਿੱਲਾ)** ਇਥੇ ਮੁਲਾਜ਼ਮਾਂ ਦੀ ਪ੍ਰਮੁੱਖ ਜਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (1406/22-ਬੀ) ਵੱਲੋਂ ਕੁੱਲ ਹਿੰਦ ਰਾਜ ਸਰਕਾਰੀ ਮੁਲਾਜਮ ਫੈਡਰੇਸ਼ਨ ਅਤੇ ਕੇਂਦਰੀ ਸਰਕਾਰ ਦੇ ਮੁਲਾਜ਼ਮਾਂ ਅਤੇ ਕਾਮਿਆਂ ਦੀ ਕਨਫੈਡਰੇਸ਼ਨ ਦੇ ਸਾਝੇਂ ਸੱਦੇ 'ਤੇ ਮੁਲਾਜ਼ਮਾਂ ਦੀਆਂ ਪ੍ਰਮੁੱਖ ਮੰਗਾਂ ਨੂੰ ਲੈ ਕੇ ਜਥਾ ਮਾਰਚ ਸ਼ੁਰੂ ਕੀਤਾ, ਜਿਸ ਦੀ ਅਗਵਾਈ ਜਥੇਬੰਦੀ ਦੇ ਸੂਬਾ ਆਗੂ ਸੁਖਵਿੰਦਰ ਸਿੰਘ ਚਾਹਲ ਤੇ ਗੁਰਬਿੰਦਰ ਸਿੰਘ ਚੰਡੀਗੜ੍ਹ ਨੇ ਕੀਤੀ ਇਥੇ ਦੱਸਣਯੋਗ ਹੈ ਕਿ ਪੰਜਾਬ ਅੰਦਰ ਚਾਰ ਇਤਿਹਾਸਕ ਸਥਾਨਾਂ ਜਲ੍ਹਿਆਂਵਾਲਾ ਬਾਗ (ਅੰਮ੍ਰਿਤਸਰ), ਖਟਕੜ ਕਲਾਂ (ਜਲੰਧਰ) ਹੁਸੈਨੀਵਾਲਾ (ਫਿਰੋਜ਼ਪੁਰ) ਚੱਪੜਚਿੜੀ (ਮੁਹਾਲੀ) ਤੋਂ ਮੁਲਾਜਮ ਮੰਗਾਂ ਨੂੰ ਲੈ ਕੇ ਜਥਾ ਮਾਰਚ ਸ਼ੁਰੂ ਕੀਤਾ ਜਾ ਰਿਹਾ ਹੈ ਚੱਪੜਚਿੜੀ ਤੋਂ ਚਲਕੇ ਇਹ ਜਥਾ ਮਾਰਚ ਜੋ ਕਿ ਫਤਿਹਗੜ੍ਹ ਸਾਹਿਬ, ਪਟਿਆਲਾ ਹੋ ਕੇ ਸੰਗਰੂਰ ਦੇ ਇੱਤਿਹਾਸਕ ਨਗਰ ਸੁਨਾਮ ਵਿਖੇ ਸ਼ਹੀਦ ਉਧਮ ਸਿੰਘ ਦੇ ਬੁੱਤ ਕੋਲ ਸਮਾਪਤ ਹੋਵੇਗਾ। ਪ੍ਰਮੁੱਖ ਮੰਗਾਂ 'ਚ ਪੁਰਾਣੀ ਪੈਨਸ਼ਨ ਬਹਾਲ ਕਰਨੀ, ਮਾਣਭੱਤਾ ਅਤੇ ਇਨਸੈਂਟਿਵ ਤੇ ਕੰਮ ਕਰਦੇ ਵਰਕਰਾਂ ਦੇ ਭੱਤੇ ਵਿੱਚ ਮਹਿੰਗਾਈ ਅਨੁਸਾਰ ਤਰਕਸੰਗਤ ਵਾਧਾ ਕਰਨਾ, ਲੰਬੇ ਸਮੇਂ ਤੋਂ ਵੱਖ ਵੱਖ ਵਿਭਾਗਾਂ 'ਚ ਕੰਮ ਕਰਦੇ ਹਰ ਤਰ੍ਹਾਂ ਦੇ ਕੱਚੇ ਕਾਮੇ ਰੈਗੂਲਰ ਸਕੇਲਾ ਤੇ ਪੱਕੇ ਕੀਤੇ ਜਾਣ। ਜਥਾ ਮਾਰਚ ਨੂੰ ਕਰਮ ਸਿੰਘ ਧਨੋਆ ਕਨਵੀਨਰ ਮੁਲਾਜਮ ਤੇ ਪੈਨਸ਼ਨਰ ਸਾਝਾ ਫਰੰਟ ਪ ਸ ਸ ਫ ਦੇ ਜਿਲ੍ਹਾ ਪ੍ਰਧਾਨ ਕਰਮਾਪੁਰੀ, ਸੂਬਾ ਆਗੂ ਤੇਜਿੰਦਰ ਸਿੰਘ ਬਾਬਾ, ਅਧਿਆਪਕ ਆਗੂ ਰਜਿੰਦਰ ਸਿੰਘ ਰਾਜਨ ਖਮਾਣੋਂ ਅਜਮੇਰ ਸਿੰਘ ਲੌਗੀਆ, ਸਰਬਜੀਤ ਸਿੰਘ ਚਤਾਮਲੀ, ਬਾਗਬਾਨੀ ਵਿਭਾਗ ਤੋਂ ਪ੍ਰਧਾਨ ਸਰੇਸ਼ ਕੁਮਾਰ ਠਾਕੁਰ, ਹਨੂੰਮਾਨ ਪ੍ਰਸ਼ਾਦ, ਸਿਵੇਦਰ ਕੁਮਾਰ, ਗੌ ਟੀ ਯੂਨੀਅਨ ਤੋਂ ਰਵਿੰਦਰ ਸਿੰਘ ਪੱਪੀ, ਮਨਪ੍ਰੀਤ ਸਿੰਘ, ਛੱਤ ਬੀੜ ਚਿੜੀਆ ਘਰ ਤੋਂ ਪ੍ਰਧਾਨ ਅਮਨਦੀਪ ਸਿੰਘ ਛੱਤ, ਲਖਵਿੰਦਰ ਸਿੰਘ ਬਨੂੜ, ਚੇਅਰਮੈਨ ਸਿੰਦਰਪਾਲ, ਜੰਗਲਾਤ ਵਰਕਰਜ਼ ਯੂਨੀਅਨ ਤੋਂ ਪ੍ਰਧਾਨ ਸੁਲੱਖਣ ਸਿੰਘ ਸਿਸਵਾ, ਮਨਿੰਦਰ ਸਿੰਘ ਚੰਡੀਗੜੀਆ, ਮਿੱਡ ਡੇ ਮੀਲ ਦੀ ਪ੍ਰਧਾਨ ਕੁੱਲਵਿੰਦਰ ਕੌਰ, ਗੌ ਟੀ ਯੂਨੀਅਨ ਦੇ ਸਾਬਕਾ ਪ੍ਰੈਸ ਸਕੱਤਰ ਹਰਨੇਕ ਸਿੰਘ ਮਾਵੀ, ਜਸਮੇਰ ਸਿੰਘ ਦੇਸੂਮਾਜਰਾ, ਅਦਾਰਾ ਮੁਲਾਜ਼ਮ ਲਹਿਰ ਤੋ ਡਾ ਹਜਾਰਾ ਸਿੰਘ ਚੀਮਾ, ਰਾਮ ਕਿਸ਼ਨ ਧੁਨਕੀਆ ਹਾਜ਼ਰ ਹੋਏ।



# ਤੀਆਂ ਮੇਲੇ ਦੌਰਾਨ ਮੁਟਿਆਰਾਂ ਨੇ ਖੂਬ ਲਾਈਆਂ ਰੌਣਕਾਂ

**ਕਾਲਾ ਸੰਘਿਆਂ (ਮਨਜੀਤ ਮਾਨ)** ਤੀਆਂ ਦਾ ਤਿਉਹਾਰ ਸੱਭਿਆਚਾਰਕ ਅਤੇ ਆਪਸੀ ਮਿਲਵਰਤਨ ਦੀ ਸ਼ਾਝ ਨੂੰ ਦਰਸਾਉਂਦਾ ਹੈ ਤੀਆਂ ਦਾ ਮੇਲਾ ਸਾਡੇ ਵਿਰਾਸਤੀ ਸੱਭਿਆਚਾਰ ਦੀ ਮੁੱਢਲੀ ਨਿਸ਼ਾਨੀ ਹੈ। ਜੰਗਲੀ ਜੀਵ ਵਣ ਵਿਭਾਗ ਪੰਜਾਬ ਨਕੋਦਰ-ਕਪੂਰਥਲਾ ਮਾਰਗ ਤੇ ਸਥਿਤ ਰੇਂਜ ਦਫਤਰ ਪਿੰਡ ਟੁੱਟ ਕਲਾਂ ਦੇ ਰੇਜ ਅਫਸਰ ਅਮਰੀਕ ਸਿੰਘ ਸਿੱਧੂ ਨੇ ਤੀਆਂ ਦੇ ਮੇਲੇ ਦਾ ਉਦਘਾਟਨ ਕਰਨ ਉਪਰੰਤ ਇਹ ਬੋਲ ਬੋਲਦੇ। ਉਨ੍ਹਾ ਹੋਰ ਆਖਿਆ ਕਿ ਵਾਤਾਵਰਣ ਦੀ ਸ਼ੁੱਧਤਾ ਵਾਸਤੇ ਵਣ ਵਿਭਾਗ ਵੱਲੋਂ ਵੀ ਛਾਂਦਾਰ ਅਤੇ ਸਜਾਵਟੀ ਬੂਟੇ ਲਾ ਕੇ ਸਾਫ ਵਾਤਾਵਰਣ 'ਚ ਮੁੱਢਲਾ ਯੋਗਦਾਨ ਪਾਇਆ ਜਾ ਰਿਹਾ ਹੈ। ਹਰੇਕ ਇਨਸਾਨ ਨੂੰ ਅਪਣਾ ਫਰਜ ਸਮਝਦਿਆਂ ਧਰਤੀ ਉੱਪਰ ਰੁੱਖ ਲਾਉਣ ਦੀ ਲੋੜ ਹੈ। ਰੇਂਜ ਦਫਤਰ ਵੱਲੋਂ ਤੀਆਂ ਦੇ ਮੇਲੇ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਬਤੌਰ ਮੁੱਖ ਮਹਿਮਾਨ ਵਜੋਂ ਰੇਜ ਅਫਸਰ ਅਮਰੀਕ ਸਿੰਘ ਸਿੱਧੂ ਉਚੇਚੇ ਤੌਰ 'ਤੇ ਸ਼ਾਮਲ ਹੋਏ। ਮੇਲੇ ਦੌਰਾਨ ਮੁਟਿਆਰਾਂ ਨੇ ਸੱਭਿਆਚਾਰਕ ਗੀਤਾਂ ਤੇ ਬੋਲੀਆਂ ਨਾਲ ਖੂਬ ਨੱਚ ਟੱਪ ਕੇ ਮੇਲੇ ਨੂੰ ਚਾਰ ਚੰਨ ਲਾ ਕੇ ਮੇਲੇ ਨੂੰ ਸਿਖਰਾ ਵੱਲ ਪਹੁੰਚਾ ਦਿੱਤਾ। ਇਸ ਮੌਕੇ ਕਮਲਦੀਪ ਸਿੰਘ ਬਲਾਕ ਅਫਸਰ ਨਕੋਦਰ, ਦਲਜਿੰਦਰ ਸਿੰਘ ਬਲਾਕ ਅਫਸਰ ਸਾਹਕੋਟ, ਤਰਸੇਮ ਸਿੰਘ ਇਨਚਾਰਜ ਬੀਟ ਕਾਗਣਾਂ, ਕੰਚਨਜੀਤ ਸਿੰਘ ਤੇ ਸਪਨਾ ਮੈਡਮ ਦੋਵੇ ਸ਼ੰਕਰ ਬੀਟ ਇੰਨਚਾਰਜ, ਉੱਗੀ ਬੀਟ ਇਨਚਾਰਜ ਅਮਨਦੀਪ ਸਿੰਘ ਤੋਂ ਇਲਾਵਾ ਸੁਰਜੀਤ ਸਿੰਘ, ਰਾਜਨ ਕੁਮਾਰ, ਗੁਰਪ੍ਰੀਤ ਸਿੰਘ, ਦਲਵੀਰ ਸਿੰਘ ਤੇ ਹੋਰ ਹਾਜ਼ਰ ਸਨ।



# ਹਰਚਰਨ ਦਾਸ ਦੀ 13ਵੀ ਸਾਲਾਨਾ ਬਰਸੀ ਮੌਕੇ ਧਾਰਮਿਕ ਸਮਾਗਮ ਕਰਵਾਇਆ

**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)** ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਜੇਜੋ ਦੋਆਬਾ ਵਿਖੇ ਸਥਿਤ ਡੇਰਾ ਰਤਨਪੁਰੀ ਵਿਖੇ ਧੰਨ ਧੰਨ ਸੁਵਾਮੀ ਹਰਚਰਨ ਦਾਸ ਮਹਾਰਾਜ ਦੀ 13ਵੀ ਸਾਲਾਨਾ ਬਰਸੀ ਡੇਰੇ ਦੀ ਸੰਚਾਲਕਾ ਸੰਤ ਬੀਬੀ ਮੀਨਾ ਦੇਵੀ ਅਤੇ ਗੱਦੀ ਨਸ਼ੀਨ ਸੰਤ ਅਮਨਦੀਪ ਦੀ ਯੋਗ ਅਗਵਾਈ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮਨਾਈ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੰਤ ਬੀਬੀ ਮੀਨਾ ਦੇਵੀ ਅਤੇ ਸੰਤ ਅਮਨਦੀਪ ਨੇ ਦੱਸਿਆ ਕਿ ਇਸ ਮੌਕੇ ਸਭ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਜੀ ਦੇ ਪਾਠ ਦੇ ਭੋਗ ਪਾਏ ਗਏ , ਉਪਰੰਤ ਕੀਰਤਨੀ ਜੱਥਿਆਂ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਉਸ ਪਰਮਾਤਮਾ ਦੇ ਰੰਗ ਵਿਚ ਰੰਗਿਆ, ਜੋ ਇਸ ਬ੍ਰਹਿਮੰਡ ਦੇ ਕਣ ਕਣ ਵਿੱਚ ਮੌਜੂਦ ਹੈ। ਇਸ ਮੌਕੇ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾ ਸੁਸਾਇਟੀ ਪੰਜਾਬ, ਸੰਤ ਸਤਨਾਮ ਦਾਸ ਮਹਿਦੂਦ, ਸੰਤ ਰਤਨ ਪ੍ਰਕਾਸ਼, ਸੰਤ ਜਸਵਿੰਦਰ ਦਾਸ ਡਾਂਡੀਆਂ, ਸੰਤ ਨਿਰਮਲ ਦਾਸ,ਸੰਤ ਟਹਿਲ ਦਾਸ, ਸੰਤ ਰਮੇਸ ਦਾਸ ਸੇਰਪੁਰ, ਸੰਤ ਅਜਮੇਰ ਸਿੰਘ, ਸੰਤ ਦਲਜੀਤ ਸਿੰਘ, ਸੰਤ ਬਲਬੀਰ ਸਿੰਘ ਲੰਗੇਰੀ ਸਮੇਤ ਸੰਤ ਮਹਾਂਪੁਰਸ ਸਮਾਗਮ 'ਚ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸੰਤ ਬੀਬੀ ਮੀਨਾ ਦੇਵੀ ਨੇ ਸੰਗਤਾਂ ਨਾਲ ਪਰਵਚਨ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਮਹਾਂਪੁਰਸ਼ਾਂ ਦੀ ਯਾਦ 'ਚ ਕਰਵਾਏ ਜਾਂਦੇ ਇਸ ਤਰ੍ਹਾਂ ਦੇ ਧਾਰਮਿਕ ਸਮਾਗਮਾਂ ਤੋਂ ਪ੍ਰੇਰਨਾ ਲੈ ਕੇ ਸੇਵਾ ਸਿਮਰਨ ਤੇ ਪਰਉਪਕਾਰੀ ਜ਼ਿੰਦਗੀ ਜਿਉਣ ਦੀ ਜਾਂਚ ਸਿੱਖਣੀ ਚਾਹੀਦੀ ਹੈ। ਇਸ ਮੌਕੇ ਸੇਵਾਦਾਰ ਸੰਦੀਪ ਕੁਮਾਰ ਚੰਦੇਲੀ, ਸੇਵਾਦਾਰ ਰਾਜੇਸ ਚੰਦੇਲੀ, ਗੋਪਾਲ ਸਰਮਾ, ਅੰਜਲੀ ਸਰਮਾ, ਪਰਦੀਪ ਕੁਮਾਰ ਚੰਦੇਲੀ, ਸੇਵਾਦਾਰ ਗੁਰਮੇਲ, ਸੁੱਚਾ ਰਾਮ, ਰਾਮ ਆਸਰਾ, ਬੀਬੀ ਅਨੀਤਾ, ਬੀਬੀ ਪਾਲ, ਸੇਵਾਦਾਰ ਗੁਰਮੇਜ਼ ਕੌਰ ਆਦਿ ਹਾਜ਼ਰ ਸਨ।



# ਕਿੱਤਾ ਮੁਖੀ ਸਿਖਲਾਈ ਕੋਰਸ ਸ਼ੁਰੂ

**ਨਵਾਂਸ਼ਹਿਰ, (ਮਨੋਜ ਲਾਡੀ)** ਕ੍ਰਿਸ਼ੀ ਵਿਗਿਆਨ ਕੇਂਦਰ ਲੰਗੜੋਆ (ਸ਼ਹੀਦ ਭਗਤ ਸਿੰਘ ਨਗਰ) ਵਿਖੇ ਖੇਤੀ ਅਧਾਰਿਤ ਕਾਰਖਾਨੇ ਸਥਾਪਿਤ ਕਰਨ ਸੰਬੰਧੀ ਕਿੱਤਾ ਮੁਖੀ ਸਿਖਲਾਈ ਕੋਰਸ ਦਾ ਆਯੋਜਨ 4 ਅਗਸਤ ਤੱਕ ਕੀਤਾ ਜਾ ਰਿਹਾ ਹੈ। ਸਿਖਲਾਈ ਦੇ ਉਦਘਾਟਨ ਦੌਰਾਨ ਸਹਿਯੋਗੀ ਨਿਰਦੇਸ਼ਕ (ਸਿਖਲਾਈ) ਡਾ. ਮਨਿੰਦਰ ਸਿੰਘ ਬੌਂਸ ਨੇ ਸਿਖਿਆਰਥੀਆਂ ਨੂੰ ਖੇਤੀਬਾੜੀ ਉਤਪਾਦਾਂ ਦੇ ਮੁੱਲ-ਵਾਧੇ ਦੀ ਮਹੱਤਤਾ ਬਾਰੇ ਦੱਸਿਆ ਕਿ ਕਿਵੇਂ ਪ੍ਰੋਸੈਸਿੰਗ ਕਰਨ ਨਾਲ ਉਹਨਾਂ ਦੀ ਆਮਦਨ ਵਿੱਚ ਵਾਧਾ ਹੋ ਸਕਦਾ ਹੈ।

ਇਸ ਦੌਰਾਨ ਸਹਾਇਕ ਪ੍ਰੋਫੈਸਰ (ਪ੍ਰੋਸੈਸਿੰਗ ਅਤੇ ਭੋਜਨ ਇੰਜਨੀਅਰ) ਡਾ. ਕਿਰਨਦੀਪ ਨੇ ਸਿਖਲਾਈ ਦੌਰਾਨ ਖੇਤੀ ਅਧਾਰਿਤ ਕਾਰਖਾਨਿਆਂ ਦੇ ਕੰਮ-ਕਾਜ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ ਅਤੇ ਇਸ ਦੇ ਨਾਲ ਹੀ ਅਨਾਜ, ਦਾਲਾਂ, ਤੇਲ ਬੀਜਾਂ ਅਤੇ ਮਸਾਲਿਆਂ ਦੀ ਪ੍ਰੋਸੈਸਿੰਗ ਬਾਰੇ ਤਕਨੀਕੀ ਲੈਕਚਰ ਵੀ ਦਿੱਤੇ। ਇਸ ਕੋਰਸ ਦੌਰਾਨ 'ਫਾਰਮ ਪ੍ਰੋਡਿਊਸ ਪ੍ਰਮੋਸ਼ਨ ਸੋਸਾਇਟੀ'(ਫੈਪਰੋ) ਪਿੰਡ ਘੁਗਿਆਲ, ਹੁਸ਼ਿਆਰਪੁਰ, ਅਜੀਤ ਸਿੰਘ ਓਮ ਪ੍ਰਕਾਸ਼ ਪ੍ਰਾਈਵੇਟ ਲਿਮਿਟਿਡ (ਏ+ ਪਲੱਸ) ਪ੍ਰੋਸੈਸਿੰਗ ਅਤੇ ਪੈਕੇਜਿੰਗ ਪਲਾਂਟ, ਨਵਾਂਸ਼ਹਿਰ ਅਤੇ ਅਗਾਂਹਵਧੂ ਕਿਸਾਨ, ਪਰਮਜੀਤ ਸਿੰਘ ਖਾਲਸਾ ਦੇ ਫਾਰਮ ਵਿੱਚ ਸਿਖਿਆਰਥੀਆਂ ਦਾ ਦੌਰਾ ਵੀ ਕਰਵਾਇਆ ਗਿਆ।

# ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਸਕੂਲ ਨੇ ਮਨਾਇਆ ਤੀਜ ਦਾ ਤਿਉਹਾਰ

**ਟਾਂਡਾ ਉੜਮੁੜ ਅਗਸਤ (ਉਂਕਾਰ ਸਿੰਘ, ਜਸਵਿੰਦਰ ਸੰਧੂ )** ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਤਲਵੰਡੀ ਡੱਡੀਆਂ ਦੀਆਂ ਵਿਦਿਆਰਥਣ ਵੱਲੋਂ ਤਿਉਹਾਰ ਬੜੇ ਚਾਅ ਨਾਲ ਮਨਾਇਆ ਗਿਆ। ਇਸ ਮੌਕੇ ਜਿੱਥੇ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਪੰਜਾਬੀ ਲੋਕ ਨਾਚ, ਲੋਕ ਗੀਤ, ਸੱਭਿਆਚਾਰਕ ਗੀਤਾਂ ਰਸਮਾਂ, ਗਿੱਧਾ ਅਤੇ ਭੰਗੜਾ ਪੇਸ਼ ਕੀਤਾ ਗਿਆ ਉੱਥੇ ਅਲੋਪ ਹੋ ਰਹੇ ਪੰਜਾਬੀ ਵਿਰਸੇ ਨੂੰ ਉਜਾਗਰ ਕਰਨ ਲਈ ਇਕ ਵਿਸ਼ੇਸ਼ ਪਦਰਸ਼ਨੀ ਲਗਾ ਕੇ ਚਰਖਾ, ਘੜਵੰਜੀ, ਛੱਜ, ਗਾਗਰ , ਮਟਕਾ ਅਤੇ ਹੋਰ ਬਹੁਤ ਸਾਰੀਆਂ ਪੁਰਾਣੀਆਂ ਵਸਤੂਆਂ ਨੂੰ ਲੋਕਾਂ ਦੇ ਰੂਬਰੂ ਕਰਾਇਆ ਅਤੇ ਮੁਟਿਆਰਾਂ ਵੱਲੋਂ ਪੀਂਘਾ ਵੀ ਝੂਟੀਆਂ ਗਈਆ। ਇਸ ਸਮਾਹੋ ਵਿਚ ਵਿਸ਼ੇਸ਼ ਰੂਪ ਨਾਲ ਸ਼ਾਮਲ ਪ੍ਰਮੁੱਖ ਸਮਾਜਸੇਵੀ ਸੁਖਵਿੰਦਰ ਸਿੰਘ ਅਰੋੜਾ ਨੇ ਆਪਣੇ ਸੰਬੋਧਨ ਵਿਚ ਬੋਲਦੇ ਹੋਏ ਕਿਹਾ ਕਿ ਅੱਜ ਪੰਜਾਬੀ ਵਿਸ਼ਵ ਪੱਧਰ 'ਤੇ ਫੈਲ ਚੁੱਕੇ ਹਨ ਅਤੇ ਜਿੱਥੇ-ਜਿੱਥੇ ਵੀ ਉਹ ਗਏ ਹਨ ਉਹ ਆਪਣੇ ਸੱਭਿਆਚਾਰ ਨੂੰ ਨਾਲ ਲੈ ਕੇ ਗਏ ਹਨ। ਹੁਣ ਉਹਨਾਂ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਇਹ ਸੱਭਿਆਚਾਰ ਨੂੰ ਉੱਥੇ ਰਹਿ ਕੇ ਪ੍ਰਫੁੱਲਿਤ ਕਰਨ। ਸਕੂਲ ਪ੍ਰਿੰਸੀਪਲ ਸ਼ਾਰਧਾ ਦੱਤ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਉਹਨਾਂ ਪ੍ਰੋਗਰਾਮ ਵਿੱਚ ਸ਼ਾਮਲ ਮਾਪਿਆਂ ਮਹਿਮਾਨਾਂ ਅਤੇ ਵਿਦਿਆਰਥੀਆਂ ਨੂੰ ਪ੍ਰੋਗਰਾਮ ਦੀ ਸਫਲਤਾ ਦੀ ਵਧਾਈ ਦਿੱਤੀ। ਮੰਚ ਦਾ ਸੰਚਾਲਨ ਮੈਡਮ ਜਸਵਿੰਦਰ ਕੌਰ ਅਤੇ ਅੰਜੂ ਬਾਲਾ ਨੇ ਬਾਖੂਬੀ ਨਿਭਾਇਆ। ਇਸ ਮੌਕੇ ਹਾਜ਼ਰ ਮਹਿਮਾਨ ਵਿੱਚ ਸੁਖਵਿੰਦਰ ਸਿੰਘ ਅਰੋੜਾ, ਉਮੇਸ਼ਵਰ ਦੱਤ ਤੋਂ ਇਲਾਵਾ ਸਕੂਲ ਸਟਾਫ ਵਿੱਚ ਵਾਈਸ ਪ੍ਰਿੰਸੀਪਲ ਪਰਮਜੀਤ ਕੌਰ, ਜਸਵੀਰ ਕੌਰ, ਤਨਿਸਕਾ ਦੱਤ, ਮਨਪ੍ਰੀਤ ਕੌਰ, ਤਰਨਜੀਤ ਕੌਰ, ਦਮਨਜੀਤ ਕੌਰ, ਡਿੰਪਲ, ਕਮਲਜੀਤ ਕੌਰ ਅਤੇ ਹੋਰ ਹਾਜ਼ਰ ਸਨ।



11-AUG-PAGE-10.qxd 8/10/2023 11:03 PM Page 1



# ਕੁਲਰੀਆਂ ਦੇ ਆਬਾਦਕਾਰਾਂ ਦਾ ਜ਼ਮੀਨ 'ਤੇ ਕਬਜ਼ਾ ਬਰਕਰਾਰ

■ ਆਬਾਦਕਾਰਾਂ ਦੀਆਂ ਜ਼ਮੀਨਾਂ ਦੀ ਹਰ ਕੀਮਤ 'ਤੇ ਕਰਾਂਗੇ ਰਾਖੀ : ਮਨਜੀਤ ਧਨੇਰ



**ਬੁਢਲਾਡਾ/ਬਰੇਟਾ (ਪਮਾਰ)**

ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਦੀ ਅਗਵਾਈ ਹੇਠ ਕੁਲਰੀਆਂ ਦੀ ਪੁਲਸ ਚੌਕੀ ਸਾਹਮਣੇ ਕਿਸਾਨਾਂ ਨੇ ਜ਼ਬਰਦਸਤ ਧਰਨਾ ਪ੍ਰਦਰਸ਼ਨ ਕਰਨ ਉਪਰੰਤ ਕਿਸਾਨ ਮਰਦ ਤੇ ਔਰਤਾਂ ਨੇ ਪਿੰਡ ਕੁੱਲਰੀਆਂ ਵਿਖੇ ਜਾ ਕੇ ਆਬਾਦਕਾਰਾਂ ਦੀ ਜ਼ਮੀਨ ਦੀ ਵਾਹ ਵਹਾਈ ਕੀਤੀ। ਵਰਨਣਯੋਗ ਹੈ ਕਿ ਪਿੰਡ ਕੁੱਲਰੀਆਂ ਦੇ 40 ਤੋਂ ਵੱਧ ਆਬਾਦਕਾਰ ਪਰਵਾਰਾਂ ਦੀ ਲੱਗਭੱਗ 71 ਏਕੜ ਜ਼ਮੀਨ ਹੈ। ਬੱਚਤ ਵਾਲੀ ਇਸ ਜ਼ਮੀਨ 'ਤੇ ਕਿਸਾਨ ਕਈ ਦਹਾਕਿਆਂ ਤੋਂ ਕਾਸ਼ਤ ਕਰਦੇ ਆ ਰਹੇ ਹਨ। ਰਿਕਾਰਡ ਮਾਲ ਵਿੱਚ ਗਿਰਦਾਵਰੀ ਉਨ੍ਹਾਂ ਦੇ ਨਾਮ 'ਤੇ ਹੀ ਹੈ। ਕਿਸਾਨ ਜਥੇਬੰਦੀਆਂ ਨੇ ਪਿਛਲੇ ਸਮੇਂ ਸਾਬਕਾ ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨਾਲ ਵੀ ਜ਼ਮੀਨਾਂ ਦੇ ਮਸਲੇ 'ਤੇ ਗੱਲਬਾਤ ਕੀਤੀ ਸੀ। ਉਦੋਂ ਮੰਤਰੀ ਨੇ ਭਰੋਸਾ ਦਿਵਾਇਆ ਸੀ ਕਿ ਛੋਟੇ ਆਬਾਦਕਾਰ ਕਿਸਾਨਾਂ ਦੀ ਜ਼ਮੀਨ ਸਰਕਾਰ ਨਹੀਂ ਖੋਹੇਗੀ, ਪਰ ਪਿੰਡ ਕੁੱਲਰੀਆਂ ਦਾ ਆਮ ਆਦਮੀ ਪਾਰਟੀ ਦਾ ਸਰਪੰਚ, ਪੁਲਸ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਦੀ ਸ਼ਹਿ 'ਤੇ ਕਿਸਾਨਾਂ ਦੀ ਇਸ ਜ਼ਮੀਨ 'ਤੇ ਧੱਕੇ ਨਾਲ ਕਬਜ਼ਾ ਕਰਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ। ਪ੍ਰਸ਼ਾਸਨ ਨਾਲ ਜਥੇਬੰਦੀ ਦੀ ਕਈ ਵਾਰੀ ਗੱਲ ਹੋਈ ਹੈ। ਪ੍ਰਸ਼ਾਸਨ ਕਿਸਾਨਾਂ ਨੂੰ ਸ਼ਾਂਤੀ ਬਣਾਈ ਰੱਖਣ ਲਈ ਕਹਿੰਦਾ ਰਿਹਾ ਹੈ, ਦੂਜੇ ਪਾਸੇ ਸਰਪੰਚ ਧਿਰ ਨੂੰ ਕਬਜ਼ਾ ਕਰਵਾਉਣ ਲਈ ਸ਼ਹਿ ਦਿੰਦਾ ਰਿਹਾ ਹੈ।

ਪਿਛਲੇ ਦਿਨੀਂ ਪ੍ਰਸ਼ਾਸਨ ਨੇ ਕਿਸਾਨਾਂ ਖਿਲਾਫ ਹੀ ਪੁਲਸ ਕੇਸ ਦਰਜ ਕਰ ਦਿੱਤੇ। ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਕਿਸਾਨ ਪਿੰਡ ਕੁਲਰੀਆਂ 'ਚ ਇਕੱਠੇ ਹੋਏ ਤੇ ਪੁਲਸ ਚੌਕੀ ਅੱਗੇ ਕੇਸ ਰੱਦ ਕਰਵਾਉਣ ਦੀ ਮੰਗ ਲੈ ਕੇ ਧਰਨਾ ਲਾਇਆ। ਧਰਨੇ ਵਿੱਚ ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਕਿਸ਼ਨਗੜ੍ਹ, ਮੱਖਣ ਸਿੰਘ ਭੈਣੀ ਬਾਘਾ, ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ ਤੋਂ ਇਲਾਵਾ ਸੂਬੇ ਤੇ ਜ਼ਿਲ੍ਹਿਆਂ ਦੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ, ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ, ਸੂਬਾ ਮੀਤ ਪ੍ਰਧਾਨ ਹਰੀਸ਼ ਨੱਢਾ, ਪਰਮਿੰਦਰ ਸਿੰਘ ਡੀ ਪੀ, ਜਗਤਾਰ ਸਿੰਘ ਦੇਹੜਕਾ, ਕਰਮਜੀਤ ਛੰਨਾ ਆਦਿ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਬੁਲਾਰਿਆਂ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ ਗਿਆ ਹੈ, ਪਰ ਹੁਣ ਕਿਸਾਨ ਆਪਣੀਆਂ ਜ਼ਮੀਨਾਂ ਦੀ ਹਰ ਕੀਮਤ ਦੇ ਕੇ ਰਾਖੀ ਕਰਨਗੇ।

## ਵਾਟਰ ਸਪਲਾਈ ਤੇ ਸੀਵਰੇਜ ਵਰਕਰਾਂ ਦੀ ਕਾਰਜਕਾਰੀ ਇੰਜੀਨੀਅਰ ਨਾਲ ਮੀਟਿੰਗ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)**-ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਕੱਚੇ ਕਾਮਿਆਂ ਦੀਆਂ ਮੰਗਾਂ ਨੂੰ ਲੈ ਕੇ ਕਾਰਜਕਾਰੀ ਇੰਜੀਨੀਅਰ ਐਸ.ਐਸ.ਢਿੱਲੋਂ ਨਾਲ ਰਣਬੀਰ ਕਲੱਬ ਦਫ਼ਤਰ ਵਿਖੇ ਅਹਿਮ ਮੀਟਿੰਗ ਹੋਈ, ਜਿਸ ਵਿੱਚ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਇੰਪਲਾਈਜ਼ ਕੰਟਰੈਕਟ ਵਰਕਰਜ਼ ਤੇ ਲੇਬਰ ਯੂਨੀਅਨ ਦੇ ਸੂਬਾ ਪ੍ਰਧਾਨ ਸ਼ੇਰ ਸਿੰਘ ਖੰਨਾ ਨਾਲ ਵੱਖ-ਵੱਖ ਮੁੱਦਿਆਂ 'ਤੇ ਚਰਚਾ ਹੋਈ। ਇਸ ਮੌਕੇ ਜਥੇਬੰਦੀ ਵੱਲੋਂ ਵਰਕਰਾਂ ਦੀ ਮੁੱਖ ਮੰਗ, ਜੋ ਪਿਛਲੇ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਸੀ, ਜਿਸ ਵਿੱਚ ਆਊਟ ਸੋਰਸਿਸ ਕਾਮਿਆਂ ਨੂੰ ਪੂਰੀ ਉਜਰਤ ਨਹੀਂ ਮਿਲ ਰਹੀ ਸੀ ਅਤੇ ਤਿੰਨ-ਤਿੰਨ ਮਹੀਨੇ ਤਨਖਾਹ ਨਹੀ ਦਿੱਤੀ ਜਾਂਦੀ ਸੀ।

ਇਸ ਮੰਗ 'ਤੇ ਜਥੇਬੰਦੀ ਦੇ ਜ਼ੋਰ ਸਦਕਾ ਐਕਸੀਅਨ ਢਿੱਲੋਂ ਨੇ ਕੰਪਨੀ ਅਤੇ ਠੇਕੇਦਾਰਾਂ ਨੂੰ ਸਖਤ ਸ਼ਬਦਾਂ ਵਿੱਚ ਨਿਰਦੇਸ਼ ਜਾਰੀ ਕਰ ਦਿੱਤੇ ਹਨ ਕਿ ਇਸ ਮਹੀਨੇ ਤੋਂ ਵਰਕਰਾਂ ਨੂੰ ਕਿਰਤ ਕਾਨੂੰਨ ਅਨੁਸਾਰ ਪੂਰੀ ਤਨਖਾਹ ਅਤੇ ਹਰ ਹਾਲਤ ਵਿਚ 10 ਤਰੀਕ ਤੱਕ ਵਰਕਰਾਂ ਦੇ ਖਾਤਿਆਂ ਵਿੱਚ ਪੈ ਜਾਣੀ ਚਾਹੀਦੀ ਹੈ। ਉਨ੍ਹਾਂ ਕੰਪਨੀ ਅਤੇ ਠੇਕੇਦਾਰਾਂ ਨੂੰ ਸਖਤ ਸ਼ਬਦਾਂ ਵਿੱਚ ਕਿਹਾ ਜੇਕਰ ਇਨ੍ਹਾਂ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਉਕਤ ਏਜੰਸੀਆਂ ਤੇ ਵਿਭਾਗ ਵੱਲੋਂ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਸੇਵਕ ਸਿੰਘ ਲਹਿਰਾ, ਪ੍ਰਮੋਦ ਕੁਮਾਰ ਖਨੌਰੀ, ਸਤਨਾਮ ਸਿੰਘ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਟਰੇਡ ਯੂਨੀਅਨਾਂ ਤੇ ਕਿਸਾਨ ਵਰਕਰਾਂ ਵੱਲੋਂ ਕਾਨਫਰੰਸ




**ਸੰਗਰੂਰ (ਪ੍ਰਵੀਨ ਸਿੰਘ)**-ਕੇਂਦਰੀ ਟਰੇਡ ਯੂਨੀਅਨ ਦੇ ਸੱਦੇ 'ਤੇ ਏਟਕ, ਸੀਟੂ ਤੇ ਸੀ.ਟੀ.ਯੂ ਵੱਲੋਂ ਸੁਖਦੇਵ ਸ਼ਰਮਾ, ਦੇਵਰਾਜ ਵਰਮਾ ਤੇ ਇੰਦਰਪਾਲ ਸਿੰਘ ਦੇ ਅਧਾਰਤ ਮੰਡਲ ਦੀ ਪ੍ਰਧਾਨਗੀ 'ਚ ਸੁਤੰਤਰ ਭਵਨ ਸੰਗਰੂਰ ਵਿਖੇ ਟਰੇਡ ਯੂਨੀਅਨਾਂ ਤੇ ਕਿਸਾਨ ਵਰਕਰਾਂ ਵੱਲੋਂ ਵੱਡੀ ਵਿਸ਼ਾਲ ਕਾਨਫਰੰਸ ਕੀਤੀ ਗਈ। ਉਪਰੋਕਤ ਆਗੂਆਂ ਤੇ ਕਿਸਾਨ ਆਗੂਆਂ ਨੇ ਕਿਹਾ ਕਿ ਦੇਸ਼ ਅੰਦਰ ਫਾਸ਼ਿਜ਼ਮ ਤੇ ਫਿਰਕਾਪ੍ਰਸਤੀ ਸਿਰ ਚੜ੍ਹ ਕੇ ਬੋਲ ਰਹੀ ਹੈ। ਮਨੀਪੁਰ 'ਚ ਔਰਤਾਂ ਨੂੰ ਨਿਰਵਸਤਰ ਕਰਨਾ, ਨੂਹ ਤੇ ਮੇਵਾਤ ਅੰਦਰ ਕੀਤੀ ਜਾ ਰਹੀ ਗੁੰਡਾਗਰਦੀ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਮੰਗ ਕੀਤੀ ਕਿ ਇਸ ਦੀ ਇਨਕੁਆਰੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਕਰਵਾਈ ਜਾਵੇ ਤੇ 44 ਕਿਰਤ ਕਾਨੂੰਨ ਤੋੜ ਕੇ ਬਣਾਏ 4 ਲੇਬਰ ਕੋਡ ਤੁਰੰਤ ਰੱਦ ਕੀਤੇ ਜਾਣ ਤੇ ਪੁਰਾਣੇ ਕਿਰਤ ਕਾਨੂੰਨ ਸਖਤੀ ਨਾਲ ਲਾਗੂ ਕੀਤੇ ਜਾਣ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਮਹਿੰਗਾਈ ਨੂੰ ਨੱਥ ਪਾਈ ਜਾਵੇ। ਉਪਰੋਕਤ ਤੋਂ ਬਿਨਾਂ ਉਘੇ ਕਿਸਾਨ ਆਗੂ ਸਾਥੀ ਮੇਜਰ ਸਿੰਘ ਪੁੰਨਾਵਾਲ ਕੁੱਲ ਹਿੰਦ ਕਿਸਾਨ ਸਭਾ, ਸਾਥੀ ਸਤਵੰਤ ਸਿੰਘ ਆਗੂ ਕੁੱਲ ਹਿੰਦ ਕਿਸਾਨ ਸਭਾ, ਅਜੈ ਭਵਨ, ਲੀਲਾ ਖਾਨ, ਕਿਸਾਨ ਆਗੂ ਜਰਨੈਲ ਸਿੰਘ ਜਨਾਲ, ਭੂਰਾ ਸਿੰਘ ਦੁੱਗਾ, ਐਡਵੋਕੇਟ ਮੀਤ ਸਿੰਘ, ਕੁਲਜੀਪ ਜੋਸ਼ੀ, ਨਵਜੀਤ ਸਿੰਘ ਨੌਜਵਾਨ ਆਗੂ ਮੇਲਾ ਸਿੰਘ, ਹਰਵਿੰਦਰ ਸਿੰਘ, ਕ੍ਰਿਸ਼ਨ ਭੜੋ, ਕਰਮਜੀਤ ਸਿੰਘ, ਜਸਮੇਲ ਕੌਰ, ਮੱਖਣ ਨੇ ਸੰਬੋਧਨ ਕੀਤਾ। ਅੰਤ 'ਚ ਸਰਬਜੀਤ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸਟੇਜ ਦਾ ਸੰਚਾਲਨ ਸਾਥੀ ਮਹੁੰਮਦ ਖਲੀਲ ਨੇ ਕੀਤਾ।

## ਮਨੀਪੁਰ ਹਿੰਸਾ ਦੇ ਵਿਰੋਧ 'ਚ ਦੋਰਾਹਾ ਵਿਖੇ ਰੋਸ ਪ੍ਰਦਰਸ਼ਨ

**ਦੋਰਾਹਾ (ਹਰਮਿੰਦਰ ਸੇਠ)**-ਮਨੀਪੁਰ ਅੱਤਿਆਚਾਰ ਵਿਰੋਧੀ ਐਕਸ਼ਨ ਕਮੇਟੀ ਪੰਜਾਬ ਬੰਦ ਦੇ ਸੱਦੇ 'ਤੇ ਦੋਰਾਹਾ ਵਿਖੇ ਪਾਦਰੀ ਫਿਲਿਪ ਮਸੀਹ ਦੀ ਅਗਵਾਈ ਹੇਠ ਵੱਖ ਵੱਖ ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਵੱਲੋਂ ਬੇਅੰਤ ਸਿੰਘ ਚੌਕ ਦੋਰਾਹਾ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚ ਇਸਾਈ ਭਾਈਚਾਰੇ ਦੇ ਪਾਦਰੀ ਫਿਲਿਪ ਮਸੀਹ, ਮੁਸਲਿਮ ਭਾਈਚਾਰੇ ਦੇ ਇਮਾਮ ਸਾਹਿਦ ਕਾਸਮੀ ਤੇ ਪਾਇਲ ਹਲਕੇ ਦੇ ਉੱਘੇ ਸਮਾਜ ਸੇਵੀ ਗੁਰਦੀਪ ਸਿੰਘ ਕਾਲੀ ਮੁੱਖ ਬੁਲਾਰੇ ਸਨ, ਜਿਨ੍ਹਾਂ ਨੇ ਮਨੀਪੁਰ ਸੂਬੇ ਵਿੱਚ ਹੋਈ ਹਿੰਸਾ ਤੇ ਔਰਤਾਂ ਦੇ ਹੋਏ ਸਰੀਰਕ ਸ਼ੋਸ਼ਣ ਅਤੇ ਤਸ਼ੱਦਦ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਸਮੂਹ ਭਾਈਚਾਰੇ ਵੱਲੋਂ ਭਾਰਤ ਦੇ ਰਾਸ਼ਟਰਪਤੀ ਦੇ ਨਾਮ ਇੱਕ ਮੰਗ ਪੱਤਰ ਈ ਓ ਹਰਨਰਿੰਦਰ ਸਿੰਘ ਸ਼ੇਰਗਿੱਲ ਨੂੰ ਸੌਂਪਿਆ ਗਿਆ, ਜਿਸ ਵਿੱਚ ਰਾਸ਼ਟਰਪਤੀ ਤੋਂ ਮੰਗ ਕਰਦਿਆਂ ਕਿਹਾ ਗਿਆ ਕਿ ਮਨੀਪੁਰ ਦੀ ਮੌਜੂਦਾ ਸਰਕਾਰ ਬਰਖਾਸਤ ਕੀਤੀ ਜਾਵੇ ਤੇ ਦੇਸ਼ ਦੇ ਪ੍ਰਧਾਨ ਮੰਤਰੀ ਅਸਤੀਫਾ ਦੇਣ, ਮਨੀਪੁਰ ਅਤੇ ਦੇਸ਼ ਦੇ ਕੋਨੇ ਕੋਨੇ ਵਿੱਚ ਘੱਟ ਗਿਣਤੀਆਂ 'ਤੇ ਹੋ ਰਹੇ ਅੱਤਿਆਚਾਰਾਂ ਦੇ ਜ਼ਿੰਮੇਵਾਰ ਆਰ.ਐੱਸ.ਐੱਸ., ਬਜਰੰਗ ਦਲ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਉੱਤੇ ਪੂਰਨ ਪਾਬੰਦੀ ਦੀ ਮੰਗ ਕੀਤੀ, ਜਿਸ ਨਾਲ ਪੂਰੇ ਭਾਰਤ ਵਿੱਚ ਸ਼ਾਂਤੀ ਤੇ ਆਪਸੀ ਭਾਈਚਾਰਕ ਸਾਂਝ ਬਣੀ ਰਹੇ। ਇਸ ਰੋਸ ਪ੍ਰਦਰਸ਼ਨ 'ਚ ਸ਼ਾਮਲ ਹੋਏ ਮੁੱਖ ਆਗੂ ਪਾਸਟਰ ਫਿਲਿੱਪ, ਪਾਸਟਰ ਗੁਰਪ੍ਰੀਤ, ਪਾਸਟਰ ਸੁਨੀਲ, ਪਾਸਟਰ ਬਲਬੀਰ, ਪਾਸਟਰ ਹਰਮਿੰਦਰ ਸਿੰਘ, ਪਾਸਟਰ ਵਿਨੋਦ, ਪਾਸਟਰ ਚੰਦਰਵੀਰ, ਪਾਸਟਰ ਪਿਆਰਾ, ਪਾਸਟਰ ਜਗਮੀਤ, ਪਾਸਟਰ ਰਮਨ, ਗੁਰਦੀਪ ਸਿੰਘ ਕਾਲੀ (ਪਾਇਲ), ਇਮਾਮ ਸਹਿਦ ਕਾਸਮੀ (ਪਾਇਲ), ਹਰਦੀਪ ਸਿੰਘ ਚੀਮਾ, ਗੁਰਪ੍ਰੀਤ ਸਿੰਘ ਗੋਗੀ (ਦੋਰਾਹਾ ਪਿੰਡ), ਬੰਟੀ ਪਾਇਲ, ਅੰਮ੍ਰਿਤਪਾਲ ਭਾਰਤੀ, ਐਡਵੋਕੇਟ ਸਤਨਾਮ ਸਿੰਘ ਹਾਜ਼ਰ ਸਨ।

## ਕਾਤਰਾਂ

### 'ਤੀਆਂ ਲੋਕਤੰਤਰ ਦੀਆਂ' ਗਿੱਧਾ ਮੁਕਾਬਲੇ ਲਈ ਐਂਟਰੀਆਂ 20 ਤੱਕ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਪਰਨੀਤ ਸ਼ੇਰਗਿੱਲ ਨੇ ਦੱਸਿਆ ਕਿ ਮੁੱਖ ਚੋਣ ਅਫਸਰ ਪੰਜਾਬ ਵੱਲੋਂ ਲੋਕਤੰਤਰ ਦੇ ਤਿਉਹਾਰਾਂ ਨੂੰ ਮੁੱਖ ਰੱਖਦੇ ਹੋਏ ਤੀਆਂ ਲੋਕਤੰਤਰ ਦੀਆਂ ਨਾਂਅ ਹੇਠ ਗਿੱਧਾ ਮੁਕਾਬਲੇ ਕਰਵਾਏ ਜਾਣਗੇ, ਜਿਸ ਦੇ ਜੇਤੂਆਂ ਨੂੰ ਸ਼ਾਨਦਾਰ ਇਨਾਮ ਦੇ ਕੇ ਸਨਮਾਨਤ ਕੀਤਾ ਜਾਵੇਗਾ। ਉਨ੍ਹਾ ਦੱਸਿਆ ਕਿ ਗਿੱਧਾ ਮੁਕਾਬਲੇ 'ਚ ਭਾਗ ਲੈਣ ਦੀਆਂ ਚਾਹਵਾਨ ਪੰਜਾਬਣਾਂ ਗਿੱਧੇ ਦੇ ਲਿਬਾਸ ਤੇ ਗਹਿਣਿਆਂ ਸਮੇਤ ਬੋਲੀਆਂ ਪਾਉਂਦਿਆਂ ਹੋਇਆਂ ਆਪਣਾ 1 ਤੋਂ 2 ਮਿੰਟ ਦਾ ਵੀਡੀਓ ਬਣਾ ਕੇ ਭੇਜ ਸਕਦੀਆਂ ਹਨ। ਉਨ੍ਹਾ ਦੱਸਿਆ ਕਿ ਐਂਟਰੀਆਂ 20 ਅਗਸਤ ਤੱਕ ਭੇਜੀਆਂ ਜਾ ਸਕਦੀਆਂ ਹਨ। ਉਨ੍ਹਾ ਜ਼ਿਲ੍ਹੇ ਦੀਆਂ ਲੜਕੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਗਿੱਧੇ ਦੇ ਮੁਕਾਬਲੇ 'ਚ ਵੱਧ ਚੜ੍ਹ ਕੇ ਹਿੱਸਾ ਲੈਣ।

### ਔਰਤਾਂ ਨੂੰ ਅਧਿਕਾਰਾਂ ਪ੍ਰਤੀ ਜਾਗਰੂਕ ਕਰ ਰਿਹੈ ਵਨ ਸਟਾਪ ਸਖੀ ਸੈਂਟਰ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਡਿਪਟੀ ਕਮਿਸ਼ਨਰ ਡਾ. ਸੇਨੂੰ ਦੁਗਲ ਦੇ ਦਿਸ਼ਾ ਨਿਰਦੇਸ਼ਾਂ 'ਤੇ ਔਰਤਾਂ ਦੇ ਅਧਿਕਾਰਾਂ ਪ੍ਰਤੀ ਚਲਾਈ ਗਈ ਜਾਗਰੂਕਤਾ ਮੁਹਿੰਮ ਬਾਰੇ ਦੱਸਦੇ ਹੋਏ ਜ਼ਿਲ੍ਹਾ ਪ੍ਰੋਗਰਾਮ ਅਫਸਰ ਫਾਜ਼ਿਲਕਾ ਨਵਦੀਪ ਕੌਰ ਨੇ ਕਿਹਾ ਕਿ ਸਖੀ ਸੈਂਟਰ ਫਾਜ਼ਿਲਕਾ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਅਦਾਰਿਆਂ, ਪਿੰਡਾਂ, ਸ਼ਹਿਰਾਂ, ਸਕੂਲਾਂ, ਕਾਲਜਾਂ ਆਦਿ ਵਿੱਚ ਜਾ ਕੇ ਔਰਤਾਂ ਨੂੰ ਉਨ੍ਹਾਂ ਨਾਲ ਹੋਣ ਵਾਲੀ ਕਿਸੇ ਵੀ ਤਰ੍ਹਾਂ ਦੀ ਹਿੰਸਾ ਅਤੇ ਉਨ੍ਹਾਂ ਦੇ ਅਧਿਕਾਰਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਸਖੀ ਵਨ ਸੈਂਟਰ ਫਾਜ਼ਿਲਕਾ ਦੇ ਸੈਂਟਰ ਐਡਮਿਨਸਟਰੇਟਰ ਗੌਰੀ ਸਚਦੇਵਾ ਨੇ ਦੱਸਿਆ ਕਿ ਮਹੀਨਾ ਜੁਲਾਈ ਦੌਰਾਨ ਸਖੀ ਸੈਂਟਰ ਦੇ ਸਟਾਫ ਜੋਤੀ ਵਰਮਾ ਪੈਰਾ ਲੀਗਲ ਵੱਲੋਂ ਅਬੋਹਰ ਨਾਲ ਲੱਗਦੇ ਵੱਖ-ਵੱਖ ਸਕੂਲਾਂ, ਕਾਲਜਾਂ ਸ.ਸ.ਸ. ਸਕੂਲ ਡੰਗਰ ਖੇੜਾ, ਲਾਲਾ ਰੌਸ਼ਨ ਲਾਲ ਜੈਨ ਸਰਵਹਿੱਤਕਾਰੀ ਸਕੂਲ ਅਬੋਹਰ, ਮਾਡਰਨ ਮਾਲਵਾ ਕਾਲਜੀਏਟ ਸ.ਸ.ਸਕੂਲ ਬੁਰਜ ਮੁਹਾਰ, ਸ.ਸ.ਸ. ਸਕੂਲ ਖੂਈਆਂ ਸਰਵਰ ਅਤੇ ਸਰਕਲ ਮੀਟਿੰਗ ਖੂਈਆਂ ਸਰਵਰ, ਬਲੂਆਣਾ ਆਦਿ ਵਿੱਚ ਜਾ ਕੇ ਵਿਦਿਆਰਥੀਆਂ ਅਤੇ ਔਰਤਾਂ ਨੂੰ ਸਖੀ ਸੈਂਟਰ ਦੀ ਸਕੀਮ ਬਾਰੇ ਜਾਗਰੂਕ ਕੀਤਾ ਗਿਆ।

### ਤੀਆਂ ਤੀਜ ਦੀਆਂ ਦਾ ਤਿਉਹਾਰ ਮਨਾਇਆ

**ਧੂਰੀ (ਸੁਖਦੇਵ ਧੂਰੀ)**-ਤੀਆਂ ਤੀਜ ਦੀਆਂ ਦਾ ਤਿਉਹਾਰ ਬਾਗੜੀਆਂ ਰੋਡ ਵਾਰਡ ਨੰਬਰ 1 ਵਿੱਚ ਮੁਹੱਲਾ ਨਿਵਾਸੀਆਂ ਦੀਆਂ ਮਹਿਲਾਵਾਂ ਦੇ ਸਹਿਯੋਗ ਨਾਲ ਬੀਬੀ ਜਸਵਿੰਦਰ ਕੌਰ ਖਾਲਸਾ ਦੀ ਅਗਵਾਈ ਹੇਠ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਬੀਬੀ ਜਸਵਿੰਦਰ ਕੌਰ ਖਾਲਸਾ ਪ੍ਰਧਾਨ ਸ਼੍ਰੋਮਣੀ ਇਸਤਰੀ ਅਕਾਲੀ ਦਲ (ਬਾਦਲ) ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਤੀਆਂ ਤੀਜ ਦੇ ਤਿਉਹਾਰ ਦਾ ਉਦਘਾਟਨ ਬੀਬੀ ਜਸਵਿੰਦਰ ਕੌਰ ਖਾਲਸਾ ਨੇ ਰੀਬਨ ਕੱਟ ਕੇ ਕੀਤਾ ਅਤੇ ਗਿੱਧਾ, ਬੋਲੀਆਂ ਪਾ ਕੇ ਪੁਰਾਣੇ ਵਿਰਸੇ ਦੀ ਯਾਦ ਕਰਵਾ ਦਿੱਤੀ। ਇਸ ਮੌਕੇ ਬੀਬੀ ਖਾਲਸਾ ਨੇ ਕਿਹਾ ਕਿ ਇਹ ਤੀਜ ਦੀਆਂ ਤੀਆਂ ਦਾ ਤਿਉਹਾਰ ਹਰ ਸਾਲ ਵਾਰਡ ਨੰਬਰ 1 ਵਿੱਚ ਮਨਾਇਆ ਜਾਵੇਗਾ। ਉਨ੍ਹਾ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਇਸ ਵਾਰਡ 'ਚ ਇੱਕ ਪਾਰਕ ਬਣਾਇਆ ਜਾਵੇ ਤਾਂ ਕਿ ਮੁਹੱਲੇ ਦਾ ਸਾਂਝਾ ਕੋਈ ਵੀ ਪ੍ਰੋਗਰਾਮ ਕੀਤਾ ਜਾ ਸਕੇ । ਇਸ ਮੌਕੇ ਮਨਜੀਤ ਸਿੰਘ ਬਖਸ਼ੀ ਰਿਟਾਇਰਡ ਡੀ ਪੀ ਆਰ ਓ ਅਤੇ ਸ਼ਹਿਰ ਦੀਆਂ ਕਈ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।

### ਵਿਦਿਆਰਥੀਆਂ ਦਾ ਵਜ਼ੀਫ਼ਾ ਪ੍ਰੀਖਿਆ 'ਚ ਸ਼ਾਨਦਾਰ ਪ੍ਰਦਰਸ਼ਨ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਕਾਰੀ ਹਾਈ ਸਕੂਲ ਦੇ ਵਿਦਿਆਰਥੀਆਂ ਨੇ ਨੈਸ਼ਨਲ ਮੀਨਜ ਕੰਮ ਮੈਰਿਟ ਸਕਾਲਰਸ਼ਿਪ ਤੇ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਐੱਨਐੱਮਐੱਸ ਪ੍ਰੀਖਿਆ ਵਿੱਚ ਸਕੂਲ ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ ਜ਼ਿਲ੍ਹੇ ਪੱਧਰ ਉੱਤੇ ਦੂਸਰਾ ਸਥਾਨ ਹਾਸਲ ਕੀਤਾ। ਜਸ਼ਨਦੀਪ ਸਿੰਘ ਨੇ ਮੈਰਿਟ ਵਿੱਚ ਆਪਣਾ ਸਥਾਨ ਬਣਾਇਆ, ਪੀਐੱਸਟੀ ਐੱਸਈ ਦੇ ਵਜ਼ੀਫ਼ਾ ਪ੍ਰੀਖਿਆ ਵਿੱਚ ਵੀ ਸਕੂਲ ਦੀਆਂ ਦੋ ਵਿਦਿਆਰਥਣਾਂ ਪ੍ਰਵੀਨ ਕੌਰ ਅਤੇ ਸੁਮਨ ਕੌਰ ਆਪਣਾ ਸਥਾਨ ਬਣਾਉਣ ਵਿੱਚ ਕਾਮਯਾਬ ਰਹੀਆਂ। ਵਜ਼ੀਫ਼ਾ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀ ਹੁਣ 48 ਹਜ਼ਾਰ ਰੁਪਏ ਦੀ ਵਜ਼ੀਫ਼ਾ ਰਾਸ਼ੀ ਪ੍ਰਾਪਤ ਕਰਨ ਦੇ ਲਈ ਕਾਮਯਾਬ ਹੋ ਗਏ ਹਨ।ਸਟੇਟ ਐਵਾਰਡੀ ਮੁੱਖ ਅਧਿਆਪਕਾ ਸੋਨੀਆ ਸਿੱਧੂ ਨੇ ਇਸ ਸਫ਼ਲਤਾ ਦਾ ਸਿਹਰਾ ਸਮੂਹ ਸਟਾਫ਼ ਨੂੰ ਦਿੱਤਾ। ਦੱਸਣਯੋਗ ਹੈ ਕਿ ਸਟਾਫ਼ ਦੇ ਨਾਲ ਨਾਲ ਸੋਨੀਆਂ ਦੁਆਰਾ ਇਨ੍ਹਾਂ ਵਜ਼ੀਫ਼ਾ ਪ੍ਰੀਖਿਆ ਦੀ ਆਪ ਤਿਆਰੀ ਕਰਾਈ ਗਈ।ਇਸ ਸ਼ਾਨਦਾਰ ਨਤੀਜੇ ਲਈ ਜ਼ਿਲ੍ਹਾ ਸਿੱਖਿਆ ਅਫਸਰ ਸਰਦਾਰ ਚਮਕੌਰ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫਸਰ ਪ੍ਰਗਟ ਬਰਾੜ, ਬਲਾਕ ਨੋਡਲ ਅਫਸਰ ਸਤਿੰਦਰ ਸਿੰਘ ਵਧਾਈ ਦਿੱਤੀ ਗਈ।

## ਐੱਕਸਪ੍ਰੈੱਸ ਵੇਅ ਦਾ ਜਾਇਜ਼ਾ ਲੈਣ ਆਈ ਕੇਂਦਰੀ ਟੀਮ ਵਾਪਸ ਪਰਤਣ 'ਤੇ ਕਿਸਾਨ ਨਿਰਾਸ਼

■ ਕਿਸਾਨ ਐੱਕਸਪ੍ਰੈੱਸ ਵੇਅ ਨੂੰ ਪਿੱਲਰਾਂ 'ਤੇ ਬਣਾਉਣ ਦੀ ਮੰਗ 'ਤੇ ਅੜੇ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਕੇਂਦਰ ਸਰਕਾਰ ਵੱਲੋਂ ਭਾਰਤ ਮਾਲਾ ਪਰਿਯੋਜਨਾ ਤਹਿਤ ਬਣਾਏ ਜਾ ਰਹੇ ਦਿੱਲੀ-ਜੰਮੂ-ਕੱਟੜਾ ਐਕਸਪ੍ਰੈੱਸ ਵੇਅ ਨੂੰ ਘੱਗਰ ਦਰਿਆ ਦੇ ਹੜ੍ਹ ਤੋਂ ਪ੍ਰਭਾਵਿਤ ਇਲਾਕਿਆਂ ਵਿੱਚ ਪਿੱਲਰਾਂ ਉੱਤੇ ਬਣਾਏ ਜਾਣ ਦੀ ਮੰਗ ਨੂੰ ਲੈ ਕੇ ਇਲਾਕੇ ਦੇ ਦਰਜਨ ਦੇ ਕਰੀਬ ਪਿੰਡਾਂ ਦੇ ਕਿਸਾਨਾਂ ਵੱਲੋਂ ਪੱਕਾ ਮੋਰਚਾ ਲਗਾ ਕੇ ਸੜਕ ਦਾ ਕੰਮ ਰੋਕੇ ਜਾਣ ਮਗਰੋਂ ਕਿਸਾਨਾਂ ਦਾ ਪੱਖ ਸੁਣਨ ਅਤੇ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਨੈਸ਼ਨਲ ਹਾਈਵੇ ਅਥਾਰਟੀ ਦੀ ਟੀਮ ਪੁੱਜੀ। ਇਸ ਦੌਰਾਨ ਟੀਮ ਵਿੱਚ ਸ਼ਾਮਲ ਮੈਂਬਰਾਂ ਨੇ ਪੱਕੇ ਮੋਰਚੇ ਵਾਲੀ ਥਾਂ ਉੱਤੇ ਪਿੰਡ ਸ਼ੁਤਰਾਣਾ ਵਿਖੇ ਪਹੁੰਚਣਾ ਸੀ, ਪਰ ਪਿੰਡ ਤੇਈਪੁਰ ਵਿਖੇ ਕਿਸਾਨਾਂ ਦਾ ਪੱਖ ਸੁਣਨ ਉਪਰੰਤ ਵਾਪਸ ਪਰਤ ਗਈ। ਇਸ ਗੱਲ ਦਾ ਪਤਾ ਲੱਗਦਿਆਂ ਹੀ ਪੱਕੇ ਮੋਰਚੇ ਉੱਤੇ ਬੈਠੇ ਕਿਸਾਨਾਂ 'ਚ ਭਾਰੀ ਰੋਸ ਫੈਲ ਗਿਆ। ਇਸ ਦੌਰਾਨ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹਰਮੇਸ਼ ਗੋਇਲ ਤੇ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ ਦੀ ਅਗਵਾਈ ਵਿੱਚ ਭਾਜਪਾ ਦੇ ਕਈ ਆਗੂਆਂ ਧਰਨੇ ਵਾਲੀ ਥਾਂ ਉੱਤੇ ਪਹੁੰਚ ਕੇ ਕਿਸਾਨਾਂ ਨਾਲ ਗੱਲਬਾਤ ਕਰਨੀ ਚਾਹੀ ਤਾਂ ਮੌਕੇ 'ਤੇ ਹਾਜ਼ਰ ਕਿਸਾਨਾਂ ਨੇ ਉਨ੍ਹਾਂ ਨੂੰ ਖਰੀਆਂ ਖਰੀਆਂ ਸੁਣਾਈਆਂ। ਉਪਰੰਤ ਭਾਜਪਾ ਆਗੂਆਂ ਵੱਲੋਂ ਮਾਮਲਾ ਲੋਕ ਸਭਾ ਮੈਂਬਰ ਪ੍ਰਨੀਤ ਕੌਰ ਦੇ ਧਿਆਨ ਵਿੱਚ ਲਿਆ ਕੇ ਜਲਦੀ ਮੁੜ ਤੋਂ ਦਿੱਤੇ ਗਏ ਭਰੋਸੇ ਉਪਰੰਤ ਲੋਕ ਸ਼ਾਂਤ ਹੋਏ। ਰੋਡ ਕਿਸਾਨ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਨਿਰੰਕਾਰ ਸਿੰਘ ਸੰਧੂ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਇਕਾਈ ਪ੍ਰਧਾਨ ਹਰਪਾਲ ਸਿੰਘ, ਸਤਨਾਮ ਸਿੰਘ ਸ਼ੁਤਰਾਣਾ, ਸਾਬਕਾ ਸਰਪੰਚ ਵਧਾਵਾ ਸਿੰਘ, ਰਣਜੀਤ ਸਿੰਘ ਬਰਾਸ, ਲਖਵਿੰਦਰ ਸਿੰਘ ਤੇ ਸੁਰਜੀਤ ਸਿੰਘ ਤੰਬੂ ਵਾਲਾ ਆਦਿ ਨੇ ਦੱਸਿਆ ਕਿ ਘੱਗਰ ਦਰਿਆ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਐਕਸਪ੍ਰੈੱਸ ਵੇਅ ਨੂੰ ਪਿੱਲਰਾਂ ਉੱਤੇ ਬਣਾਏ ਜਾਣ ਦੀ ਮੰਗ ਨੂੰ ਲੈ ਕੇ ਪਿਛਲੇ ਕਰੀਬ 25 ਸਾਲਾਂ ਤੋਂ ਇਲਾਕੇ ਦੇ ਕਿਸਾਨ ਸੰਘਰਸ਼ ਕਰਦੇ ਆ ਰਹੇ ਹਨ, ਪਰ ਪ੍ਰਸ਼ਾਸਨ ਤੇ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਨੇ ਉਨ੍ਹਾਂ ਦੀ ਇੱਕ ਨਹੀਂ ਸੁਣੀ। ਇਸ ਵਾਰ ਆਏ ਭਿਆਨਕ ਹੜ੍ਹ ਨੇ ਸੜਕ ਦੀ ਬਣਾਈ ਗਈ ਡਰਾਇੰਗ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਸੜਕ ਨੂੰ ਜ਼ਮੀਨ ਤੋਂ ਕਾਫੀ ਉੱਚਾ ਬਣਾਏ ਜਾਣ ਕਰਕੇ ਇਲਾਕੇ ਦੇ ਕਰੀਬ ਦਰਜਨ ਤੋਂ ਵੱਧ ਪਿੰਡਾਂ ਲਈ ਇਹ ਮਾਰੂ ਸਾਬਿਤ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੇ ਘੱਗਰ ਦੇ ਦੋਵੇਂ ਪਾਸੇ ਐਕਸਪ੍ਰੈੱਸ ਵੇਅ ਨੂੰ ਪਿੱਲਰਾਂ 'ਤੇ ਬਣਾਏ ਜਾਣ ਨੂੰ ਲੈ ਕੇ ਪੱਕਾ ਮੋਰਚਾ ਲਗਾਇਆ ਹੋਇਆ ਹੈ, ਜਿਸ ਦੇ ਚਲਦਿਆਂ ਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਡਰਾਇੰਗ ਉੱਤੇ ਮੁੜ ਵਿਚਾਰ ਕਰਨ ਦੇ ਮਕਸਦ ਨਾਲ ਉੱਚ ਪੱਧਰੀ ਟੀਮ ਭੇਜੀ ਗਈ ਸੀ, ਪਰ ਟੀਮ ਵੱਲੋਂ ਮੌਕੇ ਉੱਤੇ ਆ ਕੇ ਕਿਸਾਨਾਂ ਨਾਲ ਕੋਈ ਗੱਲਬਾਤ ਨਹੀਂ ਕੀਤੀ ਗਈ, ਜਿਸ ਕਰਕੇ ਕਿਸਾਨ ਨਿਰਾਸ਼ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਭਾਜਪਾ ਆਗੂ ਡਾਕਟਰ ਜੀਵਨ ਦੱਤ ਸ਼ੈਲੀ, ਕਿਸਾਨ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਬਗੀਚਾ ਸਿੰਘ ਦੁਤਾਲ, ਕਰਨ ਪਾਤੜਾਂ ਤੇ ਗਿਆਨ ਸਿੰਘ ਧਾਲੀਵਾਲ ਆਦਿ ਹਾਜ਼ਰ ਸਨ।

## ਆਟਾ-ਦਾਲ ਸਕੀਮ ਦੇ ਕੱਟੇ ਕਾਰਡ ਮੁੜ ਜਾਂਚ ਕਰਵਾ ਕੇ ਬਣਾਉਣ ਦਾ ਫੈਸਲਾ : ਉਗੋਕੇ



**ਤਪਾ ਮੰਡੀ (ਅਰੁਣ ਗੋਇਲ)**

ਹਲਕਾ ਭਦੌੜ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਲਾਭ ਸਿੰਘ ਉੱਗੋਕੇ ਵੱਲੋਂ ਟਰੱਕ ਯੂਨੀਅਨ ਤਪਾ ਦੇ ਪ੍ਰਧਾਨ ਨਰਾਇਣ ਸਿੰਘ ਪੰਧੇਰ ਦੇ ਨਿਵਾਸ ਸਥਾਨ 'ਤੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇੱਕ ਪੱਤਰ ਲਿਖਿਆ ਗਿਆ ਸੀ, ਜਿਸ ਵਿੱਚ ਉਨ੍ਹਾਂ ਵੱਲੋਂ ਮੰਗ ਕਰਦਿਆਂ ਕਿਹਾ ਗਿਆ ਸੀ ਕਿ ਪੰਜਾਬ ਸਰਕਾਰ ਵੱਲੋਂ ਆਟਾ-ਦਾਲ ਸਕੀਮ ਦੇ ਜ਼ਿਆਦਾਤਰ ਗ਼ਰੀਬ ਤੇ ਲੋੜਵੰਦ ਪਰਵਾਰਾਂ ਦੇ ਰਾਸ਼ਨ ਕਾਰਡ ਕੱਟੇ ਗਏ ਹਨ, ਰੋਟੀ ਖਾਣ ਦੇ ਲਾਲੇ ਪਏ ਹੋਏ ਹਨ, ਇਸ ਚਿੱਠੀ ਦੇ ਮਿਲਣ ਤੋਂ ਬਾਅਦ ਮਾਨ ਸਰਕਾਰ ਵੱਲੋਂ ਤੁਰੰਤ ਐਕਸ਼ਨ ਲੈਂਦਿਆਂ ਇਸ ਗੱਲ ਦਾ ਜਵਾਬ ਦਿੱਤਾ ਗਿਆ ਹੈ ਕਿ ਮਾਨ ਸਰਕਾਰ ਜਲਦ ਹੀ ਕੱਟੇ ਹੋਏ ਰਾਸ਼ਨ ਕਾਰਡਾਂ ਦੀ ਪੜਤਾਲ ਕਰਵਾ ਕੇ ਦੁਬਾਰਾ ਬਣਾਏਗੀ।

ਉਨ੍ਹਾ ਦੱਸਿਆ ਕਿ ਮਾਨ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ, ਜਿਸ ਕਾਰਨ ਜੇਕਰ ਕੋਈ ਕਦਮ ਗਲਤ ਚੁੱਕਿਆ ਵੀ ਜਾਵੇ ਤਾਂ ਉਸ ਨੂੰ ਤੁਰੰਤ ਦਰੁਸਤ ਕਰਕੇ ਲੋਕਾਂ ਦੇ ਹੱਕ ਵਿੱਚ ਫੈਸਲੇ ਲੈਣ ਦੀ ਹਿੰਮਤ ਰੱਖਦੀ ਹੈ। ਉਨ੍ਹਾ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਵਾਲੇ ਦਿਨਾਂ 'ਚ ਆਪਣੇ ਕੀਤੇ ਸਾਰੇ ਵਾਅਦੇ ਇੱਕ ਇੱਕ ਕਰਕੇ ਜ਼ਰੂਰ ਪੂਰੇ ਕਰੇਗੀ। ਇਸ ਮੌਕੇ ਟਰੱਕ ਯੂਨੀਅਨ ਦੇ ਪ੍ਰਧਾਨ ਤੇਜਿੰਦਰ ਸਿੰਘ ਢਿੱਲਵਾਂ, ਸ਼ਹਿਰੀ ਆਪ ਪ੍ਰਧਾਨ ਜਸਵਿੰਦਰ ਚੱਠਾ, ਪੀ ਏ ਹੈਰੀ ਧਾਲੀਵਾਲ ਧੂਰਕੋਟ, ਡਾ. ਬਾਲ ਚੰਦ ਬਾਂਸਲ, ਆੜ੍ਹਤੀਆ ਐਸੋਸੀਏਸ਼ਨ ਪ੍ਰਧਾਨ ਸੁਰੇਸ਼ ਕੁਮਾਰ ਕਾਲਾ, ਅਮਨ ਦਰਾਜ ਪ੍ਰਧਾਨ ਕੋਆਪ੍ਰੇਟਿਵ ਸੁਸਾਇਟੀ, ਕੁਲਵਿੰਦਰ ਚੱਠਾ, ਰਿੰਕਾ ਅਰੋੜਾ, ਬੁੱਧ ਰਾਮ ਢਿੱਲਵਾਂ, ਬਲਜੀਤ ਸਿੰਘ ਬਾਸੀ, ਗੁਰਜੀਤ ਪੰਧੇਰ, ਸੁਰਿੰਦਰ ਸਿੰਘ, ਗੁਰਤੇਜ ਬਰਾੜ ਦਰਾਜ, ਸਿਕੰਦਰ ਸਿੰਘ ਆਦਿ ਹਾਜ਼ਰ ਸਨ।

## ਨਵ-ਨਿਯੁਕਤ ਅਹੁਦੇਦਾਰਾਂ ਦਾ ਸਨਮਾਨ ਕਰਕੇ ਮੁਬਾਰਕਬਾਦ ਦਿੱਤੀ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਜ਼ਿਲ੍ਹਾ ਕਾਂਗਰਸ ਕਮੇਟੀ ਸੰਗਰੂਰ ਵੱਲੋਂ ਗਠਿਤ ਕੀਤੇ ਗਏ ਜਥੇਬੰਦਕ ਢਾਂਚੇ ਵਿੱਚ ਸ਼ੁਮਾਰ ਅਹੁਦੇਦਾਰਾਂ ਦੇ ਸਮਾਗਮ ਦੌਰਾਨ ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਵੱਲੋਂ ਨਵ ਨਿਯੁਕਤ ਅਹੁਦੇਦਾਰਾਂ ਦਾ ਸਨਮਾਨ ਕੀਤਾ ਗਿਆ। ਉਨ੍ਹਾਂ ਨਵ ਨਿਯੁਕਤ ਅਹੁਦੇਦਾਰਾਂ ਨੂੰ ਕਾਂਗਰਸ ਪਾਰਟੀ ਦੀ ਵਿਚਾਰਧਾਰਾ ਨੂੰ ਘਰ ਘਰ ਪੁਚਾਉਣ ਤੇ ਅਗਾਮੀ ਚੋਣਾਂ ਲਈ ਕਾਂਗਰਸ ਨੂੰ ਬੂਥ ਪੱਧਰ 'ਤੇ ਮਜ਼ਬੂਤ ਕਰਨ ਲਈ ਹੁਣੇ ਤੋਂ ਕਮਰਕੱਸੇ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੱਧਰ 'ਤੇ ਵਰਕਰਾਂ ਨੂੰ ਜ਼ਿੰਮੇਵਾਰੀਆਂ ਦੇਣ ਤੋਂ ਬਾਅਦ ਹੁਣ ਜਥੇਬੰਦਕ ਢਾਂਚੇ ਦਾ ਬਲਾਕ ਪੱਧਰ 'ਤੇ ਪੁਨਰਗਠਨ ਕੀਤਾ ਜਾਵੇਗਾ। ਇਸ ਮੌਕੇ ਨਸੀਬ ਸਿੰਘ ਚਾਂਗਲੀ, ਦਰਸ਼ਨ ਕੁਮਾਰ, ਰਣਜੀਤ ਸਿੰਘ, ਰਵਿੰਦਰ ਕੁਮਾਰ, ਸਨਮੀਕ ਸਿੰਘ, ਨਵੀਨ ਸੇਠ, ਰਵਿੰਦਰ ਕੁਮਾਰ, ਹਰਦੀਪ ਸਿੰਘ ਘਨੌਰੀ, ਪ੍ਰੇਮ ਕੁਮਾਰ, ਰਾਜੀਵ ਚੌਧਰੀ, ਮਹਾਂਵੀਰ ਸਿੰਘ, ਪ੍ਰਿਤਪਾਲ ਸਿੰਘ, ਪਾਸਟਰ ਚਰਨ ਦਾਸ, ਅਸ਼ੀਸ਼ ਢੰਡ, ਗੁਰਪ੍ਰੀਤ ਭੁੱਲਰਹੇੜੀ, ਨੋਨੀ ਬੇਨੜਾ, ਟੇਕ ਸਿੰਘ ਬਟੂਹਾ, ਅਕਸ਼ੈ ਧੂਰੀ ਪਿੰਡ, ਅਰਸ਼ਦੀਪ ਸਿੰਘ, ਹੈਪੀ ਘਨੌਰੀ, ਮਨੋਜ ਕੁਮਾਰ, ਪੰਕਜ ਧੀਰ, ਕਾਕਾ ਤੂਰ ਤੇ ਰਾਕੇਸ਼ ਕੁਮਾਰ ਆਦਿ ਵੀ ਹਾਜ਼ਰ ਸਨ।

## ਆਈ ਐੱਸ ਐੱਫ ਕਾਲਜ ਨੂੰ ਮਿਲੀ ਫਾਰਮੇਸੀ ਕੌਂਸਲ ਤੋਂ ਮਨਜ਼ੂਰੀ



**ਮੋਗਾ (ਅਮਰਜੀਤ ਬੱਬਰੀ)**-ਸੂਬੇ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਆਈ.ਐਸ.ਐਫ.ਕਾਲਜ ਆਫ ਫਾਰਮੇਸੀ ਤੇ ਰਿਸਰਚ ਜੋ ਕਿ ਸਾਲ 2023-24 ਤੋਂ ਰੱਤੀਆ ਰੋਡ ਮੋਗਾ 'ਤੇ ਸ਼ੁਰੂ ਕੀਤੀ ਜਾ ਰਹੀ ਹੈ, ਉਸ ਦੀ ਮਾਨਤਾ ਫਾਰਮੇਸੀ ਕੌਂਸਲ ਆਫ ਇੰਡੀਆ ਵੱਲੋਂ ਪ੍ਰਾਪਤ ਹੋ ਗਈ ਹੈ। ਇਹ ਕਾਲਜ ਆਈ ਐੱਸ ਐੱਫ ਐਜੂਕੇਸ਼ਨਲ ਸੁਸਾਇਟੀ ਵੱਲੋਂ ਖੋਲ੍ਹਿਆ ਗਿਆ ਹੈ। ਕਾਲਜ ਪ੍ਰਿੰਸੀਪਲ ਡਾ. ਆਰ. ਕੇ. ਨਾਰੰਗ ਨੇ ਦੱਸਿਆ ਕਿ ਇਹ ਨਵਾਂ ਕਾਲਜ ਫਾਰਮਾਸਿਊਟੀਕਲ ਕੰਪਨੀ ਤੇ ਫਾਰਮੇਸੀ 'ਚ ਲਗਾਤਾਰ ਵਧ ਰਹੀ ਮੰਗ ਨੂੰ ਵੇਖਦੇ ਹੋਏ ਖੋਲ੍ਹਿਆ ਗਿਆ ਹੈ, ਜੋ ਕਿ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਹੈ। ਸੰਸਥਾ ਨੂੰ ਸੂਬਾ ਸਰਕਾਰ, ਯੂਨੀਵਰਸਿਟੀ ਤੇ ਫਾਰਮੇਸੀ ਕੌਂਸਲ ਆਫ ਇੰਡੀਆ (ਪੀ.ਸੀ.ਆਈ.) ਤੋਂ ਮਨਜ਼ੂਰੀ ਪ੍ਰਾਪਤ ਹੋ ਚੁੱਕੀ ਹੈ। ਸੰਸਥਾ 'ਚ ਸਾਰੀਆਂ ਸਹੂਲਤਾਂ, ਮਸ਼ੀਨਰੀ ਦੇ ਨਾਲ-ਨਾਲ ਬਹੁਤ ਹੀ ਯੋਗ ਤੇ ਮਾਹਰ ਟੀਚਰਾਂ ਦੀ ਨਿਯੁਕਤੀ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਇਸ ਕਾਲਜ ਵਿਚ ਐਡਮਿਸ਼ਨ ਲਈ 65 ਫੀਸਦੀ ਤੋਂ ਵੱਧ ਅੰਕ ਵਾਲੇ ਬੱਚੇ ਨੂੰ 10 ਫੀਸਦੀ, 75 ਫੀਸਦੀ ਤੋਂ ਵੱਧ ਵਾਲੇ ਨੂੰ 15 ਫੀਸਦੀ, 85 ਫੀਸਦੀ ਵੱਧ ਵਾਲੇ ਨੂੰ 25 ਫੀਸਦੀ ਸਕਾਲਰਸ਼ਿਪ ਦਿੱਤੀ ਜਾਵੇਗੀ। ਇਸ ਦੇ ਨਾਲ ਜੋ ਵਿਦਿਆਰਥੀ ਸਮੈਸਟਰ 'ਚ 10 ਪੁਜ਼ੀਸ਼ਨ ਹਾਸਲ ਕਰਨਗੇ ਉਨ੍ਹਾਂ ਨੂੰ 20 ਫੀਸਦੀ ਸਕਾਲਰਸ਼ਿਪ ਦਿੱਤੀ ਜਾਵੇਗੀ। ਇਸ ਉਪਲਬਧੀ ਤੇ ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ, ਸੈਕਟਰੀ ਇੰਜੀ. ਜਨੇਸ਼ ਗਰਗ, ਡਾ. ਮੁਸਕਾਨ, ਡਾਇਰੈਕਟਰ ਡਾ. ਜੀ. ਡੀ. ਗੁਪਤਾ ਨੇ ਪ੍ਰਿੰਸੀਪਲ ਡਾ. ਆਰ. ਕੇ. ਨਾਰੰਗ ਤੇ ਸਮੂਹ ਫੈਕਿਲਟੀ ਸਟਾਫ ਨੂੰ ਵਧਾਈ ਦਿੱਤੀ।

## ਮਿਸ਼ਨ ਆਗੂਆਂ ਵੱਲੋਂ ਚੀਫ਼ ਪੈਟਰਨ ਜਗਸੀਰ ਸਿੰਘ ਨਾਲ ਦੁੱਖ ਦਾ ਪ੍ਰਗਟਾਵਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਚੀਫ਼ ਪੈਟਰਨ ਜਗਸੀਰ ਸਿੰਘ ਸੇਵਾ ਮੁਕਤ ਪੁਲਸ ਇੰਸਪੈਕਟਰ ਦੀ ਸਤਿਕਾਰ ਯੋਗ ਸੱਸ ਮਾਤਾ ਮਹਿੰਦਰ ਕੌਰ (90) ਪਤਨੀ ਸਵ: ਮੁਖਤਿਆਰ ਸਿੰਘ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ। ਉਹ ਆਪਣੇ ਪਿਛੇ ਸ਼ਾਦੀਸ਼ੁਦਾ ਪੁੱਤਰ, ਪੁੱਤਰੀਆਂ, ਪੋਤੇ-ਪੋਤਰੀਆਂ ਅਤੇ ਦੋਹਤੇ-ਦੋਹਤੀਆਂ ਦਾ ਭਰਿਆ ਪੂਰਾ ਪਰਵਾਰ ਛੱਡ ਗਏ ਹਨ। ਬੇਹੱਦ ਧਾਰਮਕ ਵਿਚਾਰਾਂ ਅਤੇ ਵਧੀਆ ਪਰਵਾਰਕ ਸੰਸਕਾਰਾਂ ਵਾਲੀ ਮਾਤਾ ਮਹਿੰਦਰ ਕੌਰ ਨੇ ਆਪਣੇ ਪਰਵਾਰ ਨੂੰ ਧਾਰਮਕ ਆਸਥਾ ਅਤੇ ਵਧੀਆ ਪਰਵਾਰਕ ਸੰਸਕਾਰਾਂ ਨਾਲ ਜੋੜ ਕੇ ਰੱਖਿਆ। ਮਾਤਾ ਮਹਿੰਦਰ ਕੌਰ ਦੇ ਅਕਾਲ ਚਲਾਣੇ 'ਤੇ ਮਿਸ਼ਨ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਤੇ ਸੀਨੀਅਰ ਮੀਤ ਪ੍ਰਧਾਨ ਨਿਰੰਜਣ ਸਿੰਘ ਰੱਖਰਾ ਸਮੇਤ ਇੰਜ. ਅਸ਼ੋਕ ਕੁਮਾਰ ਭਾਰਤੀ, ਪ੍ਰਦੀਪ ਧੂੜੀਆ, ਡਾ. ਜਸਵਿੰਦਰ ਸਿੰਘ, ਗੁਰਪਾਲ ਪਾਲੀ, ਸਾਹਿਲ ਕੁਮਾਰ ਹੈਪੀ, ਵਿਜੇ ਸਿਡਾਨਾ, ਰਾਜਿੰਦਰ ਖੁਰਾਣਾ, ਡਾ. ਸੰਜੀਵ ਮਿੱਡਾ ਸਮੇਤ ਸਮੂਹ ਮਿਸ਼ਨ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਇੰਸਪੈਕਟਰ ਜਗਸੀਰ ਸਿੰਘ ਅਤੇ ਉਨ੍ਹਾਂ ਦੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਸਵ: ਮਾਤਾ ਮਹਿੰਦਰ ਕੌਰ ਨਮਿਤ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ 11 ਅਗਸਤ ਨੂੰ ਦੁਪਹਿਰ ਦੇ 12:00 ਤੋਂ 1:00 ਵਜੇ ਤੱਕ ਉਨ੍ਹਾਂ ਦੇ ਜੱਦੀ ਗ੍ਰਹਿ ਅਸਥਾਨ ਸੂਲਹ (ਪਟਿਆਲਾ) ਦੇ ਗੁਰਦੁਆਰਾ ਸਾਹਿਬ ਵਿਖੇ ਪਵੇਗਾ।

## ਬੀ ਬੀ ਐੱਸ ਬੀ ਕਾਨਵੈਂਟ ਸਕੂਲ ਦੇ ਬੱਚਿਆਂ ਤੀਜ ਦਾ ਤਿਉਹਾਰ ਮਨਾਇਆ



**ਜਗਰਾਓਂ (ਅਮਿਤ ਖੰਨਾ/ਨਛੱਤਰ ਸੰਧੂ)**

ਬੀ.ਬੀ.ਐੱਸ.ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ ਵਿਖੇ ਵਿਦਿਆਰਥਣਾਂ ਵੱਲੋਂ ਤੀਜ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਸਕੂਲ ਦੀ ਪ੍ਰਿੰਸੀਪਲ ਮੈਡਮ ਮੋਨਾ ਠਾਕੁਰ ਦੀ ਅਗਵਾਈ 'ਚ ਸਕੂਲ ਦੇ ਹਾਲ ਨੂੰ ਬਾਗ, ਫੁਲਕਾਰੀਆਂ, ਹੱਥਾਂ ਨਾਲ ਬਣਾਈਆਂ ਚਾਦਰਾਂ, ਦਰੀਆਂ ਆਦਿ ਨਾਲ ਸਜਾਇਆ ਗਿਆ। ਸਕੂਲ ਦੀ ਸਟੇਜ 'ਤੇ ਪੰਜਾਬੀ ਵਿਰਸੇ ਦਾ ਦ੍ਰਿਸ਼ ਪੇਸ਼ ਕੀਤਾ ਗਿਆ, ਜਿਸ 'ਚ ਚਰਖਾ, ਚਾਲਾ, ਪਿੱਤਲ ਦੇ ਭਾਂਡੇ, ਖੂਹ, ਚੂੜੀਆਂ ਆਦਿ ਨਾਲ ਪੰਜਾਬੀ ਵਿਰਸੇ ਦਾ ਦ੍ਰਿਸ਼ ਪੇਸ਼ ਕੀਤਾ ਗਿਆ। ਇਸ ਵਿੱਚ ਸਕੂਲ ਦੇ ਨਰਸਰੀ ਤੋਂ ਲੈ ਕੇ ਪਹਿਲੀ ਜਮਾਤ ਤੱਕ ਦੇ ਬੱਚਿਆਂ ਨੇ ਭਾਗ ਲਿਆ ਤੇ ਬੱਚੇ ਬਹੁਤ ਹੀ ਪਿਆਰੇ ਲੱਗ ਰਹੇ ਸਨ। ਇਸ ਮੁਕਾਬਲੇ 'ਚ ਗੁਰਆਸੀਸ ਕੌਰ ਨੇ ਮਿਸ ਤੀਜ ਦਾ ਖਿਤਾਬ ਜਿੱਤਿਆ, ਜਦਕਿ ਦਿਵਜੋਤ ਕੌਰ, ਨਵਦੀਪ ਕੌਰ ਨੇ ਵਧੀਆ ਪਹਿਰਾਵੇ ਦਾ ਖਿਤਾਬ ਜਿੱਤਿਆ। ਇਸੇ ਲੜੀ ਤਹਿਤ ਗੁਰਵੀਰ ਕੌਰ ਤੇ ਕੁਲਵੀਰ ਕੌਰ ਨੇ ਗੋਰਗੀ ਦਾ ਖਿਤਾਬ ਜਿੱਤਿਆ। ਲੜਕਿਆਂ ਦੇ ਵਧੀਆ ਪਹਿਰਾਵੇ ਦੇ ਮੁਕਾਬਲੇ 'ਚ ਜੋਰਾਵਰ ਸਿੰਘ, ਅਭੀਜੋਤ ਸਿੰਘ ਤੇ ਦਿਲਜੀਤ ਸਿੰਘ ਜੇਤੂ ਰਹੇ, ਜਦਕਿ ਪ੍ਰਭਜੋਤ ਸਿੰਘ ਗੱਬਰੂ ਜੇਤੂ ਰਿਹਾ। ਇਸ ਮੌਕੇ ਪ੍ਰਿੰਸੀਪਲ ਮੈਡਮ ਮੀਨਾ ਠਾਕੁਰ ਨੇ ਜੇਤੂਆਂ ਨੂੰ ਟਰਾਫੀਆਂ ਤੇ ਮੈਡਲ ਦੇ ਕੇ ਸਨਮਾਨਤ ਕੀਤਾ। ਉਨ੍ਹਾਂ ਕਿਹਾ ਕਿ ਛੋਟੇ ਬੱਚਿਆਂ ਦੇ ਅਜਿਹੇ ਮੁਕਾਬਲੇ ਪੰਜਾਬੀ ਸੱਭਿਆਚਾਰ ਨਾਲ ਜੁੜਨ 'ਚ ਸਹਾਈ ਹੁੰਦੇ ਹਨ। ਇਸ ਮੌਕੇ ਸਕੂਲ ਚੇਅਰਮੈਨ ਸੰਨੀ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰਧਾਨ ਹਰੀਕ੍ਰਿਸ਼ਨ ਭਗਵਾਨ ਦਾਸ ਬਾਵਾ, ਮੈਨੇਜਿੰਗ ਡਾਇਰੈਕਟਰ ਸਮਿੰਦਰ ਭਾਰਦਵਾਜ, ਸਲਾਹਕਾਰ ਰਾਜੀਵ ਸੱਗੜ ਤੇ ਜਨਰਲ ਸਕੱਤਰ ਅੰਜੂ ਬਾਲਾ ਹਾਜ਼ਰ ਸਨ।

## ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨਾਂ ਦੇ ਕੀਤੇ ਚਲਾਨ



**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੇ ਐੱਸ ਐੱਚ ਓ ਅਮਰਜੀਤ ਕੌਰ ਵੱਲੋਂ ਪੁਲਸ ਪਾਰਟੀ ਸਮੇਤ ਜਲਾਲਾਬਾਦ-ਸ੍ਰੀ ਮੁਕਤਸਰ ਸਾਹਿਬ ਰੋਡ 'ਤੇ ਸਥਿਤ ਡਰੀਮ ਵਿਲਾ ਪੈਲੇਸ ਕੋਲ ਸਪੈਸ਼ਲ ਨਾਕਾਬੰਦੀ ਕਰਕੇ ਦੋ-ਪਹੀਆ ਵਹਾਨਾਂ ਦੀ ਚੈਕਿੰਗ ਕੀਤੀ ਗਈ ਤੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨਾਂ ਦੇ ਚਲਾਨ ਕੀਤੇ ਗਏ। ਇਸ ਮੌਕੇ ਥਾਣਾ ਅਮੀਰ ਖਾਸ ਦੇ ਐੱਸ.ਐੱਚ.ਓ. ਅਮਰਜੀਤ ਕੌਰ ਨੇ ਦੱਸਿਆ ਕਿ ਅੱਜ ਇਥੇ ਨਾਕਾਬੰਦੀ ਕਰਕੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਹੀਕਲਾਂ ਦੇ ਚਲਾਨ ਕੀਤੇ ਗਏ ਹਨ। ਉਨ੍ਹਾਂ ਲੋਕਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਵਹੀਕਲਾਂ ਦੇ ਕਾਗਜ਼ਾਤ ਪੂਰੇ ਲੈ ਕੇ ਚੱਲਣ ਤਾਂ ਜੋ ਪੁਲਸ ਵੱਲੋਂ ਲਗਾਏ ਜਾਣ ਵਾਲੇ ਨਾਕੇ ਦੌਰਾਨ ਦਿਖਾਏ ਜਾਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹੌਲਦਾਰ ਸਤਪਾਲ ਸਿੰਘ, ਅਸ਼ੋਕ ਕੁਮਾਰ, ਸੀ. ਲੇਡੀ ਕਾਂਸਟੇਬਲ ਬਿਮਲਾ ਰਾਣੀ, ਪੀ.ਐੱਚ.ਜੀ. ਦਰਸ਼ਨ ਸਿੰਘ ਤੇ ਬਲਵਿੰਦਰ ਸਿੰਘ ਮੌਜੂਦ ਸਨ।

## ਸੂਬਾ ਪੱਧਰੀ ਖੇਡਾਂ 'ਚ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ



**ਭੀਖੀ (ਧਰਮਵੀਰ ਸ਼ਰਮਾ)**

ਸਥਾਨਕ ਸਰਵਹਿੱਤਕਾਰੀ ਵਿੱਦਿਆ ਮੰਦਰ ਵਿਖੇ ਵਿੱਦਿਆ ਭਾਰਤੀ ਅਖਿਲ ਭਾਰਤੀ ਸਿੱਖਿਆ ਸੰਸਥਾਨ ਦੁਆਰਾ ਆਯੋਜਤ 34ਵੀਆਂ ਸੂਬਾ ਪੱਧਰੀ ਖੇਡਾਂ ਦੌਰਾਨ ਸਥਾਨਕ ਵਿੱਦਿਆ ਮੰਦਰ ਦਾ ਪ੍ਰਦਰਸ਼ਨ ਬਹੁਤ ਹੀ ਸ਼ਾਨਦਾਰ ਰਿਹਾ। ਜ਼ਿਕਰਯੋਗ ਹੈ ਕਿ ਇਨ੍ਹਾਂ ਸੂਬਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਪੂਰੇ ਪੰਜਾਬ 'ਚੋਂ 600 ਬੱਚਿਆਂ ਨੇ ਭਾਗ ਲਿਆ। ਬਾਕਸਿੰਗ ਮੁਕਾਬਲੇ ਵਿੱਚ ਅੰਡਰ-14, ਅੰਡਰ-17 ਲੜਕਿਆਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਬਾਸਕਟਬਾਲ ਅੰਡਰ-14, ਅੰਡਰ-17 ਲੜਕੇ-ਲੜਕੀਆਂ ਨੇ ਪਹਿਲਾ ਤੇ ਅੰਡਰ-19 ਲੜਕਿਆਂ ਨੇ ਵੀ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਅੰਡਰ-17 ਇਨਲਾਈਨ ਸਕੇਟਿੰਗ ਵਿੱਚ ਏਕਮਜੋਤ ਸਿੰਘ ਨੇ 5 ਹਜ਼ਾਰ ਮੀਟਰ ਵਿੱਚ ਪਹਿਲਾ, ਇੱਕ ਹਜ਼ਾਰ ਮੀਟਰ ਵਿੱਚ ਦੂਸਰਾ ਤੇ ਜੋਮਨਜੋਤ ਸਿੰਘ ਨੇ ਅੰਡਰ-14 ਗਰੁੱਪ ਵਿੱਚ ਤਿੰਨ ਹਜ਼ਾਰ ਮੀਟਰ ਵਿੱਚ ਪਹਿਲਾ, ਇੱਕ ਹਜ਼ਾਰ ਤੇ ਪੰਜ ਸੌ ਮੀਟਰ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। ਗੁਰਸ਼ਰਨ ਸਿੰਘ ਨੇ ਪੰਜ ਸੌ ਮੀਟਰ ਤੇ ਇੱਕ ਹਜ਼ਾਰ ਮੀਟਰ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਕਰਾਟੇ ਖੇਡ ਮੁਕਾਬਲੇ ਵਿੱਚ ਵੀਰਕਰਨ ਨੇ ਗੋਲਡ, ਅੰਡਰ-17 ਜਾਗਰਿਤ ਰਿਸ਼ੀ, ਅੰਡਰ-19 ਮਨਪ੍ਰੀਤ ਸਿੰਘ ਨੇ ਗੋਲਡ ਮੈਡਲ ਪ੍ਰਾਪਤ ਕੀਤਾ। ਇਸ ਮੌਕੇ ਮੁੱਖ ਮਹਿਮਾਨ ਐੱਸ. ਐੱਚ. ਓ. ਇਸ਼ਾਨ ਸਿੰਗਲਾ, ਸਕੂਲ ਪ੍ਰਬੰਧਕ ਕਮੇਟੀ ਤੇ ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਨੇ ਜੇਤੂ ਵਿਦਿਆਰਥੀਆਂ ਨੂੰ ਮੈਡਲ, ਟਰਾਫੀ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ।

ਇਸ ਮੌਕੇ ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਵੱਲੋਂ ਜੇਤੂ ਖਿਡਾਰੀਆਂ ਤੇ ਸਰੀਰਕ ਸਿੱਖਿਆ ਪ੍ਰਮੁੱਖ ਅਧਿਆਪਕਾਂ ਗੁਰਦੀਪ ਸਿੰਘ, ਸੋਮ ਨਾਥ ਸ਼ਰਮਾ, ਅਮਨਦੀਪ ਕੌਰ ਨੂੰ ਵਧਾਈ ਦਿੱਤੀ ਤੇ ਅਗਲੇ ਪੱਧਰ (ਨੌਰਥ ਜ਼ੋਨ) ਦੇ ਮੁਕਾਬਲਿਆਂ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਬਾਸਮਤੀ 'ਤੇ ਪਾਬੰਦੀਸ਼ੁਦਾ ਕੀਟਨਾਸ਼ਕਾਂ ਦੀ ਵਿਕਰੀ/ਵਰਤੋਂ ਨਾ ਕਰਨ ਸੰਬੰਧੀ ਹਦਾਇਤਾਂ

**ਧੂਰੀ (ਸੁਖਦੇਵ ਧੂਰੀ)**-ਡਾਇਰੈਕਟਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬਲਾਕ ਖੇਤੀਬਾੜੀ ਅਫਸਰ ਧੂਰੀ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਝੋਨੇ ਦੀਆਂ ਬਾਸਮਤੀ ਕਿਸਮਾਂ ਦੀ ਮਿਆਰੀ ਪੈਦਾਵਾਰ ਲਈ 10 ਕੀਟਨਾਸਕ ਜ਼ਹਿਰਾਂ ਦੀ ਵਿਕਰੀ ਬੰਦ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਹੈ, ਜਿਸ ਵਿੱਚ 10 ਕੀਟਨਾਸ਼ਕ ਤੇ ਉੱਲੀਨਾਸ਼ਕ ਜ਼ਹਿਰਾਂ ਜਿਵੇਂ ਐਸੀਫੇਟ, ਬੁਪਰੋਫੇਜਿਨ, ਕਲੋਰਪਾਈਰੀਫਾਸ, ਹੈਕਸਾਕੋਨਾਜ਼ੋਲ, ਪ੍ਰੋਪੀਕੋਨਾਜ਼ੋਲ ਥਾਇਆਮੈਥੋਕਸਮ, ਪ੍ਰੋਟੀਨੋਫਾਸ, ਇਮਿਡਕਲੋਪਰਿੱਡ, ਕਾਰਬੈਂਡਾਜ਼ਿਮ ਤੇ ਟਰਾਈਸਾਈਕਲਾਜ਼ੋਲ 1 ਅਗਸਤ ਤੋਂ 60 ਦਿਨਾਂ ਵਾਸਤੇ ਬਾਸਮਤੀ ਦੀ ਫਸਲ ਲਈ ਵਿਕਰੀ, ਡਿਸਟਰੀਬਿਊਸ਼ਨ, ਵਰਤੋਂ ਤੇ ਭੰਡਾਰਨ ਦੀ ਮਨਾਹੀ ਕੀਤੀ ਗਈ ਹੈ। ਡਾ. ਜਸਵਿੰਦਰ ਸਿੰਘ ਨੇ ਬਲਾਕ ਦੇ ਪੈਸਟੀਸਾਈਡ ਡੀਲਰਾਂ ਡਿਸਟਰੀਬਿਊਟਰਾਂ ਅਤੇ ਐਗਰੋਕੈਮੀਕਲਜ਼ ਕੰਪਨੀਆਂ ਦੇ ਨੁਮਾਇੰਦਿਆਂ ਨੂੰ ਹਦਾਇਤਾਂ ਜਾਰੀ ਕਰਦਿਆਂ ਕਿਹਾ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਸਬ-ਸੈਕਸ਼ਨ 27 ਆਫ ਇਨਸੈਕਟੀਸਾਈਡ ਐਕਟ 1968 (ਸੈਂਟਰਲ ਐਕਟ 46 ਆਫ 1968) ਅਧੀਨ ਸਖਤ ਕਾਰਵਾਈ ਕੀਤੀ ਜਾਵੇਗੀ।

ਇਸ ਤੋਂ ਇਲਾਵਾ ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਇਨ੍ਹਾਂ ਪਾਬੰਦੀਸ਼ੁਦਾ ਕੀਟਨਾਸ਼ਕਾਂ ਦੀ ਆਪਣੇ ਬਾਸਮਤੀ ਦੇ ਖੇਤਾਂ ਵਿੱਚ ਬਿਲਕੁਲ ਵੀ ਵਰਤੋਂ ਨਾ ਕੀਤੀ ਜਾਵੇ। ਬਾਸਮਤੀ ਜਾਂ ਝੋਨੇ ਦੀ ਫਸਲ ਵਿੱਚ ਕਿਸੇ ਕਿਸਮ ਦੀ ਸਮੱਸਿਆ ਆਉਣ ਤੇ ਬਲਾਕ ਖੇਤੀਬਾੜੀ ਦਫਤਰ ਧੂਰੀ ਵਿਖੇ ਸੰਪਰਕ ਕੀਤਾ ਜਾਵੇ ਅਤੇ ਵਿਭਾਗ ਦੇ ਅਧਿਕਾਰੀਆਂ ਦੁਆਰਾ ਸਿਫਾਰਸ਼ ਕੀਤੀਆਂ ਦਵਾਈਆਂ ਦੀ ਹੀ ਵਰਤੋਂ ਕੀਤੀ ਜਾਵੇ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਕਿਸਮ ਦੀ ਦਵਾਈ ਖਰੀਦਣ ਸਮੇਂ ਦੁਕਾਨਦਾਰ ਪਾਸੋਂ ਪੱਕਾ ਬਿੱਲ ਜ਼ਰੂਰ ਲਿਆ ਜਾਵੇ।

## ਸਿਲਾਈ ਤੇ ਬਿਊਟੀ ਪਾਰਲਰ ਸੈਂਟਰ ਦਾ ਓ ਐੱਸ ਡੀ ਵੱਲੋਂ ਦੌਰਾ

■ ਲੜਕੀਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਦੇ ਉਪਰਾਲੇ ਦੀ ਸ਼ਲਾਘਾ



**ਧੂਰੀ (ਬਿੰਨੀ ਗਰਗ, ਰਾਜੇਸ਼ਵਰ ਪਿੰਟੂ)**-ਸਰਵ ਭਾਰਤੀਅ ਸੇਵਾ ਸੰਮਤੀ ਧੂਰੀ ਵੱਲੋਂ ਲੜਕੀਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਦੇ ਮਕਸਦ ਨਾਲ ਚਲਾਏ ਜਾ ਰਹੇ ਸਿਲਾਈ ਤੇ ਬਿਊਟੀ ਪਾਰਲਰ ਸੈਂਟਰ ਦਾ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ. ਪ੍ਰੋਫੈਸਰ ਉਂਕਾਰ ਸਿੰਘ ਵੱਲੋਂ ਦੌਰਾ ਕੀਤਾ ਗਿਆ। ਇਸ ਦੌਰਾਨ ਸੰਸਥਾ ਦੇ ਪ੍ਰਧਾਨ ਰਾਕੇਸ਼ ਕੁਮਾਰ ਦੀ ਅਗਵਾਈ ਹੇਠ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਵੱਲੋਂ ਪ੍ਰੋਫੈਸਰ ਉਂਕਾਰ ਸਿੰਘ ਦਾ ਭਰਵਾਂ ਸੁਆਗਤ ਕੀਤਾ ਗਿਆ। ਇਸ ਦੌਰਾਨ ਪ੍ਰੋਫੈਸਰ ਉਂਕਾਰ ਸਿੰਘ ਨੇ ਸੈਂਟਰ ਵਿਖੇ ਸਿਖਲਾਈ ਪ੍ਰਾਪਤ ਕਰ ਰਹੀਆਂ ਲੜਕੀਆਂ ਤੇ ਉਨ੍ਹਾਂ ਨੂੰ ਸਿਖਲਾਈ ਦੇਣ ਵਾਲੀਆਂ ਅਧਿਆਪਕਾਂ ਨਾਲ ਗੱਲਬਾਤ ਵੀ ਕੀਤੀ। ਉਨ੍ਹਾ ਸੰਸਥਾ ਵੱਲੋਂ ਲੜਕੀਆਂ ਨੂੰ ਰੁਜ਼ਗਾਰ ਪ੍ਰਾਪਤੀ ਲਈ ਦਿੱਤੀ ਜਾ ਰਹੀ ਸਿਖਲਾਈ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਸਿਲਾਈ ਤੇ ਬਿਊਟੀ ਪਾਰਲਰ ਦੀ ਸਿਖਲਾਈ ਪ੍ਰਾਪਤ ਕਰਨ ਵਾਲੀਆਂ ਇਹ ਲੜਕੀਆਂ ਆਪਣੇ ਭਵਿੱਖ ਵਿੱਚ ਆਪਣਾ ਤੇ ਆਪਣੇ ਪਰਵਾਰ ਦਾ ਸਹੀ ਤਰੀਕੇ ਨਾਲ ਗੁਜ਼ਾਰਾ ਕਰਨ ਵਿੱਚ ਸਮਰਥ ਹਨ। ਇਸ ਮੌਕੇ ਸੰਸਥਾ ਦੇ ਜਨਰਲ ਸਕੱਤਰ ਪਿਆਰ ਚੰਦ ਸੰਖਿਆਨ ਨੇ ਪ੍ਰੋਫੈਸਰ ਉਂਕਾਰ ਸਿੰਘ ਨੂੰ ਸੰਸਥਾ ਵੱਲੋਂ ਚਲਾਏ ਜਾ ਰਹੇ ਤੇ ਭਵਿੱਖ ਵਿੱਚ ਹੋਰ ਕੋਰਸ ਸ਼ੁਰੂ ਕਰਨ ਬਾਰੇ ਜਾਣਕਾਰੀ ਦਿੰਦਿਆਂ ਮੰਗ ਪੱਤਰ ਸੌਂਪਿਆ ਗਿਆ ਕਿ ਸੰਸਥਾ ਨੂੰ ਲੜਕੀਆਂ ਨੂੰ ਆਤਮ-ਰੱਖਿਆ, ਹਾਊਸ ਟੇਕਰ ਸਮੇਤ ਹੋਰ ਕੋਰਸ ਸਿਖਾਉਣ ਲਈ ਪੰਜਾਬ ਸਰਕਾਰ ਵੱਲੋਂ ਇਮਾਰਤ ਲਈ ਮਦਦ ਮੁਹੱਈਆ ਕਰਵਾਈ ਜਾਵੇ, ਜਿਸ 'ਤੇ ਪ੍ਰੋਫੈਸਰ ਉਂਕਾਰ ਸਿੰਘ ਨੇ ਕਿਹਾ ਕਿ ਲੜਕੀਆਂ ਨੂੰ ਮੋਟੀਵੇਸ਼ਨਲ ਸਪੀਚ ਰਾਹੀਂ ਵੀ ਟ੍ਰੇਨਿੰਗ ਦਿਵਾਈ ਜਾਵੇਗੀ ਤਾਂ ਜੋ ਇਹ ਲੜਕੀਆਂ ਉਚੇ ਅਹੁਦਿਆਂ 'ਤੇ ਪਹੁੰਚ ਸਕਣ। ਇਸ ਮੌਕੇ ਸੰਸਥਾ ਵੱਲੋਂ ਪ੍ਰੋਫੈਸਰ ਉਂਕਾਰ ਸਿੰਘ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਅੰਮ੍ਰਿਤ ਬਰਾੜ, ਅਮੀਰ ਸਿੰਘ ਤੋਂ ਇਲਾਵਾ ਸੰਸਥਾ ਦੇ ਸਰਪ੍ਰਸਤ ਸੱਤਪਾਲ ਸਿੰਗਲਾ, ਪੂਰਨ ਚੰਦ ਸਿੰਗਲਾ ਤੇ ਟੇਕ ਬਹਾਦਰ, ਪ੍ਰੈੱਸ ਸਕੱਤਰ ਬਿੰਨੀ ਗਰਗ ਤੇ ਵਿਕਾਸ ਸੇਠ, ਖੁਸ਼ਵਿੰਦਰ ਸ਼ਰਮਾ, ਪ੍ਰਦੀਪ ਮਿੱਤਲ, ਪਵਨ ਭੂਸ਼ਣ ਸਿੰਗਲਾ, ਜਗਦੀਪ ਮਹੰਤ, ਹਰਜੀਤ ਢਿੱਲੋਂ, ਸੰਜੇ ਸਿੰਗਲਾ, ਕ੍ਰਿਸ਼ਨ ਮਿੱਤਲ ਤੇ ਸੁਰੇਸ਼ ਕੁਮਾਰ ਮੌਜੂਦ ਸਨ।

## ਕਾਲਜ ਪ੍ਰੋਫੈਸਰਾਂ ਦੀ ਬਹਾਲੀ ਦੀ ਹਮਾਇਤ 'ਤੇ ਉੱਤਰੀ ਆਲ ਇੰਪਲਾਈਜ਼ ਕੋਆਰਡੀਨੇਸ਼ਨ ਕਮੇਟੀ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਆਰਐੱਸਡੀ ਕਾਲਜ ਫਿਰੋਜ਼ਪੁਰ ਵਿਚ ਨੌਕਰੀ ਕਰਦੇ ਤਿੰਨ ਪ੍ਰੋਫੈਸਰ ਨੂੰ ਬਿਨਾਂ ਵਜ੍ਹਾ ਨੌਕਰੀ ਤੋਂ ਕੱਢਣ ਦਾ ਆਲ ਇੰਪਲਾਈਜ ਕੋਆਰਡੀਨੇਸ਼ਨ ਕਮੇਟੀ ਫਿਰੋਜ਼ਪੁਰ ਨੇ ਸਖ਼ਤ ਨੋਟਿਸ ਲੈਂਦਿਆਂ ਐਸੋਸੀਏਸ਼ਨ ਆਫ਼ ਆਨਏਡਿਡ ਕਾਲਜ ਟੀਚਰ ਵਲੋਂ ਕਾਲਜ ਮੈਨੇਜਮੈਂਟ ਖਿਲਾਫ ਲਾਏ ਲਗਾਤਾਰ ਧਰਨੇ ਦੀ ਹਮਾਇਤ ਦਾ ਐਲਾਨ ਕੀਤਾ ਤੇ ਕਾਲਜ ਦੀ ਮੈਨੇਜਮੈਂਟ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ।

ਆਲ ਇੰਪਲਾਈਜ ਕੋਆਰਡੀਨੇਸਨ ਕਮੇਟੀ ਫਿਰੋਜ਼ਪੁਰ ਦੇ ਪ੍ਰਧਾਨ ਸੁਭਾਸ਼ ਸ਼ਰਮਾ ਤੇ ਜਨਰਲ ਸਕੱਤਰ ਕਿਸਨ ਚੰਦ ਜਾਗੋਵਾਲੀਆ ਦੀ ਅਗਵਾਈ ਹੇਠ ਕੇਂਦਰ ਤੇ ਰਾਜ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦੇ ਮੁਲਾਜ਼ਮ ਤੇ ਪੈਨਸ਼ਨਰ ਵੱਡੀ ਗਿਣਤੀ ਵਿਚ ਧਰਨੇ ਵਿੱਚ ਸ਼ਾਮਲ ਹੋਏ।ਇਸ ਮੌਕੇ ਸੁਰਿੰਦਰ ਸਿੰਘ, ਰਜੀਵ ਹਾਂਡਾ, ਮਹਿੰਦਰ ਸਿੰਘ ਧਾਲੀਵਾਲ, ਬਲਬੀਰ ਸਿੰਘ ਕੰਬੋਜ਼, ਬਲਕਾਰ ਸਿੰਘ ਮਾੜੀਮੇਘਾ, ਗੁਰਮੀਤ ਸਿੰਘ ਔਲਖ, ਰਮੇਸ਼ ਸ਼ਰਮਾ, ਬਲਬੀਰ ਸਿੰਘ ਗੋਖੀਵਾਲਾ, ਦਲਜੀਤ ਸਿੰਘ ਯਾਰੇਸ਼ਾਹਵਾਲਾ, ਸ਼ਹਿਨਾਜ਼ ਆਦਿ ਆਗੂਆਂ ਨੇ ਆਰਐੱਸਡੀ ਕਾਲਜ ਦੀ ਮੈਨੇਜਮੈਂਟ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਕਾਲਜ ਵਿੱਚ ਪਿਛਲੇ ਕਈ ਸਾਲਾਂ ਤੋਂ ਨੌਕਰੀ ਕਰਦੇ ਪੰਜਾਬੀ ਵਿਭਾਗ ਦੇ ਮੁਖੀ ਪ੍ਰੋਫੈਸਰ ਕੁਲਦੀਪ ਸਿੰਘ, ਪ੍ਰੋ. ਲਕਸ਼ਮਿੰਦਰ ਇਤਿਹਾਸ ਵਿਭਾਗ ਤੇ ਡਾ. ਮਨਜੀਤ ਕੌਰ ਨੂੰ ਯੂਨੀਵਰਸਿਟੀ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਨੌਕਰੀ 'ਤੇ ਬਹਾਲ ਕੀਤਾ ਜਾਵੇ ਤੇ ਜਥੇਬੰਦੀ ਨੂੰ ਮੀਟਿੰਗ ਦਾ ਸਮਾਂ ਦਿੱਤਾ ਜਾਵੇ ਤਾਂ ਜੁ ਗੱਲਬਾਤ ਰਾਹੀਂ ਮਸਲਾ ਹੱਲ ਕੀਤਾ ਜਾ ਜਾਵੇ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਰੋਸ ਰੈਲੀ




ਗੁਰਦਾਸਪੁਰ,(ਜਨਕ ਮਹਾਜਨ)- ਕਿਸਾਨ ਮਜ਼ਦੂਰਾਂ ਨੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿਚ ਕਾਰਪੋਰੇਟ ਲੁਟੇਰਿਓ ਭਾਰਤ ਛੱਡੋ ਦੇ ਰੂਪ ਵਿੱਚ ਗੁਰੂ ਨਾਨਕ ਪਾਰਕ ਗੁਰਦਾਸਪੁਰ ਵਿਖੇ ਇਕੱਤਰ ਹੋ ਕੇ ਰੈਲੀ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਰਾਹੀਂ ਰਾਸ਼ਟਰਪਤੀ ਦੇ ਨਾਂਅ ਇੱਕ ਪੱਤਰ ਵੀ ਭੇਜਿਆ ਗਿਆ। ਇਸ ਐਕਸ਼ਨ ਦੀ ਅਗਵਾਈ ਮੱਖਣ ਸਿੰਘ ਕੁਹਾੜ, ਅਜੀਤ ਸਿੰਘ ਹੁੰਦਲ, ਸਤਬੀਰ ਸਿੰਘ, ਤਰਲੋਕ ਸਿੰਘ, ਸੁਖਦੇਵ ਸਿੰਘ, ਗੁਰਵਿੰਦਰ ਸਿੰਘ, ਦਲਬੀਰ ਸਿੰਘ, ਸੁਰਿੰਦਰ ਸਿੰਘ ਕੈਰੇ ਨੇ ਸਾਂਝੇ ਤੌਰ 'ਤੇ ਕੀਤੀ। ਬੁਲਾਰਿਆਂ ਨੇ ਕਿਹਾ ਕਿ ਸਰਕਾਰ ਐਸ ਐਸ ਸੀ ਗਰੰਟੀ ਦਾ ਵਾਅਦੇ ਮੁਤਾਬਿਕ ਕਾਨੂੰਨ ਬਣਾਵੇ, ਮਜ਼ਦੂਰ ਕਿਸਾਨਾਂ ਲਈ 60 ਸਾਲ ਦੀ ਉਮਰ ਵਿਚ 10 ਹਜ਼ਾਰ ਪੈਨਸ਼ਨ, ਕਿਸਾਨੀ ਸੰਘਰਸ਼ ਦੇ ਸ਼ਹੀਦ ਪਰਵਾਰਾਂ ਨੂੰ ਨੌਕਰੀ।

ਕਿਸਾਨ ਮੋਰਚੇ ਵੱਲੋਂ ਪੰਜਾਬ ਬੰਦ ਦੇ ਸੱਦੇ 'ਤੇ ਸੁੱਕਾ ਤਲਾਅ ਵਿਖੇ ਰੈਲੀ ਵਿੱਚ ਸ਼ਮੂਲੀਅਤ ਕਰਕੇ ਮੰਗ ਕੀਤੀ ਕਿ ਮਨੀਪੁਰ ਸਰਕਾਰ ਨੂੰ ਬਰਖਾਸਤ ਕਰਕੇ ਉਥੇ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵੇ। ਇਸ ਮੌਕੇ ਕਪੂਰ ਸਿੰਘ ਘੁੰਮਣ, ਚੰਨਣ ਸਿੰਘ ਦੋਰਾਂਗਲਾ, ਡਾ. ਬਲਬੀਰ ਸਿੰਘ ਮੀਰਾਂਬਾਗ, ਅਮਰਜੀਤ ਸਿੰਘ, ਗੁਰਮੀਤ ਸਿੰਘ, ਕੁਲਜੀਤ ਸਿੰਘ ਸਿਧਵਾਂ, ਦਿਲਬਾਗ ਸਿੰਘ ਡੋਗਰ, ਰਾਜ ਕੁਮਾਰ, ਵਿਜੇ ਸੋਹਲ, ਗੁਲਜ਼ਾਰ ਸਿੰਘ, ਡਾ. ਰਾਮ ਸਿੰਘ, ਡਾ. ਜਗਜੀਵਨ ਸਿੰਘ, ਦਲਬੀਰ ਸਿੰਘ, ਮੁਖ਼ਤਾਰ ਸਿੰਘ ਆਦਿ ਹਾਜ਼ਰ ਸਨ।

# ਸੱਤ ਮੈਂਬਰੀ ਕੇਂਦਰੀ ਅੰਤਰ-ਮੰਤਰਾਲਾ ਟੀਮ ਨੇ ਹੜ੍ਹ ਪ੍ਰਭਾਵਤ ਖੇਤਰਾਂ ਦਾ ਲਿਆ ਜਾਇਜ਼ਾ



ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)- ਭਾਰਤ ਸਰਕਾਰ ਦੀ 7 ਮੈਂਬਰੀ ਕੇਂਦਰੀ ਅੰਤਰ-ਮੰਤਰਾਲਾ ਟੀਮ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਅਤੇ ਪਿੰਡ ਬੰਦੇ ਮਾਹਲਾਂ ਵਿਖੇ ਪਏ ਪਾੜ ਦਾ ਦੌਰਾ ਕੀਤਾ। ਟੀਮ ਵਲੋਂ ਵਿਸਥਾਰ ਨਾਲ ਤਕਨੀਕੀ ਪੱਧਰ ਉਤੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਗਿਆ। ਇਸ ਉਪਰੰਤ ਟੀਮ ਵਲੋਂ ਪਿੰਡ ਬੰਦੇ ਮਾਹਲਾਂ ਵਿਚ ਹੋਏ ਘਰਾਂ ਦੇ ਨੁਕਸਾਨ ਨੂੰ ਵੀ ਜਾ ਕੇ ਦੇਖਿਆ ਗਿਆ। ਇਸ ਤੋਂ ਇਲਾਵਾ ਪਿੰਡ ਕਮਾਲਪੁਰ ਵਿਖੇ ਬੁੱਧਕੀ ਨਦੀ ਵਿਚ ਪਏ ਪਾੜ ਦਾ ਜਾਇਜ਼ਾ ਲੈਂਦੇ ਹੋਏ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਪਾੜ ਪੈਣ ਨਾਲ ਇਹ ਪਾਣੀ ਸਰਹਿੰਦ ਨਹਿਰ ਵਿਚ ਮੁੜ ਗਿਆ ਜਿਸ ਕਰਕੇ ਇਹ ਨਹਿਰ ਦਾ ਵਹਾਅ ਪੂਰੀ ਸਮਰੱਥਾ ਵਾਲਾ ਹੋ ਗਿਆ ਸੀ। ਇਸ ਉਪਰੰਤ ਕੇਂਦਰੀ ਟੀਮ ਨੇ ਪਿੰਡ ਚੌਂਤਾ ਦਾ ਦੌਰਾ ਕੀਤਾ ਅਤੇ ਹੜ੍ਹਾਂ ਦੇ ਪਾਣੀ ਨਾਲ ਹੋਏ ਖੇਤਾਂ ਅਤੇ ਵੱਡੀ ਗਿਣਤੀ ਵਿਚ ਹੜ੍ਹੇ ਦਰਖ਼ਤਾਂ ਦੇ ਨੁਕਸਾਨ ਦੀ ਸਮੀਖਿਆ ਕੀਤੀ। ਐਨ.ਡੀ.ਐਮ.ਏ. ਦੇ ਵਿੱਤੀ ਸਲਾਹਕਾਰ ਰਵੀਨੇਸ਼ ਕੁਮਾਰ ਨੇ ਮੀਡੀਆ ਨਾਲ ਗ਼ੈਰਰਸਮੀ ਗੱਲਬਾਤ ਕਰਦਿਆਂ ਦੱਸਿਆ ਕਿ ਟੀਮ ਆਪਣੇ ਜਾਇਜ਼ੇ ਮੁਤਾਬਕ ਰਿਪੋਰਟ ਤਿਆਰ ਕਰਕੇ ਕੇਂਦਰ ਸਰਕਾਰ ਨੂੰ ਦੇਵੇਗੀ। ਕੁਦਰਤੀ ਆਫ਼ਤਾਂ ਲਈ ਰਾਹਤ ਪ੍ਰਦਾਨ ਕਰਨ ਲਈ ਭਾਰਤ ਸਰਕਾਰ ਵੱਲੋਂ ਨੇਮਾਂ ਮੁਤਾਬਕ ਹੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਾਨੀ ਨੁਕਸਾਨ, ਫ਼ਸਲਾਂ, ਘਰਾਂ ਸਮੇਤ ਹੋਰ ਮਾਲੀ ਤੇ ਬੁਨਿਆਦੀ ਢਾਂਚੇ ਦੇ ਨੁਕਸਾਨ ਦਾ ਮੁਆਵਜ਼ਾ ਦੇਣ ਲਈ ਨਿਰਧਾਰਤ ਨਿਯਮਾਂ ਮੁਤਾਬਕ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਟੀਮ ਵਿੱਚ ਐਨ.ਡੀ.ਐਮ.ਏ. (ਐਮ.ਐੱਚ.ਏ.) ਰਵੀਨੇਸ਼ ਕੁਮਾਰ ਤੋਂ ਇਲਾਵਾ ਡਾਇਰੈਕਟਰ ਖੇਤੀਬਾੜੀ ਵਿਭਾਗ ਤੇ ਕਿਸਾਨ ਭਲਾਈ ਵਿਭਾਗ ਨਵੀਂ ਦਿੱਲੀ ਸ੍ਰੀ ਬੀ.ਕੇ. ਸ੍ਰੀਵਾਸਤਵਾ, ਹੈੱਡ ਫਲੱਡ ਮੈਪਿੰਗ ਅਤੇ ਸਾਇੰਸਟਿਕ -ਇੰਜੀਨੀਅਰ ਐਸ ਜੀ ਹਜਾਰਦ ਅਸੈੱਸਮੈਂਟ ਡਿਵੀਜਨ ਡਾ. ਏ.ਵੀ. ਸੁਰੇਸ਼ ਬਾਬੂ, ਸੈਕਟਰੀ ਰੂਰਲ ਡਿਵੈਲਪਮੈਂਟ ਕੈਲਾਸ਼ ਕੁਮਾਰ, ਡਾਇਰੈਕਟਰ ਐਮ.ਏ.ਸੈਂਟਰਲ ਵਾਟਰ ਕਮਿਸ਼ਨ ਅਸ਼ੋਕ ਕੁਮਾਰ ਜੇਫ, ਅਸਿਸਟੈਂਟ ਡਾਇਰੈਕਟਰ (ਪੀ.ਐੱਫ.ਐਸ.) ਐਕਸਪੈਂਡਚਿਰ ਵਿੱਤੀ ਵਿਭਾਗ ਸ੍ਰੀਮਤੀ ਅੰਜਲੀ ਮੌਰਿਆ, ਐਸ.ਈ.ਆਰ.ਈ. ਮਨਿਸਟਰੀ ਆਫ ਰੋਡ ਟਰਾਂਸਪੋਰਟ ਅਤੇ ਹਾਈਵੇ ਨਵੀਨ ਕੁਮਾਰ ਚੌਰਸਿਆ ਸ਼ਾਮਿਲ ਸਨ।

# 18 ਕਿੱਲੋ ਹੈਰੋਇਨ ਬਰਾਮਦਗੀ ਮਾਮਲੇ 'ਚ 5 ਹੋਰ ਗ੍ਰਿਫਤਾਰੀਆਂ



ਗੁਰਦਾਸਪੁਰ (ਜਨਕ ਮਹਾਜਨ)-ਜ਼ਿਲ੍ਹਾ ਗੁਰਦਾਸਪੁਰ ਪੁਲਸ ਨੇ ਅਮਰੀਕਾ ਦੇ ਰਹਿਣ ਵਾਲੇ ਇੱਕ ਵਿਅਕਤੀ ਦੇ ਇਸ਼ਾਰੇ ਤੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਸਪਲਾਈ ਕਰਨ ਲਈ ਜੰਮੂ ਕਸ਼ਮੀਰ ਦੇ ਸ਼੍ਰੀਨਗਰ ਤੋਂ ਲਿਆਈ ਜਾ ਰਹੀ 18 ਕਿਲੋ ਹੈਰੋਇਨ ਬਰਾਮਦਗੀ ਮਾਮਲੇ ਵਿਚ ਪੰਜ ਹੋਰ ਗ੍ਰਿਫਤਾਰੀਆਂ ਕਰਕੇ ਅੱਤਵਾਦੀਆਂ ਅਤੇ ਡਰਗ ਸਮਗਲਰਾਂ ਦੇ ਇੱਕ ਵੱਡੇ ਨੈਟਵਰਕ ਨੂੰ ਤੋੜਿਆ ਹੈ। ਗ੍ਰਿਫਤਾਰ ਕੀਤੇ ਗਏ ਪੰਜ ਦੇ ਪੰਜ ਵਿਅਕਤੀ ਜੰਮੂ ਕਸ਼ਮੀਰ ਦੇ ਰਹਿਣ ਵਾਲੇ ਹਨ ਅਤੇ ਉਨ੍ਹਾਂ ਪਾਸੋਂ ਹਥਿਆਰ ਅਤੇ ਲੱਖਾਂ ਰੁਪਏ ਦੀ ਨਗਦੀ ਵੀ ਬਰਾਮਦ ਕੀਤੀ ਗਈ ਹੈ। ਪੁਲਸ ਪੜਤਾਲ ਦੌਰਾਨ ਸਾਹਮਣੇ ਕਿ ਹੈਰੋਇਨ ਦੀ ਇਸ ਵੱਡੀ ਖੇਪ ਦਾ ਲਿੰਕ ਬਾਰਾਂਮੂੱਲਾ ਨਾਲ ਜੁੜਿਆ ਹੈ ਅਤੇ ਗਹਿਰਾਈ ਨਾਲ ਮਾਮਲੇ ਦੀਆਂ ਪਰਤਾਂ ਨੂੰ ਖੋਲਦੇ ਹੋਏ ਦੀਨਾਨਗਰ ਪੁਲਸ ਉਨ੍ਹਾਂ ਪੰਜ ਵਿਅਕਤੀਆਂ ਤੱਕ ਪਹੁੰਚੀ ਜਿਨ੍ਹਾਂ ਕੋਲੋਂ 27 ਜੁਲਾਈ ਨੂੰ ਫੜੇ ਗਏ ਪੰਜਾਬ ਦੇ ਤਿੰਨ ਵਿਅਕਤੀਆਂ ਵਲੋਂ 18 ਕਿਲੋ ਹੈਰੋਇਨ ਦੀ ਖੇਪ ਪ੍ਰਾਪਤ ਕੀਤੀ ਗਈ ਸੀ। ਮਾਮਲੇ ਦੀ ਪੜਤਾਲ ਦੌਰਾਨ ਉੜੀ ਦੇ ਰਹਿਣ ਵਾਲੇ ਮੁਹੰਮਦ ਰਵੀਲ ਅਤੇ ਮੁਖਤਿਆਰ ਅਹਿਮਦ, ਫਿਆਜ਼ ਅਹਿਮਦ ਇਮਤਯਾਜ਼ ਅਹਿਮਦ (ਤਿੰਨੋਂ ਭਰਾ) ਅਤੇ ਨਫੀਜ਼ ਪੁੱਤਰ ਮੁਹੰਮਦ ਲਤੀਫ ਦੀਨਾਨਗਰ ਪੁਲਸ ਦੇ ਕਾਬੂ ਆਏ ਹਨ। ਇਨ੍ਹਾਂ ਪਾਸੋਂ 11 ਲੱਖ 20 ਹਜ਼ਾਰ ਨਗਦੀ, 1 ਪਿਸਤੌਲ ਗਲਾਕ, 2 ਮੈਗਜ਼ੀਨ ਅਤੇ 46 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ। ਇਹ ਸਾਰੇ ਬੱਕਰੀ ਪਾਲਣ ਦਾ ਧੰਦਾ ਕਰਦੇ ਸਨ, ਪਰ ਆਪਣੇ ਇੱਕ ਪਾਕਿਸਤਾਨੀ ਰਿਸ਼ਤੇਦਾਰ ਦੀ ਬਦੌਲਤ ਜਿਆਦਾ ਪੈਸੇ ਕਮਾਉਣ ਦੇ ਲਾਲਚ ਵਿੱਚ ਦੇਸ਼ ਵਿਰੋਧੀ ਗਤੀਵਿਧੀਆਂ ਵਿੱਚ ਲੱਗ ਗਏ। ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਉਪਰੋਕਤ ਪਿਸਤੌਲ ਕਸ਼ਮੀਰ ਵਿਚ ਅੱਤਵਾਦੀ ਗਤੀਵਿਧੀਆਂ ਲਈ ਵਰਤੇ ਜਾਣੇ ਸਨ ਅਤੇ ਉਹ ਨਸ਼ੀਲੇ ਪਦਾਰਥ ਇਸ ਤੋਂ ਪਹਿਲਾਂ ਸ੍ਰੀਨਗਰ ਵਿੱਚ ਹੀ ਸਪਲਾਈ ਕਰ ਰਹੇ ਸਨ। ਗ੍ਰਿਫਤਾਰ ਕੀਤੇ ਗਏ ਤਸਕਰਾਂ ਨੇ ਇਹ ਵੀ ਮੰਨਿਆ ਹੈ ਕਿ ਉਹ ਐਲਓਸੀ ਸ੍ਰੀਨਗਰ ਤੋਂ ਵੱਖ-ਵੱਖ ਮਿਤੀਆਂ 'ਤੇ ਨਸ਼ੀਲੇ ਪਦਾਰਥ ਅਤੇ ਹਥਿਆਰ ਲੈ ਕੇ ਆਏ ਸੀ। ਮਾਮਲੇ ਵਿੱਚ ਹੋਰ ਵੀ ਗ੍ਰਿਫਤਾਰੀਆਂ ਹੋਣ ਦੀ ਉਮੀਦ ਹੈ।

## ਪੁਲ ਬਘਿਆੜੀ ਤੋਂ ਗੁਰਦੁਆਰਾ ਬੀੜ ਸਾਹਿਬ ਤੱਕ ਸੜਕ ਜਲਦੀ ਬਣਾਈ ਜਾਵੇਗੀ : ਡਾ. ਸੋਹਲ



ਸਰਾਏ ਅਮਾਨਤ ਖਾਂ (ਮੱਖਣ ਮਨੋਜ )-ਮਾਝੇ ਦੇ ਇਤਿਹਾਸਕ ਪਵਿੱਤਰ ਅਸਥਾਨ ਬੀੜ ਬਾਬਾ ਬੁੱਢਾ ਸਾਹਿਬ ਨੂੰ ਜਾਂਦੀ ਅਟਾਰੀ ਰੋਡ ਪੁੱਲ ਬਘਿਆੜੀ ਤੋਂ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਨੂੰ ਜਾਂਦੀ ਸੜਕ ਜਿਹੜੀ ਪਿਛਲੇ ਕਈ ਸਾਲਾਂ ਤੋਂ ਟੁੱਟਕੇ ਵੱਡੇ ਵੱਡੇ ਟੋਇਆਂ ਨਾਲ ਭਰੀ ਪਈ ਹੈ ਨੂੰ ਇਲਾਕੇ ਦੇ ਲੋਕਾਂ ਦੀ ਮੰਗ ਤੇ ਜਲਦੀ ਹੀ ਬਣਾਕੇ ਤਿਆਰ ਕੀਤਾ ਜਾ ਰਿਹਾ ਹੈ ਤਾਂ ਕਿ ਗੁਰਦੁਆਰਾ ਬੀੜ ਸਾਹਿਬ, ਗੁਰਦੁਆਰਾ ਸੰਨ ਸਾਹਿਬ ਤੇ ਛੇਹਰਟਾ ਸਾਹਿਬ ਨੂੰ ਜਾਣ ਵਾਲੀਆ ਸੰਗਤਾਂ ਨੂੰ ਖੱਜਲ ਖਰਾਬ ਨਾ ਹੋਣਾ ਪਵੇ।

ਇਸ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਲਕਾ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਨੇ ਕਿਹਾ ਕਿ ਇਸ ਸੜਕ ਨੂੰ ਬਾਬਾ ਬੁੱਢਾ ਸਾਹਿਬ ਦਾ ਸਾਲਾਨਾ ਜੋੜ ਮੇਲਾ ਜੋ ਅਕਤੂਬਰ ਮਹੀਨੇ ਆ ਰਿਹਾ ਹੈ ਤੋਂ ਪਹਿਲਾਂ ਬਣਾ ਕੇ ਤਿਆਰ ਕਰ ਦਿੱਤਾ ਜਾਵੇਗਾ।

ਇਸ ਸੰਬੰਧੀ ਮੰਡੀਕਰਨ ਬੋਰਡ ਦੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕਰ ਦਿੱਤੇ ਹਨ। ਇਸ ਸਮੇਂ ਡਾਕਟਰ ਕੁਲਦੀਪ ਸਿੰਘ ਰੰਧਾਵਾ, ਮਾਣਕ ਸਿੰਘ ਹੈਪੀ, ਗੁਰਵਿੰਦਰ ਸਿੰਘ ਵਿਸਕੀ ਢਿੱਲੋਂ ਮਨਜਿੰਦਰ ਸਿੰਘ ਮੰਨੀਂ ਭੋਜੀਆ, ਤਰਸੇਮ ਸਿੰਘ ਸੋਹਲ, ਅਰਵਿੰਦਰ ਸਿੰਘ ਰਾਜੂ, ਗੁਰਪਿੰਦਰ ਸਿੰਘ ਨਾਥੂ ਬਾਬਾ ਲੰਗਾਹ, ਰਜੇਸ਼ ਕੁਮਾਰ ਹੈਪੀ ਅੱਡਾ ਝਬਾਲ, ਬਲਵਿੰਦਰ ਸਿੰਘ ਫੌਜੀ ਝਬਾਲ, ਸਰਪੰਚ ਤੇਜਿੰਦਰ ਸਿੰਘ ਵਿੱਕੀ ਕੋਟ ਆਦਿ ਹਾਜ਼ਰ ਸਨ।

# ਬਾਬਾ ਗੁਰਦੀਪ ਸਿੰਘ ਖੁਜਾਲੇ ਵਾਲੇ ਵਿਦੇਸ਼ ਰਵਾਨਾ



ਤਰਸਿੱਕਾ , (ਤਰਸੇਮ ਸਿੰਘ ਸਾਧਪੁਰ) ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਸੰਪਰਦਾਇ ਹਰਖੋਵਾਲ ਖੁਜਾਲਾ ਵਾਲਿਆ ਦੇ ਮੁਖੀ ਸੰਤ ਬਾਬਾ ਗੁਰਦੀਪ ਸਿੰਘ ਖੁਜਾਲਾ ਵਾਲੇ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਵਿਦੇਸ਼ਾਂ 'ਚ ਆਪਣੇ ਜਥੇ ਸਮੇਤ ਗੁਰਦੁਆਰਾ ਸ੍ਰੀ ਨਾਨਕ ਦਰਬਾਰ ਖੁਜਾਲਾ ਤੋਂ ਰਵਾਨਾ ਹੋਏ। ਇਸ ਸਮੇਂ ਪੰਜਾਬ ਭਰ ਤੋਂ ਆਈਆ ਸੰਗਤਾਂ ਨੇ ਮਹਾਂਪੁਰਸ਼ਾ ਨੂੰ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਚਰਨਾ 'ਚ ਅਰਦਾਸ ਬੇਨਤੀ ਕਰਕੇ ਰਵਾਨਾ ਕੀਤਾ ਗਿਆ। ਇਸ ਦੌਰਾਨ ਸੰਤ ਬਾਬਾ ਗੁਰਦੀਪ ਸਿੰਘ ਖੁਜਾਲਾ ਵਾਲਿਆ ਦੇ ਗੜ੍ਹਵਈ ਭਾਈ ਦੀਪ ਸਿੰਘ ਨੇ ਪੱਤਰਕਾਰਾ ਨੂੰ ਦੱਸਿਆ ਕਿ ਸੰਤ ਬਾਬਾ ਗੁਰਦੀਪ ਸਿੰਘ ਤਕਰੀਬਨ ਇਕ ਮਹੀਨਾ ਵੱਖ-ਵੱਖ ਦੇਸ਼ਾ ਦੀ ਧਰਤੀ 'ਤੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਪਾਵਨ ਗੁਰਬਾਣੀ ਦੇ ਕੀਰਤਨ, ਕਥਾ, ਸੰਗਤਾ ਨੂੰ ਸਰਵਨ ਕਰਉਣਗੇ। ਇਸ ਮੌਕੇ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ (ਮੱਤੇਵਾਲ ) ਦੇ ਮੁੱਖੀ ਸੰਤ ਬਾਬਾ ਸੱਜਣ ਸਿੰਘ ਤੋਂ ਇਲਾਵਾ ਇਕਬਾਲ ਸਿੰਘ ਸ਼ਾਹ ਮਹਿਤਾ, ਸਰਪੰਚ ਪਲਵਿੰਦਰ ਸਿੰਘ ਖੁਜਾਲਾ, ਸਰਪੰਚ ਸਾਹਿਬ ਸਿੰਘ ਖੁਜਾਲਾ, ਸਰਪੰਚ ਬਲਵਿੰਦਰ ਸਿੰਘ ਖੁਜਾਲਾ, ਸਰਪੰਚ ਗੁਰਬਖਸ਼ ਸਿੰਘ ਖੁਜਾਲਾ, ਸਰਪੰਚ ਹਰਭਿੰਦਰ ਸਿੰਘ ਖੁਜਾਲਾ, ਗਿਆਨੀ ਗੁਰਤੇਗ ਸਿੰਘ ਕਨੈਡਾ, ਮਾਸਟਰ ਜੱਸਾ ਸਿੰਘ ਖੁਜਾਲਾ, ਸਰਪੰਚ ਗੁਰਮੀਤ ਸਿੰਘ ਜੈਂਤੀਪੁਰ, ਐਡਵੋਕੇਟ ਨਵਪ੍ਰੀਤ ਸਿੰਘ ਜੈਂਤੀਪੁਰ, ਕੈਪਟਨ ਤਰਸੇਮ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ, ਥਾਣੇਦਾਰ ਨਿਰਮਲ ਸਿੰਘ ਨੰਗਲ ਪੰਨਵਾ,ਬਾਬਾ ਹਰਪਾਲ ਸਿੰਘ ਜੰਡ, ਰਣਜੀਤ ਸਿੰਘ ਚੁਗਾਵਾ, ਸੰਤ ਬਾਬਾ ਗੁਰਦੀਪ ਸਿੰਘ ਖੁਜਾਲੇ ਵਾਲਿਆ ਦਾ ਗੜ੍ਹਵਈ ਭਾਈ ਦੀਪ ਸਿੰਘ, ਭਾਈ ਜਰਨੈਲ ਸਿੰਘ ਕੀਰਤਨੀ ਜਥਾ, ਭਾਈ ਰਣਜੀਤ ਸਿੰਘ ਬਟਾਲਾ ਆਦਿ ਬਹੁਤ ਭਾਰੀ ਗਿਣਤੀ ਵਿੱਚ ਸੰਗਤਾ ਨੇ ਬਾਬਾ ਜੀ ਨੂੰ ਫੁੱਲਾ ਦੀ ਵਰਖਾ ਕਰਕੇ ਵਿਦੇਸਾਂ ਨੂੰ ਰਵਾਨਾ ਕੀਤਾ ਗਿਆ।

## ਬੱਚਿਆਂ ਨੂੰ ਭੀਖ ਮੰਗਣ ਤੋਂ ਰੋਕਣ ਲਈ ਬਣਾਈ ਜਾਵੇਗੀ ਵਿਸ਼ੇਸ਼ ਟੀਮ: ਡੀ ਸੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਡੀਸੀ ਅਮਿਤ ਤਲਵਾੜ ਨੇ ਸ਼ਹਿਰ ਵਿਚ ਬੱਚਿਆਂ ਦੁਆਰਾ ਭੀਖ ਮੰਗਣ ਦੀ ਵੱਧ ਰਹੀ ਤਾਦਾਦ ਨੂੰ ਰੋਕਣ ਲਈ ਠੋਕ ਕਦਮ ਚੁੱਕਣ ਦੇ ਆਦੇਸ਼ ਦਿੱਤੇ। ਉਨਾਂ ਕਿਹਾ ਕਿ ਜ਼ਿਲ੍ਹੇ ਵਿਚ ਬਾਲ ਭਿੱਖਿਆ ਨੂੰ ਰੋਕਣ ਲਈ ਜਾਗਰੂਕਤਾ ਮੁਹਿੰਮ ਵੀ ਚਲਾਈ ਜਾਵੇ ਤਾਂ ਜੋ ਲੋਕ ਵੀ ਇਸ ਕੰਮ ਵਿਚ ਸਰਕਾਰ ਦਾ ਸਾਥ ਦੇਣ। ਉਨ੍ਹਾਂ ਕਿਹਾ ਕਿ ਇਸ ਲਈ ਪੋਸਟਰ, ਫਲੈਕਸ, ਬੈਨਰਜ਼, ਹੋਰਡਿੰਗਜ਼ ਆਦਿ ਲਗਾਏ ਜਾਣ ਅਤੇ ਬਾਲ ਭਿੱਖਿਆ ਨੂੰ ਰੋਕਣ ਲਈ ਮਾਰੇ ਗਏ ਛਾਪੇ ਦੌਰਾਨ ਭੀਖ ਤੋਂ ਹਟਾਏ ਗਏ ਬੱਚਿਆਂ ਨੂੰ ਸਕੂਲਾਂ ਨਾਲ ਜੋੜਿਆ ਜਾਵੇ ਅਤੇ ਦੂਜੇ ਰਾਜਾਂ ਨਾਲ ਸਬੰਧਤ ਬੱਚਿਆਂ ਨੂੰ ਉਨਾਂ ਦੇ ਪਿਤਰੀ ਰਾਜ ਵਿੱਚ ਭੇਜਿਆ ਜਾਵੇ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਬਾਲ ਭਿੱਖਿਆ ਨੂੰ ਰੋਕਣ ਵਾਸਤੇ ਅਗੇ ਆਉਣ ਅਤੇ ਅਜਿਹੇ ਬੱਚਿਆਂ ਨੂੰ ਪੈਸੇ ਨਾ ਦੇ ਕੇ ਉਨ੍ਹਾਂ ਦੀਆਂ ਜ਼ਰੂਰਤ ਦੀਆਂ ਵਸਤੂਆਂ ਦਿੱਤੀਆਂ ਜਾਣ। ਉਨਾਂ ਕਿਹਾ ਕਿ ਇਨਾਂ ਬੱਚਿਆਂ ਸਬੰਧੀ ਸੂਚਨਾ ਦੇਣ ਲਈ ਚਾਈਲਡ ਹੈਲਪਲਾਈਨ ਨੰਬਰ 112 ਅਤੇ 1098 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੀਟਿੰਗ ਵਿੱਚ ਕੁਲਦੀਪ ਕੌਰ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ, ਯੋਗੇਸ਼ ਕੁਮਾਰੀ ਬਾਲ ਸੁਰੱਖਿਆ ਅਫ਼ਸਰ, ਅਸੀਸਇੰਦਰ ਸਿੰਘ ਸੈਕਟਰੀ ਰੈੱਡ ਕਰਾਸ ਸੁਸਾਇਟੀ, ਬਲਦੇਵ ਸਿੰਘ ਚੇਅਰਪਰਸਨ ਬਾਲ ਭਲਾਈ ਕਮੇਟੀ, ਰਾਜੇਸ਼ ਸ਼ਰਮਾ ਜ਼ਿਲ੍ਹਾ ਸਿੱਖਿਆ ਅਫ਼ਸਰ, ਸੁਖਵਿੰਦਰ ਸਿੰਘ ਏਐਸਆਈ ਪੁਲਸ ਵਿਭਾਗ, ਡਾ. ਨਵਦੀਪ ਕੌਰ ਸਿਹਤ ਵਿਭਾਗ, ਪਰਮਿੰਦਰ ਸਿੰਘ ਕਿਰਤ ਵਿਭਾਗ, ਵਿਕਰਮਜੀਤ ਡਿਪਟੀ ਡਾਇਰੈਕਟਰ ਜ਼ਿਲ੍ਹਾ ਰੋਜ਼ਗਾਰ ਅਤੇ ਉੱਦਮ ਬਿਊਰੋ, ਪਵਨ ਕੋਆਰਡੀਨੇਟਰ ਚਾਈਲਡ ਲਾਈਨ ਦੇ ਮੈਂਬਰ ਹਾਜ਼ਰ ਸਨ।

## *ਰਾਜਿੰਦਰ ਸ਼ਰਮਾ ਸਾਥੀਆਂ ਸਮੇਤ 'ਆਪ' 'ਚ ਸ਼ਾਮਲ*



ਬਟਾਲਾ (ਡਾਕਟਰ ਮਲਵਿੰਦਰ ਸਿੰਘ) ਕਾਂਗਰਸ ਪਾਰਟੀ ਨਾਲ ਲੰਬੇ ਸਮੇਂ ਤੋਂ ਜੁੜੇ ਅਣਥੱਕ ਸੀਨੀਅਰ ਆਗੂ ਰਾਜਿੰਦਰ ਸ਼ਰਮਾ ਆਪਣੇ ਕਈ ਪਰਵਾਰਾਂ ਤੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸਾਮਲ ਹੋ ਗਏ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਤੇ ਰਾਜਿੰਦਰ ਸ਼ਰਮਾ ਤੇ ਉਨ੍ਹਾਂ ਦੇ ਸਾਥੀਆਂ ਅਤੇ ਪਰਵਾਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਲੋਕਾਂ ਦੀ ਪਾਰਟੀ ਹੈ ਅਤੇ ਇਸ ਪਾਰਟੀ 'ਚ ਸ਼ਾਮਲ ਹੋਣ ਵਾਲੇ ਹਰ ਵਿਅਕਤੀ ਦਾ ਪੂਰਾ ਮਾਣ ਸਨਮਾਨ ਕੀਤਾ ਜਾਵੇਗਾ। ਇਸ ਮੌਕੇ ਹਰੀਦੇਵ ਸ਼ਰਮਾ, ਜਗਦੀਸ਼ ਮਿੱਤਰ ਸ਼ਰਮਾ, ਰਮੇਸ਼ ਚੱਕੀ ਵਾਲਾ, ਜਸਪਾਲ ਸਿੰਘ ਕਾਹਲੋਂ, ਬਲਵਿੰਦਰ ਸ਼ਰਮਾ, ਅਨਿਲ ਸ਼ਰਮਾ, ਰਵਿੰਦਰ ਸ਼ਰਮਾ, ਡਾ. ਵਿਕਾਸ ਸ਼ਰਮਾ, ਸਾਹਿਲ ਸ਼ਰਮਾ, ਪ੍ਰਦੀਪ ਸ਼ਰਮਾ, ਕੁਲਦੀਪ ਸ਼ਰਮਾ, ਸੰਦੀਪ ਸ਼ਰਮਾ, ਅਨੀਲ ਸ਼ਰਮਾ ਰਿਟਾਇਰ ਪ੍ਰਿੰਸੀਪਲ, ਸੁਨੀਲ ਕੁਮਾਰ, ਪਵਨ ਕੁਮਾਰ ਕਸ਼ਮੀਰ ਸਿੰਘ ਭੱਲਾ ਤੇ ਅੰਦਵੈਤ ਸ਼ਰਮਾ ਆਦਿ ਮੌਜੂਦ ਸਨ।

ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਆਪ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਲੋਕਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਰਵਾਇਤੀ ਪਾਰਟੀਆਂ ਦੇ ਆਗੂ/ਵਰਕਰ, ਦਿਨੋ-ਦਿਨ ਆਪ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਤੇ ਆਪ ਪਾਰਟੀ ਦਾ ਕਾਫਲਾ ਲਗਾਤਾਰ ਵੱਧ ਰਿਹਾ ਹੈ, ਜੋ ਖੁਸੀ ਵਾਲੀ ਗੱਲ ਹੈ।

## *ਆਂਗਣਵਾੜੀ ਵਰਕਰਾਂ ਤੇ ਹੈਲਪਰਾਂ 15 ਨੂੰ ਪੰਜਾਬ ਭਰ 'ਚ ਕਾਲਾ ਦਿਵਸ ਮਨਾਉਣਗੀਆਂ*



ਗੁਰਦਾਸਪੁਰ (ਜਨਕ ਮਹਾਜਨ)-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੀ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਅਤੇ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਪੰਜਾਬ ਭਰ ਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਆਪਣੀਆਂ ਮੰਗਾਂ ਨੂੰ ਲੈ ਕੇ 15 ਅਗਸਤ ਨੂੰ ਕਾਲਾ ਦਿਵਸ ਮਨਾਉਣਗੀਆਂ ਤੇ ਉਸ ਦਿਨ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੇ ਘਰਾਂ ਅੱਗੇ ਕਾਲੀਆਂ ਚੁੰਨੀਆਂ ਲੈ ਕੇ ਰੋਸ ਪ੍ਰਦਰਸ਼ਨ ਕਰਨਗੀਆਂ।

ਇਹ ਜਾਣਕਾਰੀ ਯੂਨੀਅਨ ਦੀ ਬਲਾਕ/ਜ਼ਿਲ੍ਹਾ ਆਰਜੀ ਪ੍ਰਧਾਨ ਸੋਨਿਰਮਲ ਕੌਰ ਨੇ ਦਿੱਤੀ। ਉਨ੍ਹਾਂ ਕਿਹਾ ਕਿ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਉਦੋਂ ਤੋਂ ਹੀ ਵਰਕਰਾਂ ਤੇ ਹੈਲਪਰਾਂ ਨੂੰ ਤਨਖਾਹਾਂ ਸਮੇਂ ਸਿਰ ਨਹੀਂ ਮਿਲੀਆਂ ਤੇ ਵਰਕਰਾਂ ਤੇ ਹੈਲਪਰਾਂ ਰੁਲਦੀਆਂ ਫਿਰਦੀਆਂ ਹਨ ਤੇ ਮਹਿੰਗਾਈ ਦੇ ਯੁੱਗ ਵਿੱਚ ਔਖ ਭਰੀ ਜ਼ਿੰਦਗੀ ਕੱਟ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜਥੇਬੰਦੀ ਦੀ ਪੰਜਾਬ ਸਰਕਾਰ ਨੂੰ ਸਖਤ ਚਿਤਾਵਨੀ ਹੈ ਕਿ ਜੇਕਰ ਉਹਨਾਂ ਦੀਆਂ ਮੰਗਾਂ ਜਲਦੀ ਨਾ ਮੰਨੀਆਂ ਗਈਆਂ ਤਾਂ ਸੰਘਰਸ਼ ਇਸ ਤੋਂ ਵੀ ਵੱਡਾ ਕੀਤਾ ਜਾਵੇਗਾ।

# ਇੰਪਲਾਈਜ ਫੈਡਰੇਸਨ ਏਟਕ ਦੀ ਮੀਟਿੰਗ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ) ਈ ਪੀ ਐਸ ਈ ਬੀ ਇੰਪਾਇਲ ਫੈਡਰੇਸ਼ਨ ਏਟਕ ਦੀ ਇੱਕ ਮੀਟਿੰਗ ਸਬ ਡਵੀਜਨ ਫਤਿਹਪੁਰ ਰਾਜਪੂਤਾਂ (ਨਵਾਂ ਪਿੰਡ) ਵਿਖੇ ਹੋਈ। ਇਸ ਮੌਕੇ ਯੂਨੀਅਨ ਦੇ ਮੁਲਾਜ਼ਮਾਂ ਤੇ ਕਰਮਚਾਰੀਆਂ ਨੇ ਉਹਨਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਤੇ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਸਬ ਡਵੀਜਨ ਫਤਿਹਪੁਰ ਰਾਜਪੂਤਾਂ ਵਿਖੇ ਮੁਲਾਜਮਾਂ ਤੇ ਪਾਵਰ ਕਰਮਚਾਰੀਆਂ ਨੂੰ ਸਟਾਫ ਦੀ ਘਾਟ ਹੋਣ ਕਾਰਨ ਉਹਨਾਂ ਨੂੰ ਇੱਕ ਨਹੀਂ ਸਗੋਂ ਅਨੇਕਾਂ ਤਰ੍ਹਾਂ ਦੀਆਂ ਸੱਮਸਿਆਂਵਾਂ ਆ ਰਹੀਆ ਹਨ ਤੇ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਦਬਾਅ ਹੇਠ ਕੰਮ ਕਰਨਾ ਪੈ ਰਿਹਾ ਹੈ, ਜਿਸ ਕਾਰਨ ਹਾਦਸੇ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਲਈ ਬੁਲਾਰਿਆਂ ਨੇ ਭੰਗਵਤ ਮਾਨ ਸਰਕਾਰ ਖਾਸ ਕਰਕੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਕੋਲੋਂ ਮੰਗ ਕੀਤੀ ਹੈ ਕਿ ਮੁਲਾਜਮਾਂ ਦੀ ਰੈਗੂਲਰ ਭਰਤੀ ਕੀਤੀ ਜਾਵੇ ਤਾਂ ਕਿ ਉਨ੍ਹਾਂ ਨੂੰ ਆ ਰਹੀਆਂ ਮੁਸਕਲਾਂ ਦਾ ਹੱਲ ਹੋ ਸਕੇ। ਮੀਟਿੰਗ ਉਪਰੰਤ ਸਾਰੇ ਹੀ ਮੁਲਾਜਮਾਂ ਨੇ ਉਪ ਮੰਡਲ ਅਫਸਰ ਫਤਿਹਪੁਰ ਰਾਜਪੂਤਾਂ ਪੰਕਜ ਕੁਮਾਰ ਨਾਲ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਸਰਕਲ ਪ੍ਰਧਾਨ ਨਰਿੰਦਰ ਸਿੰਘ ਗਿੱਲ, ਸਬ ਡਵੀਜਨ ਸਕੱਤਰ ਜੇ ਈ ਰਤਨ ਸਿੰਘ, ਡਵੀਜਨ ਪ੍ਰਧਾਨ ਦਵਿੰਦਰ ਸਿੰਘ ਅਕਾਲਗੜ੍ਹ, ਸਬ ਡਵੀਜਨ ਦੇ ਪ੍ਰਧਾਨ ਜੰਗਬੀਰ ਸਿੰਘ ਰਾਏਪੁਰ ਕਲਾਂ, ਜੇਈ ਸੁਖਰਾਜ ਸਿੰਘ ਚਾਹਲ ਰਸੂਲਪੁਰ ਕਲਾਂ, ਜੇ ਈ ਮਲਕੀਤ ਸਿੰਘ ਮਹਿਣੀਆਂ, ਕਲਵਿੰਦਰ ਸਿੰਘ, ਸੁਚਾ ਸਿੰਘ, ਹਰਪ੍ਰੀਤ ਸਿੰਘ ਜਗਦੇਵ ਕਲਾਂ, ਰਵੀ ਤੇ ਹੋਰ ਵੀ ਪਾਵਰ ਕਾਮ ਦੇ ਕਈ ਸਾਥੀ ਹਾਜ਼ਰ ਸਨ ।

# ਆਜ਼ਾਦੀ ਦਿਵਸ ਦੀਆਂ ਤਿਆਰੀਆਂ, ਫੁੱਲ ਡਰੈੱਸ ਰਿਹਰਸਲ ਭਲਕੇ



ਬਟਾਲਾ (ਡਾਕਟਰ ਮਲਵਿੰਦਰ ਸਿੰਘ) ਡਾ. ਸ਼ਾਇਰੀ ਭੰਡਾਰੀ ਐਸ ਡੀ ਐਮ-ਕਮ-ਕਮਿਸ਼ਨਰ ਕਾਰਪੋਰੇਸ਼ਨ ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਆਜ਼ਾਦੀ ਦਿਵਸ ਸਮਾਗਮ ਮਨਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਜਿਸ ਦੇ ਚੱਲਦਿਆਂ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵਲੋਂ ਦੇਸ਼ ਭਗਤੀ 'ਤੇ ਆਧਾਰਿਤ ਸੱਭਿਆਚਾਰਕ ਸਮਾਗਮ 'ਚ ਹਿੱਸਾ ਲੈਣ ਲਈ ਪੂਰੇ ਜੋਸ਼ 'ਤੇ ਉਤਸ਼ਾਹ ਨਾਲ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਇਸ ਸੰਬੰਧੀ ਤਹਿਸਲੀਦਾਰ ਅਭਿਸ਼ੇਕ ਵਰਮਾ ਨੇ ਦੱਸਿਆ ਕਿ ਆਜ਼ਾਦੀ ਦਿਵਸ ਮੌਕੇ ਪੇਸ਼ ਕੀਤੇ ਜਾਣ ਵਾਲੇ ਸੱਭਿਆਚਾਰਕ ਸਮਾਗਮ ਲਈ ਆਰ ਆਰ ਬਾਵਾ ਡੀ ਏ ਵੀ ਕਾਲਜ ਫਾਰ ਵਿਮੈਨ, ਬਟਾਲਾ ਵਿਖੇ ਰਿਹਰਸਲਾਂ ਕੀਤੀਆਂ ਗਈਆਂ ਹਨ।

ਉਨ੍ਹਾਂ ਦੱਸਿਆ ਕਿ 12 ਅਗਸਤ ਨੂੰ ਸਮਾਗਮ ਵਾਲੀ ਥਾਂ ਰਾਜੀਵ ਗਾਂਧੀ ਸਟੇਡੀਅਮ, ਪੋਲੀਟੈਕਨਿਕ ਕਾਲਜ ਬਟਾਲਾ ਵਿਖੇ ਫੁੱਲ ਡਰੈੱਸ ਰਿਹਰਸਲ ਸਵੇਰੇ 8.58 ਵਜੇ ਹੋਵੇਗੀ।

ਇਸ ਮੌਕੇ ਸ਼ਸ਼ੀ ਭੂਸ਼ਨ ਵਰਮਾ ਐਮ ਡੀ ਐਫ.ਸੀ ਵਰਮਾ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਭੰਡਾਰੀ ਗੇਟ ਬਟਾਲਾ,ਹਰਜਿੰਦਰ ਸਿੰਘ ਕਲਸੀ ਡੀਪੀਆਰਓ, ਪ੍ਰੋ. ਜਸਬੀਰ ਸਿੰਘ, ਡਾ. ਸਤਿੰਦਰਜੀਤ ਕੌਰ, ਮੈਡਮ ਨੀਟਾ ਭਾਟੀਆ ਤੇ ਸਕੂਲਾਂ ਦੇ ਅਧਿਆਪਕ ਮੌਜੂਦ ਸਨ।

## *ਗਰਭਵਤੀਆਂ 'ਚ ਅਨੀਮੀਆ ਦੀ ਜਾਂਚ ਲਈ ਕੈਂਪ ਲਗਾਇਆ*



ਗੁਰਦਾਸਪੁਰ (ਜਨਕ ਮਹਾਜਨ)- ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਅਨੀਤਾ ਗੁਪਤਾ ਦੀ ਅਗਵਾਈ ਹੇਠ ਪੀ. ਐੱਚ. ਸੀ. ਰਣਜੀਤ ਬਾਗ਼ ਵਿਖੇ ਗਰਭਵਤੀਆਂ 'ਚ ਖ਼ੂਨ ਦੇ ਪੱਧਰ ਦੀ ਜਾਂਚ ਲਈ ਕੈਂਪ ਲਗਾਇਆ ਗਿਆ। ਕੈਂਪ ਵਿਚ ਗਰਭਵਤੀ ਔਰਤਾਂ, ਦੁੱਧ ਪਿਲਾਉਣ ਵਾਲੀਆਂ ਮਾਵਾਂ ਦੀ ਜਾਂਚ ਕੀਤੀ ਗਈ। ਡਾ. ਅਨੀਤਾ ਨੇ ਦੱਸਿਆ ਕਿ ਅਨੀਮੀਆ ਮੁਕਤ ਪੰਜਾਬ ਅਭਿਆਨ ਤਹਿਤ ਬੱਚਿਆਂ, ਸਕੂਲੀ ਵਿਦਿਆਰਥਣਾਂ, ਗਰਭਵਤੀਆਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਦੇ ਖ਼ੂਨ ਦੀ ਜਾਂਚ ਕਰਨ ਅਤੇ ਅਨੀਮੀਆ ਦਾ ਸ਼ਿਕਾਰ ਮਰੀਜ਼ਾਂ ਦਾ ਪੂਰਕ ਆਹਾਰ 'ਤੇ ਦਵਾਈਆਂ ਨਾਲ ਇਲਾਜ ਕਰਨ ਦਾ ਟੀਚਾ ਮਿਥਿਆ ਗਿਆ ਹੈ। ਇਸ ਮੌਕੇ ਬੀ.ਈ.ਈ ਸੰਦੀਪ ਕੌਰ ਨੇ ਦੱਸਿਆ ਕਿ ਇਸ ਕੈਂਪ ਤੋਂ ਇਲਾਵਾ ਸਿਹਤ ਕਾਮਿਆਂ ਵੱਲੋਂ ਸਾਰੇ ਟੀਕਾਕਰਨ ਸੈਸ਼ਨਾਂ 'ਤੇ ਅਨੀਮੀਆ ਸਬੰਧੀ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਕੈਂਪ ਵਿਚ ਡਾ. ਅਦਿਤੀ, ਮਨਜੀਤ ਕੌਰ ਐਲ. ਐੱਚ. ਵੀ, ਕੁਲਵੰਤ ਕੌਰ ਐਲ. ਐੱਚ. ਵੀ, ਪਲਵਿੰਦਰ ਕੌਰ ਐਮ ਐਲ ਟੀ, ਮਨਜੀਤ ਕੌਰ ਫਾਰਮਾਸਿਸਟ ਅਤੇ ਆਸ਼ਾ ਵਰਕਰਾਂ ਮੌਜੂਦ ਸਨ।

# ਸਰਪੰਚ ਹਰਪਾਲ ਸਿੰਘ ਅੱਠ ਪੰਚਾਇਤ ਮੈਂਬਰਾਂ ਸਮੇਤ 'ਆਪ' ਚ ਸ਼ਾਮਲ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਹਲਕਾ ਕਾਦੀਆਂ ਦੇ ਬਲਾਕ ਧਾਰੀਵਾਲ ਵਿੱਚ ਪੈਂਦੇ ਪਿੰਡ ਕੰਗ ਦੇ ਮੌਜੂਦਾ ਸਰਪੰਚ ਹਰਪਾਲ ਸਿੰਘ ਆਪਣੇ 8 ਪੰਚਾਇਤ ਮੈਂਬਰਾਂ ਅਤੇ ਵੱਡੀ ਗਿਣਤੀ ਵਿੱਚ ਆਪਣੇ ਸਾਥੀਆਂ ਸਮੇਤ ਐਡਵੋਕੇਟ ਜਗਰੂਪ ਸਿੰਘ ਸੇਖਵਾਂ (ਜਨਰਲ ਸਕੱਤਰ ਪੰਜਾਬ) ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸਾਮਿਲ ਹੋਏ । ਆਮ ਪਾਰਟੀ ਵਿੱਚ ਸਾਮਿਲ ਹੋਣ ਵਾਲਿਆਂ ਵਿੱਚ ਸਰਪੰਚ ਹਰਪਾਲ ਸਿੰਘ, ਪੰਚ ਅਮਰਜੀਤ ਸਿੰਘ, ਪ੍ਰਸ਼ੋਤਮ ਕੁਮਾਰ, ਮੰਗਤ ਰਾਮ, ਵਿਜੈ ਕੁਮਾਰ, ਪ੍ਰਵੇਜ ਮਸੀਹ, ਸਾਹਿਬ ਸਿੰਘ, ਦਿਲਬਾਗ ਸਿੰਘ, ਸੁੱਚਾ ਸਿੰਘ, ਦਲਬੀਰ ਨੰਬੜਦਾਰ ਆਦਿ ਕਾਂਗਰਸ ਪਾਰਟੀ ਨੂੰ ਅਲਵਿਦਾ ਆਖ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ । ਇਸ ਮੌਕੇ ਜਗਰੂਪ ਸਿੰਘ ਸੇਖਵਾਂ ਜੀ ਨੇ ਪਾਰਟੀ ਵਿੱਚ ਸਾਮਿਲ ਹੋਣ ਵਾਲੇ ਸਾਰੇ ਪਰਿਵਾਰਾਂ ਦਾ ਸਵਾਗਤ ਕੀਤਾ ਅਤੇ ਆਮ ਆਦਮੀ ਪਾਰਟੀ ਦੇ ਲੋਕ ਪੱਖੀ ਕੀਤੇ ਜਾ ਰਹੇ ਕੰਮਾਂ ਤੋਂ ਜਾਣੂ ਕਰਵਾਇਆ। ਇਸ ਮੌਕੇ ਮਾਰਕਿਟ ਕਮੇਟੀ ਧਾਰੀਵਾਲ ਦੇ ਚੇਅਰਮੈਨ ਭੁਪਿੰਦਰ ਸਿੰਘ, ਹਰਜੀਤ ਸਿੰਘ ਟਿੱਕਾ, ਦਿਲਬਾਗ ਸਿੰਘ ਘੁੰਮਣ, ਬਾਊ ਜਤਿੰਦਰ ਸਿੰਘ, ਗੁਰਮੇਜ ਸਿੰਘ, ਮਨਦੀਪ ਸਿੰਘ, ਬਲਵਿੰਦਰ ਸਿੰਘ, ਬਲਕਾਰ ਸਿੰਘ, ਰਮਨ ਵਾਹਲਾ, ਰੈਣੂ ਕੰਗ, ਜਤਿੰਦਰ ਕੌਰ ਖੁੰਡੀ, ਬਲਦੇਵ ਸਿੰਘ ਨਿਮਾਣਾ, ਅੰਮ੍ਰਿਤਪਾਲ ਸਿੰਘ ਬੱਲ, ਗੁਰਦੇਵ ਸਿੰਘ ਸਾਹੀ, ਗੁਰਮਾਮ ਸਿੰਘ ਬੁੱਟਰ, ਸਤਨਾਮ ਸਿੰਘ, ਅਮੈਨੂਅਲ, ਸੁਖਦੇਵ ਸਿੰਘ ਗੋਲਡੀ, ਰਮੇਸ ਮੇਸਾ ਜੀ, ਦੁੱਗਲ ਪ੍ਰਧਾਨ, ਮਨਿੰਦਰਪਾਲ ਘੁੰਮਣ, ਚਰਨਜੀਤ ਸਿੰਘ, ਸਤਿੰਦਰ ਸਿੰਘ, ਗੁਰਨਾਮ ਸਿੰਘ, ਬਲਵਿੰਦਰ ਸਿੰਘ ਸੋਨਾ ਬਾਜਵਾ, ਹਰਮਨ ਬਾਜਵਾ ਆਦਿ ਹਾਜ਼ਰ ਸਨ ।

# ਟਰੱਸਟ ਹਰ ਮਹੀਨੇ 150 ਪਰਵਾਰਾਂ ਨੂੰ ਦਿੰਦਾ ਹੈ ਆਰਥਕ ਸਹਾਇਤਾ



ਪੱਟੀ, (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ) - ਲੋੜਵੰਦਾਂ ਲੋਕਾਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾਕਟਰ ਐਸ ਪੀ ਸਿੰਘ ਓਬਰਾਏ ਕਿਸੇ ਜਾਣ ਪਹਿਚਾਣ ਦੇ ਮੁਥਾਜ ਨਹੀਂ ਹਨ। ਸਮਾਜ ਸੇਵਾ ਦੇ ਖੇਤਰ 'ਚ ਉਹਨਾਂ ਵੱਲੋਂ ਕੀਤੇ ਗਏ ਵਿਲੱਖਣ ਸੇਵਾ ਕਾਰਜਾਂ ਕਾਰਨ ਉਹਨਾਂ ਨੂੰ ਲੋੜਵੰਦ ਲੋਕਾਂ ਦਾ ਮਸੀਹਾ ਕਿਹਾ ਜਾਂਦਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਟਰੱਸਟ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਪਨਗੋਟਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।

ਇਸ ਮੌਕੇ ਉਨ੍ਹਾਂ ਕਿਹਾ ਕਿ ਡਾਕਟਰ ਓਬਰਾਏ ਵੱਲੋਂ ਜਿੱਥੇ ਸਿਹਤ ਅਤੇ ਸਿੱਖਿਆ ਦੇ ਖੇਤਰ 'ਚ ਵਿਲੱਖਣ ਕਾਰਜ ਕੀਤੇ ਜਾ ਰਹੇ ਹਨ ਓਥੇਂ ਲੋੜਵੰਦ ਪਰਿਵਾਰ ਜੋ ਆਰਥਿਕ ਤੌਰ ਤੇ ਕਮਜ਼ੋਰ ਹੁੰਦੇ ਹਨ।

ਟਰੱਸਟ ਵੱਲੋਂ ਇਹਨਾਂ ਪਰਿਵਾਰਾਂ ਨੂੰ ਮਹੀਨਾਵਾਰ ਆਰਥਿਕ ਸਹਾਇਤਾ ਦੇ ਚੈੱਕ ਦਿੱਤੇ ਗਏ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ 'ਚ ਆਏ ਹੜ੍ਹਾਂ ਵਿੱਚ ਵੀ ਡਾਕਟਰ ਓਬਰਾਏ ਵੱਲੋਂ ਮੋਹਰੀ ਰੋਲ ਅਦਾ ਕੀਤਾ ਗਿਆ। ਜਿਸ ਤਹਿਤ ਵੱਡੇ ਪੱਧਰ 'ਤੇ ਪਸ਼ੂਆਂ ਦਾ ਚਾਰਾ, ਪਸ਼ੂਆਂ ਦੀਆਂ ਦਵਾਈਆਂ, ਮੱਛਰਦਾਨੀਆਂ, ਓਡੋਮੋਸ, ਰਾਸ਼ਨ ਕਿੱਟਾਂ ਲੋੜਵੰਦਾਂ ਨੂੰ ਤਕਸੀਮ ਕੀਤੀਆਂ ਗਈਆਂ।

ਡਾਕਟਰ ਓਬਰਾਏ ਵੱਲੋਂ ਐਲਾਨ ਕੀਤਾ ਗਿਆ ਕਿ ਜਿਹਨਾਂ ਦੇ ਘਰ ਹੜ੍ਹਾਂ ਕਾਰਨ ਨੁਕਸਾਨੇ ਗਏ ਹਨ ਉਹਨਾਂ ਦੇ ਮਕਾਨ ਵੀ ਟਰੱਸਟ ਵੱਲੋਂ ਬਣਾਏ ਜਾਣਗੇ।

## *ਰਾਜਬੀਰ ਸਿੰਘ ਰੰਧਾਵਾ ਉਦੋਂ ਨੰਗਲ ਨੂੰ ਸਦਮਾ ਨੌਜਵਾਨ ਪੁੱਤਰ ਦਾ ਦੇਹਾਂਤ*

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ) ਹਲਕਾ ਜੰਡਿਆਲਾ ਗੁਰੂ ਦੇ ਸੀਨੀਅਰ ਅਕਾਲੀ ਆਗੂ ਜਥੇਦਾਰ ਰਾਜਬੀਰ ਸਿੰਘ ਰੰਧਾਵਾ ਆੜ੍ਹਤੀਆਂ ਉਦੋਨੰਗਲ ਨੂੰ ਉਸ ਵਕਤ ਭਾਰੀ ਸਦਮਾ ਲੱਗਾ ਜਦੋਂ ਉਹਨਾਂ ਦੇ ਨੌਜਵਾਨ ਸਪੁੱਤਰ ਨਵਤਨਵੀਰ ਸਿੰਘ ਰੰਧਾਵਾ( 32) ਪਰਵਾਰ ਨੂੰ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਇਸ ਦੁੱਖ ਦੀ ਘੜੀ ਵਿੱਚ ਵੱਖ-ਵੱਖ ਸਿਆਸੀ, ਗੈਰ ਸਿਆਸੀ, ਧਾਰਮਿਕ ਆਗੂ ਅਤੇ ਸੰਤਾ ਮਹਾਪੁਰਸ਼ਾ ਨੇ ਜਥੇਦਾਰ ਰਾਜਬੀਰ ਸਿੰਘ ਰੰਧਾਵਾ ਨਾਲ ਦੁੱਖ ਦਾ ਪ੍ਰਗਟਾਵਾ ਕਰਦਿਆਂ ਨਵਤਨਵੀਰ ਸਿੰਘ ਦੇ ਦੇਹਾਂਤ ਨੂੰ ਪਰਵਾਰ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਕਰਾਰ ਦਿੱਤਾ।

## ਮਾਨ ਸਰਕਾਰ ਘਰ-ਘਰ ਜਾ ਕੇ ਕਰ ਰਹੀ ਜਨਤਕ ਕੰਮ : ਡਾ. ਰਿਆੜ



ਕਾਦੀਆਂ ( ਯਾਦਵਿੰਦਰ ਸਿੰਘ ਮਲਹੋਤਰਾ) ਆਮ ਆਦਮੀ ਪਾਰਟੀ ਗੁਰਦਾਸਪੁਰ ਦੇ ਡਾਕਟਰ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਡਾ. ਕੁਲਵਿੰਦਰ ਸਿੰਘ ਰਿਆੜ ਨੇ ਕਿਹਾ ਹੈ ਕਿ ਆਪ ਦੇ ਵਲੰਟੀਅਰਾਂ ਨੇ 2022 ਵਿਚ ਘਰ-ਘਰ ਬੂਹਾ ਖੜਕਾ ਕੇ ਪੰਜਾਬੀਆਂ ਨੂੰ ਪਾਰਟੀ ਦੇ ਏਜੰਡੇ ਬਾਰੇ ਦੱਸਦਿਆਂ ਇਕ ਮੌਕਾ ਦੇਣ ਲਈ ਬੇਨਤੀ ਕੀਤੀ ਸੀ ਅਤੇ ਹੁਣ ਮਾਨ ਸਰਕਾਰ ਘਰ-ਘਰ ਜਾ ਕੇ ਲੋਕਾਂ ਦੇ ਮਸਲੇ ਹੱਲ ਕਰ ਰਹੀ ਹੈ।

ਡਾ.ਰਿਆੜ ਨੇ ਕਿਹਾ ਕਿ ਜਿਵੇਂ ਅਰਵਿੰਦ ਕੇਜਰੀਵਾਲ ਦੇਸ਼ ਦੀ ਰਾਜਨੀਤੀ ਨੂੰ ਦਿਸ਼ਾ ਦੇ ਰਹੇ ਹਨ ਉਸੇ ਤਰ੍ਹਾਂ ਭਗਵੰਤ ਮਾਨ ਸੂਬੇ ਵਿਚ ਪੰਜਾਬ ਦੀ ਤਰੱਕੀ ਦੇ ਏਜੰਡੇ ਉੱਪਰ ਕੰਮ ਕਰਦਿਆਂ ਲਗਾਤਾਰ ਕਿਸਾਨੀ, ਨੌਜਵਾਨਾਂ ਸਮੇਤ ਹਰ ਵਰਗ ਦੀ ਖੁਸ਼ਹਾਲੀ ਲਈ ਬਿਨ੍ਹਾਂ ਕਿਸੇ ਭੇਦਭਾਵ ਦੇ ਕੰਮ ਕਰ ਰਹੇ ਹਨ। ਉਨ੍ਹਾਂ ਹਲਕਾ ਬਟਾਲਾ ਵਿੱਚ ਐਮ.ਐਲ.ਏ ਅਮਨਸੇਰ ਸਿੰਘ ਸੈਰੀ ਕਲਸੀ ਵੱਲੋਂ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਵੀ ਸਾਲਾਖਾ ਵੀ ਕੀਤੀ। ਡਾ.ਰਿਆੜ ਨੇ ਕਿਹਾ ਕਿ ਇਹ ਬਟਾਲਾ ਵਾਸੀਆਂ ਦੀ ਖੁਸ਼ਕਿਸਮਤੀ ਹੈ ਕਿ ਸੈਰੀ ਕਲਸੀ ਵਰਗੇ ਮੇਹਨਤੀ ਅਤੇ ਇਮਾਨਦਾਰ ਆਗੂ ਹਲਕੇ ਨੂੰ ਮਿਲੇ ਹਨ।

ਡਾ. ਰਿਆੜ ਨੇ ਕਿਹਾ ਕਿ ਬਟਾਲਾ ਦੇ ਵਿਧਾਇਕ ਸ਼ੈਰੀ ਕਲਸੀ ਦਿਨ ਰਾਤ ਲੋਕਾਂ ਦੀ ਸੇਵਾ ਵਿਚ ਜੁਟੇ ਹੋਏ ਹਨ ਅਤੇ ਬਟਾਲਾ ਦੇ ਅਧੂਰੇ ਵਿਕਾਸ ਕਾਰਜਾਂ ਨੂੰ ਹਰ ਹੀਲੇ ਕਰਾਉਣ ਲਈ ਯਤਨਸ਼ੀਲ ਹਨ। ਇਸ ਤੋਂ ਇਲਾਵਾ ਪਿੰਡਾਂ ਅੰਦਰ ਵੀ ਬਿਨਾਂ ਪੱਖਪਾਤ ਦੇ ਕੰਮ ਕੀਤੇ ਜਾ ਰਹੇ ਹਨ, ਜਿਸ ਨਾਲ ਹਰ ਵਰਕਰ ਖੁਸ਼ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਹੀ ਲੋਕਾਂ ਦੀ ਸਰਕਾਰ ਹੈ।

## ਸਰਕਾਰੀ ਸਕੂਲਾਂ ਨੂੰ ਪ੍ਰਾਈਵੇਟ ਸਕੂਲਾਂ ਤੋਂ ਵੀ ਵਧੀਆ ਬਣਾਵਾਂਗੇ : ਸ਼ਮਸ਼ੇਰ ਸਿੰਘ



ਦੀਨਾਨਗਰ ( ਬਲਵਿੰਦਰ ਸਿੰਘ ਬਿੱਲਾ) ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੀ ਹਾਲਤ ਸੁਧਾਰਨ ਲਈ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਸਰਕਾਰੀ ਸਕੂਲਾਂ ਲਈ 4.91 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਸਰਕਾਰੀ ਸਕੂਲਾਂ ਨੂੰ ਜਾਰੀ ਕੀਤੀ ਗਈ ਇਸ ਰਾਸ਼ੀ ਦੀ ਸੁਚੱਜੀ ਵਰਤੋਂ ਕਰਨ ਦੇ ਮੰਤਵ ਨਾਲ ਸਬੰਧਤ ਸਰਕਾਰੀ ਸਕੂਲਾਂ ਦੇ ਮੁਖੀਆਂ ਦੀ ਸ਼ਮੂਲੀਅਤ ਵਾਲਾ ਇੱਕ ਸਮਾਗਮ ਸਰਕਾਰੀ ਪ੍ਰਾਇਮਰੀ ਸਕੂਲ ਗਰੋਟੀਆਂ ਵਿਖੇ ਜਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਮਮਤਾ ਖੁਰਾਣਾ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਜਿਸ ਵਿੱਚ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸਮਸ਼ੇਰ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਬੋਲਦਿਆਂ ਹਲਕਾ ਇੰਚਾਰਜ ਸਮਸ਼ੇਰ ਸਿੰਘ ਨੇ ਕਿਹਾ ਵਿਧਾਨਸਭਾ ਹਲਕਾ ਦੀਨਾਨਗਰ ਦੇ ਸਰਕਾਰੀ ਸਕੂਲਾਂ ਨੂੰ ਨਵੀਂ ਦਿੱਖ ਦੇਣ ਅਤੇ ਪ੍ਰਾਈਵੇਟ ਸਕੂਲਾਂ ਨਾਲੋਂ ਵੀ ਵਧੀਆ ਸਹੂਲਤਾਂ ਦੇਣ ਦੀ ਸ਼ੁਰੂਆਤ ਵਜੋਂ ਹਲਕੇ ਦੇ ਸਰਕਾਰੀ ਸਕੂਲਾਂ ਨੂੰ ਪੰਜ ਕਰੋੜ ਰੁਪਏ ਦੇ ਕਰੀਬ ਰਕਮ ਜਾਰੀ ਕੀਤੀ ਗਈ ਹੈ।

ਹਲਕਾ ਇੰਚਾਰਜ ਸਮਸੇਰ ਸਿੰਘ ਨੇ ਕਿਹਾ ਕਿ ਇਸ ਰਕਮ ਨਾਲ ਸਭ ਤੋ ਪਹਿਲਾਂ ਸਕੂਲਾਂ ਦੀ ਚਾਰਦੀਵਾਰੀ ਅਤੇ ਇਮਾਰਤਾਂ ਦਾ ਕੰਮ ਮੁਕੰਮਲ ਕੀਤਾ ਜਾਵੇਗਾ।

ਇਸ ਮੌਕੇ ਰਿਟਾ. ਪ੍ਰਿੰਸੀਪਲ ਸੁਖਦੇਵ ਰਾਜ, ਕੁਲਦੀਪ ਸਿੰਘ ਗਰੋਟੀਆਂ, ਰਛਪਾਲ ਸਿੰਘ ਸਾਹੋਵਾਲ, ਮੋਹਨ ਸਿੰਘ ਰਣਜੀਤਬਾਗ, ਜੱਗਾ ਗਾਂਧੀਆਂ, ਸੋਮਰਾਜ ਰਊਵਾਲ, ਕੰਵਲਜੀਤ ਸਿੰਘ ਖੋਜੇਪੁਰ ਵਿਪਨ ਨਾਲ ਮੰਗਾ, ਮੁਕੇਸ ਸਰਮਾ ਹੈੱਡ ਟੀਚਰ ਰਾਊਵਾਲ, ਪਵਨ ਕੁਮਾਰ ਹੈੱਡ ਟੀਚਰ ਚੱਕ ਅਲੀਆ, ਅਮਨਪ੍ਰੀਤਪਾਲ ਸਿੰਘ, ਹਰਦੀਪ ਸਿੰਘ, ਮੰਗਲਦੀਪ ਸਿੰਘ, ਸਰਬਜੀਤ ਕੌਰ, ਨੀਰਜ ਸਰਮਾ, ਪਰਮਜੀਤ ਸਰਮਾ ਅਤੇ ਰਾਜ ਕੁਮਾਰ ਵੀ ਹਾਜਰ ਸਨ।

## ਹਰਭਜਨ ਸਿੰਘ ਤਿਰੰਗਾ ਲਹਿਰਾਉਣ ਦੀ ਕਰਨਗੇ ਰਸਮ ਅਦਾ



ਪਠਾਨਕੋਟ (ਦਵਿੰਦਰ ਸਿੰਘ) ਜਿਲ੍ਹਾ ਪਠਾਨਕੋਟ ਅੰਦਰ ਮਨਾਏ ਜਾ ਰਹੇ ਅਜ਼ਾਦੀ ਦਿਹਾੜੇ ਦੀ 76ਵੀਂ ਵਰੇਗੰਢ 'ਤੇ ਹਰਭਜਨ ਸਿੰਘ ਉਰਜਾ ਅਤੇ ਲੋਕ ਨਿਰਮਾਣ ਮੰਤਰੀ ਪੰਜਾਬ ਜਿਲ੍ਹਾ ਪੱਧਰ 'ਤੇ ਮਲਟੀਪਰਪਜ ਖੇਡ ਸਟੇਡੀਅਮ ਲਮੀਨੀ ਵਿਖੇ 15 ਅਗਸਤ ਨੂੰ ਰਾਸ਼ਟਰੀ ਤਿਰੰਗਾਂ ਲਹਿਰਾਉਣ ਦੀ ਰਸਮ ਅਦਾ ਕਰਨਗੇ। ਇਹ ਪ੍ਰਗਟਾਵਾ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਵੱਲੋਂ ਮਲਟੀਪਰਪਜ ਸਪੋਰਟਸ ਸਟੈਡੀਅਮ ਪਠਾਨਕੋਟ ਵਿਖੇ ਜਿਲ੍ਹਾ ਪੱਧਰੀ ਸਮਾਰੋਹ ਲਈ ਕਰਵਾਈ ਜਾ ਰਹੀ ਰਿਹਰਸਲ ਦਾ ਜਾਇਜਾ ਲੈਣ ਮਗਰੋਂ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਕੀਤਾ। ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਖੇਡ ਸਟੇਡੀਅਮ ਲਮੀਨੀ ਵਿਖੇ ਜਿਲ੍ਹਾ ਪੱਧਰੀ ਸਮਾਰੋਹ ਦੀਆਂ ਕੀਤੀਆਂ ਗਈਆਂ ਤਿਆਰੀਆਂ ਦਾ ਜਾਇਜਾ ਲੈਣ ਮਗਰੋਂ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਲਛਮਣ ਸਿੰਘ ਤਹਿਸੀਲਦਾਰ ਪਠਾਨਕੋਟ, ਰਜਿੰਦਰ ਗੋਤਰਾ ਐਕਸੀਅਨ ਲੋਕ ਨਿਰਮਾਣ ਵਿਭਾਗ, ਮਹੇਸ਼ ਕੁਮਾਰ ਐਕਸੀਅਨ ਵਾਟਰ ਸਪਲਾਈ ਸੈਨੀਟੇਸ਼ਨ ਵਿਭਾਗ ਪਠਾਨਕੋਟ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਰਾਜੇਸ ਕੁਮਾਰ ਜਿਲ੍ਹਾ ਸਿੱਖਿਆ ਅਧਿਕਾਰੀ ਸੈਕੰਡਰੀ , ਰਜਿੰਦਰ ਕੁਮਾਰ ਜਿਲ੍ਹਾ ਖੇਤੀ ਬਾੜੀ ਅਫਸਰ ਪਠਾਨਕੋਟ, ਡਾ.ਸੁਨੀਲ ਕੁਮਾਰ ਸਹਾਇਕ ਸਿਵਲ ਸਰਜਨ ਪਠਾਨਕੋਟ, ਯੁੱਧਬੀਰ ਸਿੰਘ ਡੀ.ਡੀ.ਪੀ.ਓ. ਪਠਾਨਕੋਟ,ਡੀ.ਜੀ. ਸਿੰਘ ਡਿਪਟੀ ਡੀ.ਈ.ਓ. ਪ੍ਰਾਇਮਰੀ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

## ਰਿਲਾਇੰਸ ਜਿਊਲਰ ਨੇ ਆਪਣਾ ਅਭਾਰ ਕੁਲੈਕਸ਼ਨ ਕੀਤਾ ਲਾਂਚ

ਅੰਮ੍ਰਿਤਸਰ : ਰਿਲਾਇੰਸ ਜਿਊਲਰ ਗਹਿਣਾ ਉਦਯੋਗ 'ਚ ਵਿਸ਼ਵਾਸ਼ ਅਤੇ ਉੱਤਮਤਾ ਦਾ ਸਮਾਨਾਰਥੀ ਨਾਂਅ ਹੈ। ਅਭਾਰ ਕੁਲੈਕਸ਼ਨ 2023 ਨੂੰ ਲਾਂਚ ਕਰਕੇ ਆਪਣੀ 16ਵੀਂ ਵਰ੍ਹੇਗੰਢ ਬੜੇ ਉਤਸ਼ਾਹ ਨਾਲ ਮਨਾ ਰਹੀ ਹੈ। ਰਿਲਾਇੰਸ ਜਿਊਲਰ ਨੇ ਪਿਛਲੇ 16 ਸਾਲਾਂ 'ਚ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ ਹੈ ਅਤੇ ਆਪਣੇ ਗਾਹਕਾਂ ਦੇ ਦਿਲਾਂ 'ਚ ਇੱਕ ਵਿਸ਼ੇਸ਼ ਸਥਾਨ ਬਣਾਇਆ ਹੈ। ਇਸ ਸੰਗ੍ਰਹਿ ਵਿੱਚ ਹਰ ਇੱਕ ਮੁੰਦਰਾ ਸੋਚ-ਸਮਝ ਕੇ ਡਿਜਾਇਨ ਕੀਤਾ ਗਿਆ ਹੈ, ਪੂਰੀ ਤਰ੍ਹਾਂ ਆਤਮ-ਵਿਸ਼ਵਾਸ਼, ਵਿਅਕਤੀਗਤਤਾ ਅਤੇ ਵਿਲੱਖਣਤਾ ਨੂੰ ਉਜਾਗਰ ਕਰਦਾ ਹੈ। ਸੁਨੀਲ ਨਾਇਕ, ਸੀ.ਈ.ਓ., ਰਿਲਾਇੰਸ ਜਵੇਲਜ ਨੇ ਕਿਹਾ, "ਅਸੀਂ ਉਦਯੋਗ 'ਚ 16 ਸਾਲ ਪੂਰੇ ਕਰ ਕੇ ਬਹੁਤ ਖੁਸ਼ ਹਾਂ ਅਤੇ ਸਾਨੂੰ ਆਪਣੀ ਸਫਲਤਾ ਦਾ ਜਸ਼ਨ ਮਨਾਉਣ ਦਾ ਸਿਹਰਾ ਹੈ। ਸਾਡੇ ਕੀਮਤੀ ਗਾਹਕਾਂ ਦੇ ਅਥਾਹ ਪਿਆਰ ਅਤੇ ਵਿਸ਼ਵਾਸ਼ ਨੂੰ ਜਾਂਦਾ ਹੈ। ਵਿਸ਼ੇਸ਼ ਮੁੰਦਰਾ ਦੇ ਆਭਾਰ ਸੰਗ੍ਰਹਿ ਦਾ ਬਹੁਤ ਮਤਲਬ ਹੈ, ਕਿਉਂਕਿ ਇਹ ਸਾਡੇ ਗਾਹਕਾਂ ਨਾਲ ਡੂੰਘੇ ਅਤੇ ਨਿੱਘੇ ਰਿਸ਼ਤੇ ਨੂੰ ਦਰਸਾਉਂਦਾ ਹੈ।

11-AUG--Page-12.qxd 8/10/2023 10:56 PM Page 1



# ਲੋਕ ਮੋਰਚਾ ਨੇ ਸ਼ਹਿਰ ਨੂੰ ਬਚਾਉਣ ਲਈ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ

**ਨੰਗਲ (ਸੁਰਜੀਤ ਸਿੰਘ)**-ਤਹਿਸੀਲ ਨੰਗਲ ਲੋਕ ਮੋਰਚਾ ਨੇ ਮੁੱਖ ਤੌਰ 'ਤੇ ਦਰਪੇਸ਼ ਸਮੱਸਿਆਵਾਂ ਨੂੰ ਲੈ ਕੇ ਹਜਾਰਾਂ ਲੋਕਾਂ ਦੇ ਦਸਤਖਤ ਕਰਵਾ ਕੇ ਮੁੱਖ ਮੰਤਰੀ ਨੂੰ ਮੰਗ ਪੱਤਰ ਸਥਾਨਕ ਪ੍ਰਸ਼ਾਸਨ ਰਾਹੀਂ ਭੇਜਿਆ। ਜਿਸ ਵਿੱਚ ਮੰਗ ਕੀਤੀ ਗਈ ਕਿ ਨੰਗਲ ਸ਼ਹਿਰ ਵਿਚ ਬਣ



ਰਹੇ ਫਲਾਈਓਵਰ ਦੇ ਪਿਛਲੇ ਪੰਜ ਸਾਲਾਂ ਤੋਂ ਲਟਕੇ ਕੰਮ ਨੂੰ ਪੂਰਾ ਕੀਤਾ ਜਾਵੇ ਤਾਂ ਜੋ ਇਲਾਕੇ ਦੇ ਲੋਕਾਂ ਨੂੰ ਜਾਮ ਤੋਂ ਮੁਕਤੀ ਮਿਲ ਸਕੇ, ਜਦੋਂ ਤੱਕ ਫਲਾਈਓਵਰ ਦਾ ਕੰਮ ਮੁਕੰਮਲ ਨਹੀਂ ਹੁੰਦਾ ਉਸ ਸਮੇਂ ਤੱਕ ਨੰਗਲ ਅਤੇ ਨਯਾ ਨੰਗਲ ਵਿੱਚ ਪੈਂਦੀਆਂ ਸੜਕਾਂ ਦੀ ਰਿਪੇਅਰ ਕੀਤੀ ਜਾਵੇ, ਨੰਗਲ ਬੱਸ ਸਟੈਂਡ ਕੋਲ ਅਤੇ ਅਜੌਲੀ ਮੋੜ ਕੋਲ ਅੰਡਰਪਾਸ ਬਣਾਇਆ ਜਾਵੇ, ਸ੍ਰੀ ਅਨੰਦਪੁਰ ਸਾਹਿਬ ਤੋਂ ਕਲਸੇੜਾ ਤੱਕ ਫੋਰਲਾਈਨ ਸੜਕ ਬਣਾਈ ਜਾਵੇ,ਐਨ ਐਫ ਐਲ ਚੌਕ ਤੋਂ ਸ਼ਿਵਾਲਿਕ ਕਾਲਜ ਤੱਕ ਸੜਕ ਦੇ ਦੋਵੇਂ ਪਾਸੇ ਜਾਲ ਲਗਾਇਆ ਜਾਵੇ ਤਾਂ ਜੋ ਜੰਗਲੀ ਜਾਨਵਰਾਂ ਨਾਲ ਹੋ ਰਹੇ ਹਾਦਸੇ ਰੋਕੇ ਜਾ ਸਕਣ, ਸ਼ਹਿਰ ਵਿਚ ਲਾਲਾ ਲਾਜਪਤ ਰਾਏ ਹਸਪਤਾਲ ਅਤੇ ਬੀ ਬੀ ਐਮ ਬੀ ਹਸਪਤਾਲ ਵਿਖੇ ਸਾਰੀਆਂ ਬਿਮਾਰੀਆਂ ਨਾਲ ਸਬੰਧਤ ਮਾਹਿਰ ਡਾਕਟਰਾਂ ਦੀ ਭਰਤੀ ਕੀਤੀ ਜਾਵੇ ਅਤੇ ਹਰ ਤਰ੍ਹਾਂ ਦੇ ਟੈਸਟ ਅਲਟਰਾਸਾਊਂਡ, ਸਿਟੀ ਸਕਿਨ, ਐਮ ਆਰ ਆਈ,ਲੈਬ ਟੈਸਟ ਦੀ ਸੁਵਿਧਾ 24 ਘੰਟੇ ਦਿੱਤੀ ਜਾਵੇ, ਸ਼ਹਿਰ ਵਿਚ ਰੁਜਗਾਰ ਦੇ ਵਸੀਲੇ ਵਧਾਏ ਜਾਣ, ਸ਼ਹਿਰ ਨੂੰ ਟੂਰਿਸਟ ਹੱਬ ਵਜੋਂ ਵਿਕਸਿਤ ਕੀਤਾ ਜਾਵੇ, ਤਹਿਸੀਲ ਨੰਗਲ ਵਿੱਚ ਖੁਸ਼ਕ ਬੰਦਰਗਾਹ ਬਣਾਈ ਜਾਵੇ, ਨੰਗਲ ਵਰਕਸ਼ਾਪ ਅਤੇ ਖਾਦ ਕਾਰਖਾਨੇ ਐਨ ਐਫ ਐਲ ਵਿੱਚ ਰੈਗੂਲਰ ਸਿਧੀ ਭਰਤੀ ਕੀਤੀ ਜਾਵੇ, ਨੰਗਲ ਤਹਿਸੀਲ ਨੂੰ ਉਚ ਸਿੱਖਿਆ ਕੇਂਦਰ ਐਜੂਕੇਸ਼ਨ ਹੱਬ ਵਜੋਂ ਵਿਕਸਿਤ ਕੀਤਾ ਜਾਵੇ। ਇਸ ਮੌਕੇ 'ਤੇ ਪ੍ਰਧਾਨ ਰਘਵੀਰ ਸਿੰਘ ਦਰਸ਼ੀ, ਸਕੱਤਰ ਵਿਨੋਦ ਭੱਟੀ ਨੇ ਮੰਗ ਕੀਤੀ ਕਿ ਗਰੀਬ ਲੋਕਾਂ ਦੇ ਕੱਟੇ ਹੋਏ ਨੀਲੇ ਰਾਸ਼ਨ ਸਮਾਰਟ ਕਾਰਡ ਬਹਾਲ ਕੀਤੇ ਜਾਣ, ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇ, ਯੂਰੀਆ ਖਾਦ ਦੀ ਕਿਸਾਨਾਂ ਨੂੰ ਆ ਰਹੀ ਕਿਲੱਤ ਨੂੰ ਦੂਰ ਕੀਤਾ ਜਾਵੇ।

ਸਵੇਰੇ ਵੱਡੀ ਗਿਣਤੀ ਵਿੱਚ ਲੋਕ ਰਾਜੀਵ ਗਾਂਧੀ ਚੌਂਕ ਨੇੜੇ ਫਲਾਈਓਵਰ ਥੱਲੇ ਇਕੱਠੇ ਹੋਏ। ਇਥੇ ਸੁਖਦੇਵ ਸਿੰਘ ਨੰਗਲ, ਰਾਜਾ ਸਿੰਘ, ਪ੍ਰਾਣ ਨਾਥ, ਤਰਸੇਮ ਲਾਲ ਅਜੌਲੀ,ਵਿਜੈ ਸ਼ਰਮਾ ਤਰਸੂਹ, ਕੁਲਵੰਤ ਪਾਠਕ, ਕੌਂਸਲਰ ਦੀਪਕ ਨੰਦਾ, ਸ਼ਿਵ ਕੁਮਾਰ, ਏਕ ਪਹਿਲ ਸੰਸਥਾ ਦੇ ਆਗੂ ਅਜੇ ਕੁਮਾਰ,ਰਹਿਮਤ ਅਲੀ, ਕਾਮਰੇਡ ਸੁਰਜੀਤ ਸਿੰਘ ਢੇਰ ਨੇ ਸੰਬੋਧਨ ਕੀਤਾ।

ਇਸ ਮੌਕੇ 'ਤੇ ਪ੍ਰਿੰਸੀਪਲ ਰਾਜੀਵ ਮੇਜਰ, ਜਸਵਿੰਦਰ ਸਿੰਘ ਭੰਗਲ, ਬਜਿੰਦਰ ਪੰਡਤ, ਰਾਮ ਕਿਸ਼ਨ ਦਬਕੇਹੜਾ, ਮਹਿੰਦਰ ਸਿੰਘ ਸੰਗਤਪੁਰ,ਕੇਵਲ ਕ੍ਰਿਸ਼ਨ ਦਬੇਟਾ, ਸ਼ੈਲੀ,ਜੀਤ ਸਿੰਘ, ਅਸ਼ਵਨੀ ਸੈਣੀ, ਸੁਰਜੀਤ ਸਿੰਘ, ਜਸਵਿੰਦਰ ਸਿੰਘ ਡਾਕਟਰ ਪਵਨ ਕੁਮਾਰ ਤਰਸੇਮ ਸੁਖਸਾਲ, ਜੀਤ ਸਿੰਘ ਪੱਟੀ, ਬਰਜਿੰਦਰ ਸਿੰਘ ਡੋਡ ਸਮੇਤ ਔਰਤਾਂ ਵੱਡੀ ਗਿਣਤੀ ਵਿੱਚ ਹਾਜਰ ਸਨ। ਇਥੋਂ ਮਾਰਚ ਕਰਦੇ ਹੋਏ ਪ੍ਰਦਰਸਨਕਾਰੀਆਂ ਨੇ ਤਹਿਸੀਲ ਕੰਪਲੈਕਸ ਮੂਹਰੇ ਰੋਸ ਪ੍ਰਦਰਸ਼ਨ ਕੀਤਾ ਤੇ ਹਜਾਰਾਂ ਲੋਕਾਂ ਦੇ ਦਸਤਖਤਾਂ ਵਾਲੇ ਮੰਗ ਪੱਤਰ ਨੂੰ ਪ੍ਰਸ਼ਾਸਨ ਰਾਹੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਭੇਜਿਆ।

# ਚਮਕੌਰ ਸਾਹਿਬ ਕਰੇਗਾ ਕੌਮੀ ਤੇ ਕੌਮਾਂਤਰੀ ਸੈਲਾਨੀਆਂ ਨੂੰ ਆਕਰਸ਼ਿਤ : ਅਨਮੋਲ ਗਗਨ ਮਾਨ

**ਰੋਪੜ (ਬਿੰਦਰਾ)** ਸ੍ਰੀ ਚਮਕੌਰ ਸਾਹਿਬ ਨੂੰ ਕੌਮੀ ਅਤੇ ਕੌਮਾਂਤਰੀ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਲਈ ਵਿਕਸਤ ਕੀਤਾ ਜਾਵੇਗਾ। ਪੰਜਾਬ ਦੇ ਸੈਰ- ਸਪਾਟਾ ਤੇ ਸੱਭਿਆਚਾਰ ਮੰਤਰੀ ਅਨਮੋਲ ਗਗਨ ਮਾਨ ਨੇ ਸ੍ਰੀ ਚਮਕੌਰ ਸਾਹਿਬ ਵਿਖੇ ਦਾਸਤਾਨ-ਏ-ਸ਼ਹਾਦਤ ਦਾ ਦੌਰਾ ਕਰਦਿਆਂ ਇਹ ਆਖਿਆ। ਉਹਨਾਂ ਕਿਹਾ ਕਿ ਸ੍ਰੀ ਚਮਕੌਰ ਸਾਹਿਬ ਦਾ ਸਿੱਖ ਇਤਿਹਾਸ ਵਿੱਚ ਨਿਵੇਕਲਾ ਸਥਾਨ ਹੈ। ਉਹਨਾਂ ਆਖਿਆ ਕਿ ਇਸ ਅਸਥਾਨ ਨੇ ਸਿੱਖ ਇਤਿਹਾਸ ਨੂੰ ਨਵੀਂ ਸੇਧ ਦਿੱਤੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਪੰਜ ਪਿਆਰਿਆਂ ਦਾ ਹੁਕਮ ਮੰਨਿਆ ਸੀ। ਇਥੇ ਗੁਰੂ ਜੀ ਨੇ ਆਪਣੇ ਵੱਡੇ ਸਾਹਿਬਜਾਦਿਆਂ ਨੂੰ ਸ਼ਹੀਦ ਹੋਣ ਲਈ ਮੈਦਾਨੇ ਜੰਗ ਵਿੱਚ ਭੇਜਿਆ ਸੀ ਅਤੇ ਸ਼ਹੀਦੀ ਪ੍ਰਾਪਤ ਕਰਦਿਆਂ ਪਰਮਾਤਮਾ ਦਾ ਸ਼ੁਕਰਾਨਾ ਅਦਾ ਕੀਤਾ ਸੀ। ਸਾਡੀ ਸਰਕਾਰ ਚਾਹੁੰਦੀ ਹੈ ਕਿ ਅੱਜ ਦੇ ਬੱਚੇ ਇਸ ਨਗਰ ਦੇ ਇਤਿਹਾਸ ਅਤੇ ਚਮਕੌਰ ਸਾਹਿਬ ਦੀ ਜੰਗ ਬਾਰੇ ਜਾਣਕਾਰੀ ਹਾਸਲ ਕਰਨ। ਉਹਨਾਂ ਆਖਿਆ ਕਿ ਸੈਲਾਨੀਆਂ ਦੀ ਆਮਦ ਨੂੰ ਵਧਾਉਣ ਅਤੇ ਇਤਿਹਾਸਕ ਥਾਵਾਂ ਨੂੰ ਹੋਰ ਆਕਰਸ਼ਿਤ ਬਣਾਉਣ ਦੀ ਮੰਤਵ ਲਈ ਹੋਰ ਕੰਮ ਕੀਤਾ ਜਾਵੇਗਾ। ਉਹਨਾਂ ਨੇ ਦਾਸਤਾਨ -ਏ-ਸ਼ਹਾਦਤ ਬਾਰੇ ਕਿਹਾ ਕਿ ਇਸ ਦੇ ਅੰਦਰ ਬੈਠਣ ਦੀ ਥਾਂ ਥੋੜੀ ਹੈ,ਇਸ ਲਈ ਬਾਹਰ ਓਪਨ ਏਅਰ ਥੀਏਟਰ ਬਣਾਇਆ ਜਾਵੇਗਾ ਜਿਥੇ ਢਾਡੀ ਤੇ ਕਵੀਸਰੀ ਜਥੇ ਸ਼ਹੀਦੀ ਵਾਰਾਂ ਰਾਹੀਂ ਬੱਚਿਆਂ ਨੂੰ ਇਤਿਹਾਸ ਤੋਂ ਜਾਣੂ ਕਰਵਾਉਣ ਗਏ। ਉਹਨਾਂ ਆਖਿਆ ਕਿ ਪੰਜਾਬ ਵਿੱਚ ਸੈਰਸਪਾਟਾ ਸੰਮੇਲਨ ਕਰਵਾਇਆ ਜਾਵੇਗਾ, ਜਿਸ ਵਿੱਚ ਦੇਸ਼ ਤੋਂ ਨਿਵੇਸ਼ਕ ਭਾਗ ਲੈਣਗੇ। ਸੂਬੇ ਵਿਚ ਵੱਡੀ ਗਿਣਤੀ ਵਿੱਚ ਇਤਿਹਾਸਕ ਸ਼ਹਿਰ ਹਨ ਜਿਨ੍ਹਾਂ ਨੂੰ ਲੰਮੇ ਸਮੇਂ ਤੋਂ ਅਣਗੌਲਿਆ ਗਿਆ।

ਪਰ ਹੁਣ ਪੰਜਾਬ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਮੁੱਚੇ ਵਿਸ਼ਵ ਪੰਜਾਬ ਦੇ ਅਮੀਰ ਵਿਰਸੇ ਅਤੇ ਸਿੱਖ ਧਰਮ ਦੀ ਮਹਾਨਤਾ ਅਤੇ ਸ਼ਹਾਦਤਾਂ ਨਾਲ ਇਸ ਅਵਸਰ 'ਤੇ ਪ੍ਰਮੁੱਖ ਸਕੱਤਰ ਸੈਰਸਪਾਟਾ ਤੇ ਸਭਿਆਚਾਰਕ ਮਾਮਲੇ ਵਿਭਾਗ ਪੰਜਾਬ ਰਾਖੀ ਗੁਪਤਾ ਭੰਡਾਰੀ, ਡਾਇਰੈਕਟਰ ਸੈਰਸਪਾਟਾ ਅੰਮ੍ਰਿਤ ਸਿੰਘ,ਸੀਈਓ ਇਨਵੈਸਟ ਪੰਜਾਬ ਕਮਲ ਕਿਸ਼ੋਰ ਯਾਦਵ,ਨਿਗਰਾਨ ਇੰਜੀਨੀਅਰ ਭੂਪਿੰਦਰ ਸਿੰਘ ਚਾਨਾ, ਡਿਪਟੀ ਕਮਿਸ਼ਨਰ ਰੂਪਨਗਰ ਪ੍ਰੀਤੀ ਯਾਦਵ,ਐਸ ਐਸ ਪੀ ਰੋਪੜ ਵਿਵੇਕ ਸ਼ੀਲ ਸੋਨੀ,ਐਸ ਡੀ ਐਮ ਦਿਪਾਕਰ ਗਰਗ ਆਦਿ ਹਾਜਰ ਸਨ।

# ਬੈਂਸ ਦੀ ਅਗਵਾਈ 'ਚ ਸਿੱਖਿਆ ਵਿਭਾਗ ਨੇ ਪੁੱਟੀਆਂ ਨਵੀਂਆਂ ਪੁਲਾਂਘਾਂ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸਿੱਖਿਆ ਮੰਤਰੀ ਹਰਜੋਤ ਬੈਂਸ ਦੇ ਦਿਸ਼ਾ ਨਿਰਦੇਸ਼ਾ ਅਤੇ ਯੋਗ ਅਗਵਾਈ ਵਿੱਚ ਸਿੱਖਿਆ ਵਿਭਾਗ ਵੱਲੋਂ ਨਿਰੰਤਰ ਨਵੀਆਂ ਪੁਲਾਘਾਂ ਪੁੱਟੀਆਂ ਜਾ ਰਹੀਆਂ ਹਨ। ਸਿੱਖਿਆ ਵਿਭਾਗ ਨਿੱਤ ਨਵੀਆ ਬੁਲੰਦੀਆਂ ਛੂਹ ਰਿਹਾ ਹੈ। ਸਿੱਖਿਆ ਮੰਤਰੀ ਨਿਰੰਤਰ ਸਿੱਖਿਆ ਸੁਧਾਰ ਲਈ ਨਿਵੇਕਲੇ ਉਪਰਾਲੇ ਕਰ ਰਹੇ ਹਨ। ਡਾਇਰੈਕਟਰ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਅਤੇ ਤਕਨਾਲੋਜੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ 'ਤੇ ਜ਼ਿਲ੍ਹਾ ਰੂਪਨਗਰ ਦੇ ਸਮੂਹ ਸਰਕਾਰੀ ਸਹਾਇਤਾ ਪ੍ਰਾਪਤ ਪ੍ਰਾਈਵੇਟ, ਮਿਡਲ ,ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਸਾਇੰਸ ਅਧਿਆਪਕਾਂ ਦੀ ਬਾਲ ਸਾਇੰਸ ਕਾਂਗਰਸ ਸਬੰਧੀ ਜ਼ਿਲ੍ਹਾ ਪੱਧਰੀ, ਔਰੀਐਂਟੇਸਨ ਵਰਕਸ਼ਾਪ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਲੋਧੀਪੁਰ ਵਿਖੇ ਜ਼ਿਲ੍ਹਾ ਸਿੱਖਿਆ ਅਫਸਰ ਪ੍ਰੇਮ ਕੁਮਾਰ ਮਿੱਤਲ ਦੀ ਅਗਵਾਈ ਹੇਠ ਲਗਾਈ ਗਈ। ਵਰਕਸ਼ਾਪ ਵਿਚ ਜ਼ਿਲ੍ਹੇ ਦੇ ਸਮੂਹ ਸਕੂਲਾਂ ਦੇ ਸਾਇੰਸ ਅਧਿਆਪਕਾਂ ਨੇ ਭਾਗ ਲਿਆ।




ਆਦਰਸ਼ ਸਕੂਲ ਦੇ ਪ੍ਰਿੰਸੀਪਲ ਅਵਤਾਰ ਸਿੰਘ ਨੇ ਅਧਿਆਪਕਾਂ ਨੂੰ ਵਿਦਿਆਰਥੀਆਂ ਅੰਦਰ ਵਿਗਿਆਨਕ ਸੋਚ ਪੈਦਾ ਕਰਨ ਅਤੇ ਜ਼ਿੰਦਗੀ ਵਿੱਚ ਵਿਗਿਆਨਕ ਤਰੀਕੇ ਅਪਣਾਉਣ ਲਈ ਕਿਹਾ। ਜ਼ਿਲ੍ਹਾ ਕੁਆਰਡੀਨੇਟਰ ਸਤਨਾਮ ਸਿੰਘ ਨੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕੇ ਆਪਣੇ ਵਿਦਿਆਰਥੀਆਂ ਪਾਸੋਂ ਮਿਹਨਤ ਨਾਲ ਮਾਡਲ ਤਿਆਰ ਕਰਕੇ ਜ਼ਿਲ੍ਹੇ ਦੇ ਸਕੂਲਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਉਣ। ਵਰਕਸ਼ਾਪ ਵਿਚ ਬਾਲ ਸਾਇੰਸ ਕਾਂਗਰਸ 2023 ਦੇ ਮੁੱਖ ਥੀਮ ਸਿਹਤ ਅਤੇ ਤੰਦਰੁਸਤੀ ਲਈ ਈਕੋ ਸਿਸਟਮ ਨੂੰ ਸਮਝਣਾ ਅਤੇ ਪੰਜ ਸਭ ਥੀਮ ਆਪਣੇ ਵਾਤਾਵਰਣ ਨੂੰ ਸਮਝੋ, ਸਿਹਤ ਪੋਸ਼ਣ, ਤੰਦਰੁਸਤੀ ਨੂੰ ਉਤਸ਼ਾਹਿਤ ਕਰਨਾ, ਵਾਤਾਵਰਨ ਅਤੇ ਸਿਹਤ ਲਈ ਸਮਾਜਿਕ ਅਤੇ ਸਭਿਆਚਾਰਕ ਅਭਿਆਸ,ਸਵੈ ਨਿਰਭਰਤਾ ਲਈ ਈਕੋ ਸਿਸਟਮ ਆਧਾਰਿਤ ਪਹੁੰ, ਅਤੇ ਸਿਹਤ ਲਈ ਤਕਨੀਕੀ ਨਵੀਨਤਾ ਸਬੰਧੀ ਜ਼ਿਲ੍ਹਾ ਨੋਡਲ ਇੰਚਾਰਜ ਪ੍ਰਿੰਸੀਪਲ ਨੀਰਜ ਕੁਮਾਰ ਵਰਮਾ, ਜਗਜੀਤ ਸਿੰਘ ਜ਼ਿਲ੍ਹਾ ਇਵੈਲੂਏਟਰ, ਸੁਖਦੇਵ ਸਿੰਘ ਜ਼ਿਲ੍ਹਾ ਅਕੈਡਮੀ ਕੁਆਰਡੀਨੇਟਰ ,ਹਰਸਿਮਰਨ ਸਿੰਘ ਬੀ. ਐਮ ਸਾਇੰਸ ਦੁਆਰਾ ਵਰਨਣ ਕੀਤਾ ਗਿਆ।

# ਲਾਇਲਪੁਰ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ



**ਜਲੰਧਰ (ਸ਼ੈਲੀ ਐਲਬਰਟ)**-ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਬੈਚੂਲਰ ਆਫ ਫਿਜਿਓਥੈਰੇਪੀ ਭਾਗ ਚੌਥਾ ਦਾ ਨਤੀਜਾ ਸ਼ਾਨਦਾਰ ਰਿਹਾ। ਵਿਦਿਆਰਥਣ ਹਰਪ੍ਰੀਤ ਕੌਰ ਨੇ 1150 'ਚੋਂ 878 ਅੰਕ ਪ੍ਰਾਪਤ ਕਰਦੇ ਹੋਏ ਯੂਨੀਵਰਸਿਟੀ ਮੈਰਿਟ ਵਿੱਚੋਂ ਤੀਜਾ ਸਥਾਨ, ਸਿਮਰਨਜੀਤ ਕੌਰ ਨੇ 865 ਅੰਕ ਪ੍ਰਾਪਤ ਕਰਕੇ ਚੌਥਾ ਸਥਾਨ, ਸਿਮਰਨਪ੍ਰੀਤ ਕੌਰ ਨੇ 850 ਅੰਕ ਪ੍ਰਾਪਤ ਕਰਕੇ ਛੇਵਾਂ ਸਥਾਨ, ਮਨਮੀਤ ਕੌਰ ਨੇ 846 ਅੰਕ ਪ੍ਰਾਪਤ ਕਰਕੇ ਸੱਤਵਾਂ ਸਥਾਨ ਅਤੇ ਮਨਜੋਤ ਕੌਰ ਨੇ 842 ਅੰਕ ਪ੍ਰਾਪਤ ਕਰਦੇ ਹੋਏ ਅੱਠਵਾਂ ਸਥਾਨ ਹਾਸਲ ਕਰਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਸਰਦਾਰਨੀ ਬਲਬੀਰ ਕੌਰ, ਪ੍ਰਧਾਨ ਗਵਰਨਿੰਗ ਕੌਂਸਲ ਅਤੇ ਡਾ. ਰਾਜੂ ਸ਼ਰਮਾ ਮੁਖੀ ਫਿਜਿਓਥੈਰੇਪੀ ਵਿਭਾਗ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ।

ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਨੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ। ਇਸ ਮੌਕੇ ਡਾ. ਜਸਵੰਤ ਕੌਰ ਵੀ ਹਾਜ਼ਰ ਸਨ।

# ਸਮਾਜਕ, ਧਾਰਮਕ ਜਥੇਬੰਦੀਆਂ ਨੇ ਕੀਤਾ ਮਸੀਹੀ ਭਾਈਚਾਰੇ ਦਾ ਪੂਰਾ ਸਹਿਯੋਗ

**ਭੋਗਪੁਰ ( ਗੁਰਪ੍ਰੀਤ ਸਿੰਘ ਭੋਗਲ)**- ਮਣੀਪੁਰ ਦੀ ਸ਼ਰਮਸਾਰ ਕਰ ਦੇਣ ਵਾਲੀ ਘਟਨਾ ਦੇ ਵਿਰੋਧ ਵਿੱਚ ਮਸੀਹੀ ਸਮਾਜ ਵੱਲੋਂ ਪੰਜਾਬ ਬੰਦ ਦੇ ਸੱਦੇ 'ਤੇ ਪਾਸਟਰ ਐਸੋਸੀਏਸ਼ਨ ਭੋਗਪੁਰ ਦੇ ਪ੍ਰਧਾਨ ਪਾਸਟਰ ਜਗੀਰ ਮਸੀਹ ਦੀ ਅਗਵਾਈ ਵਿੱਚ ਇੱਕ ਵਿਸ਼ਾਲ ਪ੍ਰੋਗਰਾਮ ਉਲੀਕਿਆ ਗਿਆ ਅਤੇ ਪੂਰਾ ਭੋਗਪੁਰ ਸ਼ਹਿਰ ਮੁਕੰਮਲ ਬੰਦ ਰਿਹਾ। ਇਸ ਬੰਦ ਦੇ ਸੱਦੇ 'ਤੇ ਧਾਰਮਿਕ ਅਤੇ ਸਮਾਜਿਕ ਜੱਥੇਬੰਦੀਆਂ ਵੱਲੋਂ ਮਸੀਹੀ ਭਾਈਚਾਰੇ ਦਾ ਪੂਰਾ ਸਹਿਯੋਗ ਕੀਤਾ ਗਿਆ। ਇਸ ਮੌਕੇ ਭੋਗਪੁਰ ਦੇ ਮਸੀਹ ਭਾਈਚਾਰੇ ਦੇ ਨਾਲ ਬਾਲਮੀਕਿ ਸੰਘਰਸ਼ ਮੋਰਚਾ, ਭੀਮ ਆਰਮੀ, ਭੋਗਪੁਰ ਮਾਰਕਿਟ ਐਸੋਸੀਏਸ਼ਨ, ਸਾਬਕਾ ਸੈਨਿਕ ਸੰਘਰਸ਼ ਕਮੇਟੀ ਭੋਗਪੁਰ, ਹੋਰ ਧਾਰਮਿਕ ਅਤੇ ਸਮਾਜਿਕ ਜੱਥੇਬੰਦੀਆਂ ਵੱਲੋਂ ਭੋਗਪੁਰ ਦੀਆਂ ਸੜਕਾਂ ਤੋਂ ਰੋਸ ਮਾਰਚ ਕੱਢਿਆ ਅਤੇ ਫਿਰ ਭੋਗਪੁਰ ਦੇ ਟੀ-ਪੁਆਇੰਟ ਤੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਜੱਥੇਬੰਦੀਆਂ ਦੇ ਅਤੇ ਮਸੀਹੀ ਸਮਾਜ ਦੇ ਬੁਲਾਰਿਆਂ ਨੇ ਕਿਹਾ ਕਿ ਅਸੀਂ ਭਾਰਤ ਦੇ ਕਿਸੇ ਵੀ ਕੋਨੇ ਵਿੱਚ ਮਨੁੱਖਤਾ ਨਾਲ ਧੱਕਾ ਬਰਦਾਸ਼ਤ ਨਹੀਂ ਕਰਾਂਗੇ। ਇਸ ਮੌਕੇ ਸਮੂਹ ਮਸੀਹ ਭਾਈਚਾਰੇ ਵੱਲੋਂ, ਹਰੇਕ ਜੱਥੇਬੰਦੀ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਕੇਂਦਰ ਦੀ ਮੋਦੀ ਸਰਕਾਰ ਤੋਂ ਦਸ਼ਸੀਆਂ ਦੀ ਗ੍ਰਿਫਤਾਰੀ ਅਤੇ ਰੂਹ ਕੰਬਾਊ ਸਜਾ ਦੇਣ ਦੀ ਮੰਗ ਕੀਤੀ ਗਈ। ਇਸ ਮੌਕੇ



ਸੀਨੀਅਰ ਬਸਪਾ ਆਗੂ ਅਤੇ ਸਮਾਜ ਸੇਵਕ ਰਾਕੇਸ਼ ਕੁਮਾਰ ਬੱਗਾ, ਬਾਲਮੀਕਿ ਸੰਘਰਸ਼ ਮੋਰਚਾ ਦੇ ਪ੍ਰਧਾਨ ਮੋਨੂੰ ਤੇਜੀ, ਕੁਲਵਿੰਦਰ ਜੀਤ, ਬਿਸ਼ਨ ਬਹਿਰਾਮ, ਜੀਤ ਲਾਲ ਭੱਟੀ ਹਲਕਾ ਇੰਚਾਰਜ ਆਮ ਆਦਮੀ ਪਾਰਟੀ, ਰਮੇਸ਼ ਚੰਦਰ ਜ਼ਿਲ੍ਹਾ ਜੁਆਇੰਟ ਸੈਕਟਰੀ, ਭੀਮ ਆਰਮੀ ਪਰਮਵੀਰ ਸਿੰਘ, ਜੱਸ ਕਲਿਆਣ, ਰਿੰਕੂ ਕਲੇਰ, ਬਿੱਟੂ ਰਵਿਦਾਸੀਆ, ਰਕੇਸ਼ ਮੱਟੂ, ਸੁਰਜੀਤ ਭੱਟੀ, ਜਸਵਿੰਦਰ ਜੱਸੀ, ਚਮਨ ਲਾਲ ਘੋੜਾਵਾਹੀ, ਚਰਨਜੀਤ ਸਿੰਘ ਨੰਗਲ ਅਰਾਈਆਂ, ਮੈਂਬਰ ਪੰਚਾਇਤ ਲਵਪ੍ਰੀਤ, ਸਤਨਾਮ ਸਿੰਘ ਮਨਕੋਟੀਆ, ਪਵਨ ਕੁਮਾਰ ਅਰੋੜਾ, ਹਰਜਿੰਦਰ ਗੇਹਲੜਾਂ, ਦਵਿੰਦਰ ਜਿੰਦੀ ਨੰਗਲ ਅਰਾਈਆਂ, ਰਾਮ ਜੀ ਬਿੱਟੂ ਜੀ ਆਦਮਪੁਰ, ਭੁਪਿੰਦਰ ਸਿੰਘ ਦੇਵ, ਅਜੇ ਕੁਮਾਰ, ਬਿੰਦਰ ਭੰਡਾਰੀ, ਡਾ.ਕਮਲ, ਬਰਕਤ ਰਾਮ ਚੇਅਰਮੈਨ ਮਾਰਕਿਟ ਕਮੇਟੀ ਭੋਗਪੁਰ, ਸੰਦੀਪ ਕੁਮਾਰ ਮੱਟੂ, ਕਮਲਜੀਤ ਡੱਲੀ, ਅਸ਼ੋਕ ਕੁਮਾਰ ਗਿੱਲ ਸਰਪੰਚ ਖੋਜਪੁਰ, ਸੁੱਚਾ ਮਸੀਹ, ਮੋਹਨ ਲਾਲ ਮੱਟੂ, ਐਕਸ ਆਰਮੀ ਕੈਪਟਨ ਹਰਭਜਨ ਸਿੰਘ ਰਿਟਾਇਰਡ, ਪਾਸਟਰ ਗੁਰਜੀਤ, ਪਾਸਟਰ ਜਿੰਮੀ, ਪਾਸਟਰ ਜਤਿੰਦਰ ਰੋਜੀ, ਪਾਸਟਰ ਰਾਜਵੀਰ, ਪਾਸਟਰ ਸੁਖਦੇਵ, ਪਾਸਟਰ ਵਿੱਕੀ ਕੱਟੋਵਾਲ, ਪਾਸਟਰ ਚੈਨ ਲਾਧੜਾ, ਬ੍ਰਦਰ ਸੋਨੀ, ਬ੍ਰਦਰ ਪ੍ਰੇਮ, ਬ੍ਰਦਰ ਲਵਦੀਪ ਅਤੇ ਹੋਰ ਵੱਡੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ।

## ਵਿਸ਼ੇਸ ਸਾਰੰਗਲ ਬਣੇ ਸੁਰਜੀਤ ਹਾਕੀ ਸੁਸਾਇਟੀ ਦੇ 20ਵੇਂ ਪ੍ਰਧਾਨ

**ਜਲੰਧਰ, ( ਸੈਲੀ ਐਲਬਰਟ )** : 1984 ਵਿਚ ਓਲੰਪੀਅਨ ਸੁਰਜੀਤ ਸਿੰਘ ਰੰਧਾਵਾ ਸਾਬਕਾ ਕਪਤਾਨ ਭਾਰਤੀ ਹਾਕੀ ਟੀਮ ਦੀ ਯਾਦ ਵਿਚ ਗਠਤ ਹੋਈ ਸੁਰਜੀਤ ਹਾਕੀ ਸੁਸਾਇਟੀ ਦੇ ਵਿਸ਼ੇਸ਼ ਸਾਰੰਗਲ, ਆਈ.ਏ.ਐਸ. ਡਿਪਟੀ ਕਮਿਸ਼ਨਰ, ਜਲੰਧਰ 20ਵੇਂ ਪ੍ਰਧਾਨ ਬਣ ਗਏ ਹਨ। ਸੁਰਜੀਤ ਹਾਕੀ ਸੁਸਾਇਟੀ ਦੇ ਜਨਰਲ ਸਕੱਤਰ ਸੁਰਿੰਦਰ ਸਿੰਘ ਭਾਪਾ ਅਨੁਸਾਰ ਸੁਸਾਇਟੀ ਦੀ ਕੋਰ ਕਮੇਟੀ ਦੀ ਹੋਈ ਮੀਟਿੰਗ ਵਿਚ ਸੁਰਜੀਤ ਹਾਕੀ ਸੁਸਾਇਟੀ ਦੇ ਸੰਵਿਧਾਨ ਅਨੁਸਾਰ ਜਲੰਧਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ, ਆਈ.ਏ.ਐਸ. ਨੂੰ ਪ੍ਰਧਾਨ ਬਣਾਇਆ ਗਿਆ ਹੈ। ਉਹਨਾਂ ਅੱਗੇ ਕਿਹਾ ਕਿ ਸੁਸਾਇਟੀ ਮੈਂਬਰ ਜਲਦ ਹੀ ਡਿਪਟੀ ਕਮਿਸ਼ਨਰ ਜਲੰਧਰ ਅਤੇ ਪ੍ਰਧਾਨ ਸੁਰਜੀਤ ਹਾਕੀ ਸੁਸਾਇਟੀ ਨੂੰ ਮਿਲਕੇ ਸੁਸਾਇਟੀ ਦੀਆਂ ਗਤੀਵਿਧੀਆਂ ਅਤੇ 40ਵੇਂ ਇੰਡੀਅਨ ਆਇਲ ਸੁਰਜੀਤ ਹਾਕੀ ਟੂਰਨਾਮੈਂਟ ਦੀਆਂ ਤਿਆਰੀਆਂ ਤੋਂ ਜਾਣੂ ਕਰਵਾਉਣਗੇ। ਮੀਟਿੰਗ ਵਿੱਚ ਲਖਵਿੰਦਰਪਾਲ ਸਿੰਘ ਖਹਿਰਾ, ਰਣਬੀਰ ਸਿੰਘ ਟੁੱਟ, ਇਕਬਾਲ ਸਿੰਘ ਸੰਧੂ, ਐਲ.ਆਰ. ਨਈਅਰ, ਰਮਨੀਕ ਸਿੰਘ ਰੰਧਾਵਾ, ਗੁਰਵਿੰਦਰ ਸਿੰਘ ਗੁੱਲੂ ਅਤੇ ਰਾਮ ਪਰਤਾਪ ਹਾਜਰ ਸਨ ।

## ਡਾ. ਤਰਨਜੀਤ ਕੌਰ ਮੁਫ਼ਤ ਕਰਦੀ ਹੈ ਹੋਮਿਓਪੈਥਿਕ ਇਲਾਜ

**ਫਿਲੌਰ, (ਨਿਰਮਲ)**- ਦੇਸ਼ਾਂ ਵਿਦੇਸ਼ਾਂ ਵਿੱਚ ਗਏ ਪੰਜਾਬੀ ਭੈਣ ਭਰਾ ਆਪਣੇ ਕੰਮ, ਸੁਭਾਅ ਤੇ ਦੇਸ਼ ਪ੍ਰੇਮ ਦੇ ਜਜਬੇ ਦੇ ਕਾਰਣ ਪੂਰੇ ਵਿਸ਼ਵ ਭਰ ਵਿੱਚ ਜਾਣੇ ਜਾਂਦੇ ਹਨ। ਅਜਿਹੀ ਹੀ ਇਕ ਸ਼ਖਸ਼ੀਅਤ ਦਾ ਨਾਂਅ ਹੈ ਡਾ. ਤਰਨਜੀਤ ਕੌਰ ਕੈਨੇਡਾ, ਜੋ ਕਿ ਕੈਨੇਡਾ ਵਿੱਚ ਸਿੱਖਿਆ ਪ੍ਰਾਪਤ ਕਰਨ ਆਏ ਵਿਦਿਆਰਥੀਆਂ ਨੂੰ ਮੁਫਤ ਵਿੱਚ ਹੋਮਿਓਪੈਥਿਕ ਸੇਵਾਵਾਂ ਮੁਹੱਈਆ ਕਰਵਾ ਰਹੇ ਹਨ। ਗੁਰਸਿੱਖ ਬੀਬੀ ਡਾ. ਤਰਨਜੀਤ ਕੌਰ ਕੈਨੇਡਾ ਵਿੱਚ ਰਹਿ ਕੇ ਵੀ ਪੂਰਨ ਗੁਰ ਮਰਿਆਦਾ ਵਿੱਚ ਰਹਿ ਕੇ ਮਾਨਵਤਾ ਦੀ ਭਲਾਈ ਲਈ ਕਾਰਜ ਕਰਦੇ ਰਹਿੰਦੇ ਹਨ। ਸਿੱਖ ਇਤਿਹਾਸਕਾਰ ਸੋਹਣ ਸਿੰਘ ਖਾਲਸਾ ਕੈਨੇਡਾ ਨੇ ਦੱਸਿਆ ਕਿ ਡਾ. ਤਰਨਜੀਤ ਕੌਰ 195 ਕਵੀਨ ਸਟਰੀਟ ਵਿਖੇ "ਬੈਸਟ ਹੋਮਿਓ ਕੇਅਰ" ਕਲੀਨਿਕ ਦੇ ਨਾਂਅ ਹੇਠ ਵਿਦਿਆਰਥੀਆਂ ਲਈ ਮੁਫਤ ਵਿੱਚ ਹੋਮਿਓਪੈਥਿਕ ਸੇਵਾਵਾਂ ਦੇ ਰਹੇ ਹਨ। ਭਾਰਤ ਤੋਂ ਆਏ ਵਿਦਿਆਰਥੀ ਜੋ ਕਿ ਪੜ੍ਹਾਈ ਦੇ ਨਾਲ ਨਾਲ ਕੰਮ ਕਾਰ ਵੀ ਕਰਦੇ ਹਨ, ਉਨਾਂ ਲਈ ਬੈਸਟ ਹੋਮਿਓ ਕੇਅਰ ਕਲੀਨਿਕ ਅਜਿਹਾ ਆਸ ਦਾ ਸੂਰਜ ਹੈ, ਜੋ ਮੁਫਤ ਵਿੱਚ ਉਨਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰ ਰਿਹਾ ਹੈ।

## ਭਾਜਪਾ ਯੁਵਾ ਮੋਰਚਾ ਨੇ ਪਟਵਾਰੀ ਨੂੰ ਕੀਤਾ ਸਨਮਾਨਤ

**ਭਲਾਣ (ਢਿੱਲੋਂ)** -ਭਾਜਪਾ ਯੁਵਾ ਮੋਰਚਾ ਵੱਲੋਂ ਜ਼ਿਲ੍ਹੇ ਵਿੱਚ ਇਮਾਨਦਾਰੀ ਅਤੇ ਨਿਮਰਤਾ ਨਾਲ ਸੇਵਾਵਾਂ ਦੇਣ ਵਾਲੇ ਜਨ ਸੇਵਕਾਂ ਅਤੇ ਕਰਮਚਾਰੀਆਂ ਨੂੰ ਇੱਕ ਵਿਸ਼ੇਸ਼ ਮੁਹਿੰਮ ਤਹਿਤ ਸਨਮਾਨਿਤ ਕੀਤਾ ਜਾ ਰਿਹਾ ਹੈ। ਇਸੇ ਕੜੀ ਵਿੱਚ ਨੰਗਲ ਦੇ ਨਾਲ ਲੱਗਦੇ ਪਿੰਡ ਸਹਿਜੋਵਾਲ ਵਿੱਚ ਪਟਵਾਰੀ ਵਜੋਂ ਸੇਵਾ ਨਿਭਾਅ ਰਹੇ ਵਰੁਣ ਕੁਮਾਰ ਦਾ ਭਾਜਪਾ ਯੁਵਾ ਮੋਰਚਾ ਦੇ ਵਰਕਰਾਂ ਵੱਲੋਂ ਸਨਮਾਨ ਕੀਤਾ ਗਿਆ। ਮੋਰਚਾ ਦੇ ਜ਼ਿਲ੍ਹਾ ਜਨਰਲ ਸਕੱਤਰ ਅਰਜਿਤ ਸੈਣੀ ਸਹਿਜੋਵਾਲ ਨੇ ਦੱਸਿਆ ਕਿ ਜ਼ਿਲ੍ਹਾ ਭਾਜਪਾ ਰੋਪੜ ਦੇ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਦੀ ਅਗਵਾਈ ਹੇਠ ਅਤੇ ਭਾਜਪਾ ਜ਼ਿਲ੍ਹਾ ਯੂਥ ਦੇ ਪ੍ਰਧਾਨ ਐਡਵੋਕੇਟ ਅਮਨਪ੍ਰੀਤ ਸਿੰਘ ਦੀ ਦੇਖ-ਰੇਖ ਹੇਠ ਉਨ੍ਹਾਂ ਦੀ ਪੂਰੀ ਟੀਮ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਮੁਲਾਜ਼ਮਾਂ ਨੂੰ ਸਨਮਾਨਤ ਰਹੀ ਹੈ, ਜਿਸ ਦੀ ਸ਼ੁਰੂਆਤ ਪਿੰਡ ਸਹਿਜੋਵਾਲ ਤੋਂ ਕੀਤੀ ਗਈ ਹੈ। ਇਸ ਮੌਕੇ ਸੋਮਨਾਥ ਸੈਣੀ, ਅਜੇ ਸੈਣੀ, ਅਰਜੁਨ ਸੈਣੀ, ਪਰਦੀਪ, ਸ਼ਿੰਦਾ, ਮਨੋਜ ਕੁਮਾਰ, ਰਾਮ ਕੁਮਾਰ, ਬੱਬੂ ਆਦਿ ਨੇ ਪਟਵਾਰੀ ਵਰੁਣ ਕੁਮਾਰ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ।

## ਕਾਸ਼ਤਕਾਰਾਂ ਨੂੰ ਤੰਗ-ਪ੍ਰੇਸ਼ਾਨ ਕਰਨਾ ਬੰਦ ਕਰੇ ਵਿਭਾਗ : ਖੈਰਹਾ



**ਮਹਿਤਪੁਰ (ਰਾਜਾ)** ਭਾਰਤੀ ਕਿਸਾਨ ਯੂਨੀਅਨ ਪੰਜਾਬ ਨੇ ਇੱਥੇ ਬੀ ਡੀ ਪੀ ਓ ਨੂੰ ਦਿੱਤੇ ਮੰਗ ਪੱਤਰ ਵਿੱਚ ਮੰਗ ਕੀਤੀ ਹੈ ਕਿ ਕਰੀਬ ਪਿਛਲੀ ਅੱਧੀ ਸਦੀ ਤੋਂ ਕਾਬਜ ਅਬਾਦਕਾਰ ਕਾਸ਼ਤਕਾਰਾਂ ਨੂੰ ਮਾਨਸਿਕ ਤੌਰ 'ਤੇ ਤੰਗ ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ, ਨਹੀਂ ਤਾਂ ਯੂਨੀਅਨ ਵਲੋਂ ਯੋਜਨਾ ਬੰਧ ਢੰਗ ਨਾਲ ਇਸਦੀ ਵਿਰੋਧਤਾ ਕੀਤੀ ਜਾਵੇਗੀ ਅਤੇ ਇਸ ਤੋਂ ਨਿਕਲਣ ਵਾਲੇ ਗੰਭੀਰ ਨਤੀਜਿਆਂ ਲਈ ਬੀ ਡੀ ਪੀ ਓ ਅਤੇ ਸਬੰਧਿਤ ਵਿਭਾਗ ਜਿਮੇਵਾਰ ਹੋਵੇਗਾ । ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕੇਵਲ ਸਿੰਘ ਖੈਹਰਾ ਅਤੇ ਬਲਾਕ ਪ੍ਰਧਾਨ ਨਰਿੰਦਰ ਸਿੰਘ ਬਾਜਵਾ ਦੀ ਅਗਵਾਈ ਹੇਠ ਦਿੱਤੇ ਮੰਗ ਪੱਤਰ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹੇ ਦੇ ਸੀਨੀਅਰ ਮੀਤ ਪ੍ਰਧਾਨ ਜਸਵੰਤ ਸਿੰਘ ਲੋਹਗੜ੍ਹ, ਮੁੱਖ ਸਲਾਹਕਾਰ ਲਖਵੀਰ ਸਿੰਘ ਗੋਬਿੰਦ ਪੁਰ, ਪ੍ਰੈਸ ਸਕੱਤਰ ਤਜਿੰਦਰ ਪਾਲ ਸਿੰਘ ਸਿੱਧੂ, ਮੁੱਖ ਬੁਲਾਰਾ ਸਰਬਨ ਸਿੰਘ ਜੱਜ, ਇਕਾਈ ਪ੍ਰਧਾਨ ਐਮ ਪੀ ਸਿੰਘ, ਇਕਾਈ ਪ੍ਰਧਾਨ ਪਾਲ ਸਿੰਘ ਬੀਠਲਾ, ਇਕਾਈ ਪ੍ਰਧਾਨ ਗੁਰਜੰਟ ਸਿੰਘ ਆਦਰਾਮਾਨ, ਡਾਕਟਰ ਕੁਲਵਿੰਦਰ ਸਿੰਘ ਗੋਬਿੰਦਪੁਰ ਅਤੇ ਗੁਰਜੰਟ ਸਿੰਘ ਗੋਬਿੰਦਪੁਰ ਹਾਜਰ ਸਨ।

## ਅਨੁਸੂਚਿਤ ਜਾਤੀਆਂ 'ਤੇ ਅੱਤਿਆਚਾਰ ਦੇ ਮਾਮਲੇ 'ਚ ਜਲਦ ਨਿਆਂ ਦੇਣ ਦੇ ਨਿਰਦੇਸ਼

**ਜਲੰਧਰ, ( ਸ਼ੈਲੀ ਐਲਬਰਟ)**-ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਪੁਲਸ ਵਿਭਾਗ ਅਤੇ ਜ਼ਿਲ੍ਹਾ ਅਟਾਰਨੀ ਦਫਤਰ ਨੂੰ ਅਨੁਸੂਚਿਤ ਜਾਤੀਆਂ 'ਤੇ ਅੱਤਿਆਚਾਰਾਂ ਦੇ ਕੇਸਾਂ"ਚ ਜਲਦ ਨਿਆਂ ਨੂੰ ਯਕੀਨੀ ਬਣਾਉਣ ਲਈ ਅੱਤਿਆਚਾਰ ਰੋਕਥਾਮ ਐਕਟ, 1989 ਅਧੀਨ ਕੇਸਾਂ ਦੀ ਜਾਂਚ ਸਮਾਂਬੱਧ ਢੰਗ ਨਾਲ ਮੁਕੰਮਲ ਕਰਨ ਦੇ ਹੁਕਮ ਦਿੱਤੇ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹੋਈ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਕਮੇਟੀ ਨੂੰ ਮੁਆਵਜੇ ਲਈ ਕਮਿਸ਼ਨਰੇਟ ਪੁਲਸ, ਜਲੰਧਰ ਦਿਹਾਤੀ ਪੁਲਸ ਅਤੇ ਜ਼ਿਲ੍ਹਾ ਅਟਾਰਨੀ ਦਫਤਰ ਪਾਸੋਂ 32 ਕੇਸ ਪ੍ਰਾਪਤ ਹੋਏ ਹਨ। ਸਾਰੰਗਲ ਨੇ ਜ਼ਿਲ੍ਹਾ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਅਫਸਰ ਨੂੰ ਅੱਤਿਆਚਾਰ ਰੋਕਥਾਮ ਐਕਟ ਦੀਆਂ ਧਾਰਾਵਾਂ ਤਹਿਤ ਸਾਰੇ ਪ੍ਰਵਾਨਿਤ ਕੇਸਾਂ ਵਿੱਚ ਪ੍ਰਭਾਵਿਤ ਲੋਕਾਂ ਨੂੰ ਮੁਆਵਜੇ ਦੀ ਵੰਡ ਨੂੰ ਯਕੀਨੀ ਬਣਾਉਣ ਲਈ ਕਿਹਾ। ਮੀਟਿੰਗ ਵਿੱਚ ਪੁਲਸ ਵੱਲੋਂ ਦਰਜ ਕੀਤੇ ਕੇਸਾਂ ਅਤੇ ਜ਼ਿਲ੍ਹਾ ਅਟਾਰਨੀ ਵੱਲੋਂ ਲੜੇ ਜਾ ਰਹੇ ਕੇਸਾਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਨ੍ਹਾਂ ਕੇਸਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣ ਲਈ ਹੋਰ ਉਪਰਾਲੇ ਕਰਨ ਦਾ ਫੈਸਲਾ ਕੀਤਾ ਗਿਆ।

## ਜਨਮ ਦਿਨ ਮੁਬਾਰਕ



ਰੌਣਕ ਕੌਰ, ਮੁਹਾਲੀ



ਸਬੱਬਦੀਪ ਸਿੰਘ, ਮੁਹਾਲੀ



ਮਹਿਕਪ੍ਰੀਤ ਕੌਰ ਸਿੱਧੂ, ਪਿੰਡ ਪੂਹਲਾ

## ਵਰ੍ਹੇਗੰਢ ਮਨਾਈ



ਨਾਭਾ ਦੇ ਸੈਨਟਰੀ ਇੰਸਪੈਕਟਰ ਤੇਜਾ ਸਿੰਘ ਉੱਧਾ ਤੇ ਬਲਦੇਵ ਕੌਰ ਨੇ ਵਿਆਹ ਦੀ 27ਵੀਂ ਵਰ੍ਹੇਗੰਢ ਮਨਾਈ

# ਐੱਲ ਪੀ ਯੂ ਦੇ ਚਾਂਸਲਰ ਡਾ. ਅਸ਼ੋਕ ਮਿੱਤਲ ਪ੍ਰਧਾਨ ਮੰਤਰੀ ਮੋਦੀ ਨੂੰ ਮਿਲੇ

**ਜਲੰਧਰ (ਸ਼ੈਲੀ ਐਲਬਰਟ)**-: ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਚਾਂਸਲਰ ਅਤੇ ਰਾਜ ਸਭਾ ਮੈਂਬਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਆਪਣੇ ਪਰਵਾਰਕ ਮੈਂਬਰਾਂ ਨਾਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਮੁਲਾਕਾਤ ਕੀਤੀ। ਮੀਟਿੰਗ ਦੌਰਾਨ ਡਾ: ਮਿੱਤਲ ਨੇ ਪ੍ਰਧਾਨ ਮੰਤਰੀ ਨੂੰ ਸਾਲ 2019 ਵਿੱਚ ਐਲ ਪੀ ਯੂ ਵਿੱਚ ਆਯੋਜਿਤ ਇੰਡੀਅਨ ਸਾਇੰਸ ਕਾਂਗਰਸ ਦੌਰਾਨ ਉਨ੍ਹਾਂ ਦੀ ਫੇਰੀ ਦੀ ਯਾਦ ਦਿਵਾਈ, ਜਿੱਥੇ ਉਨ੍ਹਾਂ ਨੇ ਵਿਗਿਆਨਕ ਭਾਈਚਾਰੇ ਨੂੰ ਸੰਬੋਧਨ ਕੀਤਾ ਸੀ ਅਤੇ ਜੈ ਅਨੁਸੰਧਾਨ ਦਾ ਨਾਅਰਾ ਵੀ ਦਿੱਤਾ ਸੀ। ਡਾ: ਮਿੱਤਲ ਨੇ ਉੱਚ ਸਿੱਖਿਆ 'ਚ ਰਿਸਰਚ ਤੇ ਨਵੀਨਤਾ ਅਤੇ ਆਰਥਿਕ ਵਿਕਾਸ ਤੇ ਡਿਵੈਲਪਮੈਂਟ ਨੂੰ ਵਧਾਉਣ ਲਈ ਉਦਯੋਗ-ਅਕਾਦਮਿਕ ਤਾਲਮੇਲ ਨੂੰ ਮਜ਼ਬੂਤ ਕਰਨ ਦੇ ਮਹੱਤਵ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਉਨ੍ਹਾਂ ਇਹ ਵੀ ਦੱਸਿਆ ਕਿ ਕਿਵੇਂ ਐਲ ਪੀ ਯੂ ਆਪਣੇ ਵਿਦਿਆਰਥੀਆਂ ਨੂੰ ਉਦਯੋਗ ਨਾਲ ਸਬੰਧਤ ਸਿੱਖਿਆ ਅਤੇ ਸਿਖਲਾਈ ਪ੍ਰਦਾਨ ਕਰਕੇ ਨੈਸ਼ਨਲ ਸਕਿਲ ਡਿਵੈਲਪਮੈਂਟ ਮਿਸ਼ਨ ਵਿੱਚ ਯੋਗਦਾਨ ਪਾ ਰਿਹਾ ਹੈ।ਡਾ: ਮਿੱਤਲ ਨੇ ਸਿੱਖਿਆ ਖੇਤਰ ਨੂੰ ਸਮਰਥਨ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ ਅਤੇ ਸਰਕਾਰ ਦੀ ਨਵੀਂ ਸਿੱਖਿਆ ਨੀਤੀ (ਐਨਈਪੀ) ਦੀ ਪਹਿਲਕਦਮੀ ਲਈ ਵੀ ਪ੍ਰਸ਼ੰਸਾ ਪ੍ਰਗਟ ਕੀਤੀ।



ਡਾ: ਮਿੱਤਲ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਰਸ਼ਮੀ ਮਿੱਤਲ ਨੇ ਉਨ੍ਹਾਂ ਨੂੰ ਗੁਲਦਸਤਾ ਭੇਟ ਕੀਤਾ ਅਤੇ ਪੰਜਾਬ ਦੀ ਹੱਥੀਂ ਬੁਣੀ ਫੁਲਕਾਰੀ ਪਹਿਨਾਈ, ਜਦਕਿ ਉਨ੍ਹਾਂ ਦੀ ਧੀ ਸ੍ਰਿਸ਼ਟੀ ਅਤੇ ਦਾਮਾਦ ਸ਼੍ਰੇਸ਼ਠ ਖੇਤਾਨ ਨੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਮੋਦੀ ਨਾਲ ਉਨਾਂ ਦੀ ਸਵਰਗੀ ਮਾਂ ਦੀ ਤਸਵੀਰ ਭੇਟ ਕੀਤੀ। ਇਸ ਤੋਂ ਇਲਾਵਾ ਡਾ: ਮਿੱਤਲ ਨੇ ਆਪਣੇ ਪੁੱਤਰ ਪ੍ਰਥਮ ਮਿੱਤਲ ਨਾਲ ਪੀ ਐਮ ਮੋਦੀ ਨੂੰ ਇੱਕ ਚਿੱਤਰਕਾਰੀ ਵੀ ਭੇਟ ਕੀਤੀ, ਜਿਸ ਨੂੰ ਐਲ ਪੀ ਯੂ ਦੇ ਇੱਕ ਵਿਦਿਆਰਥੀ ਨੇ ਹੀ ਤਿਆਰ ਕੀਤਾ ਸੀ। ਪ੍ਰਧਾਨ ਮੰਤਰੀ ਮੋਦੀ ਨੇ ਸ਼੍ਰੇਸ਼ਠ ਖੇਤਾਨ ਦੇ ਦਾਦਾ, ਮੁਰਲੀ ਧਰਨ ਖੇਤਾਨ ਦੀ ਇੱਕ ਕਿਤਾਬ ਤੇ ਦਸਤਖਤ ਵੀ ਕੀਤੇ।

# ਮਨੀਪੁਰ ਦਾ ਮੁੱਖ ਮੰਤਰੀ ਅਸਤੀਫਾ ਦੇਵੇ : ਮੇਹਲੀ

**ਬਹਿਰਾਮ (ਅਵਤਾਰ ਕਲੇਰ)**- ਮਨੀਪੁਰ ਵਿੱਚ ਵਾਪਰੀ ਘਟਨਾ ਨੇ ਸਾਰੇ ਦੇਸ਼ ਦਾ ਸਿਰ ਝੁਕਾ ਕੇ ਰੱਖ ਦਿੱਤਾ ਹੈ । ਇਸ ਘਨਾਉਣੀ ਘਟਨਾ ਨੂੰ ਦੇਖ ਕੇ ਦੇਸ਼ ਦੇ ਹਰ ਵਿਅਕਤੀ ਦਾ ਹਿਰਦਾ ਵਲੂੰਧਰਿਆ ਗਿਆ ਹੈ । ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ਿਲ੍ਹਾ ਸਕੱਤਰ ਸਕੱਤਰ ਸੁਰਿੰਦਰ ਮੇਹਲੀ ਨੇ ਕੀਤਾ । ਉਹਨਾਂ ਕਿਹਾ ਕਿ ਔਰਤ ਜੱਗ ਦੀ ਜਨਣੀ ਹੈ । ਸੰਤ ਮਹਾਂਪੁਰਸ਼ਾਂ ਨੇ ਵੀ ਇਸ ਦੀ ਕੁੱਖੋਂ ਜਨਮ ਲਿਆ । ਜਿਸ ਨੇ ਹਰ ਇਨਸਾਨ ਨੂੰ ਦੁਨੀਆਂ ਦਿਖਾਈ ਹੈ ਜੋ ਕਿ ਪੂਜਣਯੋਗ ਹੈ । ਪਿਛਲੇ ਕਈ ਦਿਨਾਂ ਤੋਂ ਮਨੀਪੁਰ ਤੋਂ ਚੱਲ ਰਹੀ ਹਿੰਸਾ ਕਰਕੇ ਇੱਕ ਧਿਰ ਵਲੋਂ ਦੂਸਰੀ ਧਿਰ ਦੀਆਂ ਆਦਿਵਾਸੀ ਔਰਤਾਂ ਨੂੰ ਨਿਰਵਸਤਰ ਕਰਕੇ ਸਾਰੇ ਪਿੰਡ ਵਿੱਚ ਘੁਮਾਇਆ ਗਿਆ। ਜੋ ਕਿ ਬਹੁਤ ਹੀ ਨਿੰਦਣਯੋਗ ਹੈ ਅਤੇ ਨਾਸਹਿਣਯੋਗ ਘਟਨਾ ਹੈ । ਦੇਸ਼ ਨੂੰ ਆਜਾਦ ਹੋਇਆਂ 75 ਸਾਲ ਹੋ ਗਏ ਪਰ ਅਜੇ ਵੀ ਔਰਤ ਗੁਲਾਮੀ ਝੱਲ ਰਹੀ ਹੈ । ਅਜਿਹੀ ਘਟਨਾ ਤਾਂ ਅੰਗਰੇਜਾਂ ਸਮੇਂ ਵੀ ਨਹੀਂ ਸੀ ਵਾਪਰੀ । ਇਸ ਘਿਨਾਉਣੀ ਘਟਨਾ ਦੀ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏ ਮੁੱਖ ਮੰਤਰੀ ਬੀਰੇਨ ਸਿੰਘ ਅਸਤੀਫਾ ਦੇਵੇ । ਇਸ ਮੌਕੇ ਐਸ ਓ ਆਈ ਦੇ ਜ਼ਿਲ੍ਹਾ ਪ੍ਰਧਾਨ ਕਮਲਜੀਤ ਸਿੰਘ ਮੇਹਲੀ , ਚੇਤਨ ਪਾਲ ਐਸ ਓ ਆਈ ਜਲੰਧਰ , ਵਿਜੇ ਜੰਡੂ , ਲਾਲਾ ਆਦਿ ਹਾਜਰ ਸਨ ।



# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਨੇ ਸਰਬੱਤ ਦੇ ਭਲੇ ਲਈ ਸੁਖਮਨੀ ਸਾਹਿਬ ਦੇ ਪਾਠ ਕੀਤੇ



**ਮੋਰਿੰਡਾ ( ਜੈਜੀ ਸਰਦਾਰ)** ਸਰਬੱਤ ਦੇ ਭਲੇ ਲਈ ਮੈਡੀਕਲ ਪ੍ਰੈਕਟੀਸ਼ਨਰਜ ਐਸੋਸੀਏਸ਼ਨ (ਰਜਿ.295) ਬਲਾਕ ਮੋਰਿੰਡਾ ਵੱਲੋਂ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਵਿਖੇ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਐਸੋਸੀਏਸ਼ਨ ਦੇ ਜ਼ਿਲਾ ਚੇਅਰਮੈਨ ਡਾ. ਸੀਤਾਰਾਮ ਰਾਣਾ ਅਤੇ ਬਲਾਕ ਪ੍ਰਧਾਨ ਡਾ ਪਾਲ ਸਿੰਘ ਵੱਲੋਂ ਸਾਂਝੇ ਤੌਰ ਉੱਤੇ ਦੱਸਿਆ ਗਿਆ ਕਿ ਸਾਡੀ ਐਸੋਸੀਏਸ਼ਨ ਵੱਲੋਂ (ਕੋਵਿਡ 19) ਕਰੋਨਾ ਕਾਲ ਵਿੱਚ ਵੀ ਲੋਕਾਂ ਦੇ ਘਰ-ਘਰ ਜਾ ਲੋਕਾਂ ਨੂੰ ਸੇਹਤਮੰਦ ਕੀਤਾ ਗਿਆ ਜਿਥੇ ਕਿ ਵੱਡੇ ਵੱਡੇ ਪ੍ਰਾਈਵੇਟ ਹਸਪਤਾਲਾਂ ਵਾਲੇ ਜੋ ਇਸ ਮੁਸ਼ਕਲ ਦੀ ਘੜੀ ਵਿੱਚ ਆਪਣੇ ਹਸਪਤਾਲ, ਕਲੀਨਿਕ ਬੰਦ ਕਰਕੇ ਘਰਾਂ ਵਿੱਚ ਬੰਦ ਹੋ ਗਏ ਸਨ ਪਰੰਤੂ ਮੈਡੀਕਲ ਪ੍ਰੈਕਟੀਸ਼ਨਰਜ ਐਸੋਸੀਏਸ਼ਨ ਵੱਲੋਂ ਇਸ ਖਤਰਨਾਕ ਵਾਇਰਸ ਦੇ ਨਾਲ ਲੜਦਿਆਂ ਲੋਕਾਂ ਦੀ ਜਾਨ ਬਚਾਈ ਗਈ। ਉਨ੍ਹਾਂ ਕਿਹਾ ਕਿ ਸਾਡੀ ਐਸੋਸੀਏਸਨ ਨੇ ਇਹ ਫੈਸਲਾ ਕੀਤਾ ਕਿ ਜਿਹੜੇ ਨੌਜਵਾਨਾਂ ਨੇ ਇਸ ਵਾਰ ਆਏ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਨੂੰ ਆਪਣੀ ਜਾਨ 'ਤੇ ਖੇਡ ਕੇ ਰਾਸ਼ਨ ਪਾਣੀ ਪਹੁੰਚਾਇਆ ਅਸੀਂ ਉਨ੍ਹਾਂ ਨੂੰ ਵੀ ਸਨਮਾਨਿਤ ਕੀਤਾ ਹੈ ਤਾਂ ਜੋ ਸਾਡੇ ਨੌਜਵਾਨਾਂ ਦੇ ਹੌਸਲੇ ਬੁਲੰਦ ਹੋਣ। ਉਨ੍ਹਾਂ ਕਿਹਾ ਕਿ ਹੜ੍ਹਾਂ ਦੌਰਾਨ ਸਾਡੀ ਐਸੋਸੀਏਸ਼ਨ ਵੱਲੋਂ ਵੀ ਲੋਕਾਂ ਦੀ ਵੱਧ ਚੜ੍ਹ ਕੇ ਮਦਦ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਖਾਲਸਾ ਬ੍ਰਾਦਰ ਗਰੁੱਪ ਦੇ ਚੇਅਰਮੈਨ ਜਤਿੰਦਰ ਸਿੰਘ,ਹਰਪਾਲ ਸਿੰਘ ਸਰਪੰਚ ਦਾਤਾਰਪੁਰ,ਬਲਵਿੰਦਰ ਸਿੰਘ ਸਰਪੰਚ, ਡਾ. ਧਰਮਿੰਦਰ ਸਿੰਘ, ਪੰਚ ਹਰਨੌਲੀ ਗੁਰਜੀਤ ਸਿੰਘ, ਬਿੱਟੂ ਲਾਲਕਾ, ਰਾਜਿੰਦਰ ਸਿੰਘ ਖੀਵਾ, ਹਰਦੀਪ ਸਿੰਘ ਸਮਾਜ ਸੇਵੀ,ਕਰਨੈਲ ਸਿੰਘ ਚੇਅਰਮੈਨ, ਡਾ ਰਾਜਵਿੰਦਰ ਸਿੰਘ ਰਾਜੂ ਵਾਈਸ ਪ੍ਰਧਾਨ,ਡਾ. ਰਾਜ ਮਸਾਲ ਜਰਨਲ ਸੈਕਟਰੀ, ਡਾ. ਜਸਵੰਤ ਸਿੰਘ ਖਜਾਨਚੀ, ਸੀਨੀਅਰ ਮੈਂਬਰ ਡਾ. ਸ਼ਾਮ ਲਾਲ ਵਰਮਾ, ਡਾ. ਰਾਕੇਸ਼ ਕੁਮਾਰ ਕੋਟਲੀ, ਡਾ. ਕੇਸਰ ਸਿੰਘ, ਡਾ. ਮਹਿੰਦਰ ਸਿੰਘ ਕਲੌੜ, ਡਾ. ਕੁਲਦੀਪ ਸਿੰਘ, ਡਾ. ਜਸਵਿੰਦਰ ਸਿੰਘ, ਡਾ. ਲਖਵਿੰਦਰ ਸਿੰਘ, ਡਾ. ਰਜਿੰਦਰ ਸਿੰਘ ਮਠਾੜੂ, ਡਾ. ਤਜਿੰਦਰ ਸਿੰਘ ਬੋਬੀ, ਡਾ. ਅਵਤਾਰ ਸਿੰਘ,ਡਾ ਕੇਵਲ ਸਿੰਘ ਧਰਾਨ ਸ਼ਾਮਿਲ ਹੋਏ।

# ਲੋਕਾਂ ਦੀਆਂ ਸਮੱਸਿਆਵਾਂ ਨੂੰ ਉਨ੍ਹਾਂ ਦੀਆਂ ਬਰੂਹਾਂ 'ਤੇ ਜਾ ਕੇ ਕੀਤਾ ਜਾ ਰਿਹੈ ਹੱਲ : ਡੀ ਸੀ

**ਨੰਗਲ (ਸੁਰਜੀਤ ਸਿੰਘ)**-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਅੰਦਰ ਲਗਾਤਾਰ 'ਜਨ ਸੁਣਵਾਈ ਕੈਂਪਾਂ' ਦਾ ਆਯੋਜਨ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਉਨ੍ਹਾਂ ਦੀਆਂ ਬਰੂਹਾਂ 'ਤੇ ਜਾ ਕੇ ਹੱਲ ਕੀਤਾ ਜਾ ਰਿਹਾ ਹੈ ਜੋ ਕਿ ਪੰਜਾਬ ਸਰਕਾਰ ਦਾ ਇਕ ਸ਼ਲਾਘਾਯੋਗ ਉਪਰਾਲਾ ਹੈ ਅਤੇ ਲੋਕਾਂ ਨੂੰ ਇਸ ਦਾ ਵੱਧ ਤੋਂ ਵੱਧ ਫਾਇਦਾ ਲੈਣਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਾ.ਪ੍ਰੀਤੀ ਯਾਦਵ ਡਿਪਟੀ ਕਮਿਸ਼ਨਰ ਰੂਪਨਗਰ ਨੇ ਕਲਸੇੜਾ ਵਿਖੇ ਜਨ ਸੁਣਵਾਈ ਕੈਂਪ ਦੌਰਾਨ ਕਲਸੇੜਾ, ਬਿਭੌਰ ਸਾਹਿਬ ਤੇ ਬਾਸ ਦੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਦਾ ਦੂਰ ਦੁਰਾਡੇ ਪਿੰਡਾਂ ਵਿੱਚ ਬਰੂਹਾਂ 'ਤੇ ਜਾ ਕੇ ਹੱਲ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵਚਨਬੱਧ ਹੈ ਅਤੇ ਭਵਿੱਖ ਵਿਚ ਵੀ ਵੱਖ ਵੱਖ ਪਿੰਡਾਂ ਵਿਚ ਜਨ ਸੁਣਵਾਈ ਕੈਂਪ ਲਗਾ ਕੇ ਲੋਕਾਂ ਨੂੰ ਉਨ੍ਹਾਂ ਦੇ ਕੰਮ ਸੌਖਾਲੇ ਤਰੀਕੇ ਨਾਲ ਕਰਵਾਉਣ ਦੀ ਸੁਵਿਧਾ ਦਿੱਤੀ ਜਾਵੇਗੀ। ਮੁੱਖ ਮੰਤਰੀ ਫੀਲਡ ਅਫਸਰ ਅਨਮਜੋਤ ਕੌਰ ਨੇ ਕਿਹਾ ਕਿ ਜਿਹੜੀਆਂ ਮੁਸ਼ਕਿਲਾਂ ਕੈਂਪ ਵਿੱਚ ਪ੍ਰਸ਼ਾਸ਼ਨ ਦੇ ਧਿਆਨ ਵਿਚ ਆਉਂਦੀਆਂ ਹਨ, ਉਨ੍ਹਾਂ ਦਾ ਸਬੰਧਿਤ ਵਿਭਾਗਾਂ ਤੋਂ ਨਿਯਮਾਂ ਅਨੁਸਾਰ ਹੱਲ ਕਰਵਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਆਮ ਲੋਕਾਂ ਨੇ ਸਿਹਤ, ਖੁਰਾਕ ਸਪਲਾਈ, ਪਾਵਰ ਕਾਮ, ਬਾਗਬਾਨੀ, ਖੇਤੀਬਾੜੀ, ਜਲ ਸਪਲਾਈ, ਸਿੱਖਿਆ ਆਦਿ ਵਿਭਾਗਾ ਨਾਲ ਸਬੰਧਿਤ ਹੋਣ ਵਾਲੇ ਕੰਮਾਂ ਤੇ ਮੁਸ਼ਕਿਲਾਂ ਬਾਰੇ ਦੱਸਿਆ, ਜਿਨ੍ਹਾਂ ਦਾ ਅਧਿਕਾਰੀਆ ਨੇ ਤੁਰੰਤ ਹੱਲ ਕਰਨ ਲਈ ਸਬੰਧਿਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ। ਇਸ ਮੌਕੇ ਡੀ.ਐਸ.ਪੀ ਸਤੀਸ਼ ਕੁਮਾਰ,ਤਹਿਸੀਲਦਾਰ ਸੰਦੀਪ ਕੁਮਾਰ, ਉਪ ਜ਼ਿਲ੍ਹਾ ਸਿੱਖਿਆ ਅਫਸਰ ਸੁਰਿੰਦਰਪਾਲ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫਸਰ ਰੰਜਨਾ ਕਟਿਆਲ, ਬੀ.ਡੀ.ਪੀ.ਓ ਈਸ਼ਾਨ ਚੌਧਰੀ, ਖੇਤੀਬਾੜੀ ਅਫਸਰ ਅਮਰਜੀਤ ਸਿੰਘ, ਬਾਗਬਾਨੀ ਅਫਸਰ ਭਾਰਤ ਭੂਸ਼ਣ, ਪਸ਼ੂ ਪਾਲਣ ਵਿਭਾਗ ਰਮਨਦੀਪ, ਐਸ.ਡੀ.ਓ ਦੀਪਕ ਕੁਮਾਰ,ਐਸ.ਡੀ.ਓ ਸੁਖਵਿੰਦਰ ਸਿੰਘ,ਡਾ.ਜੰਗਜੀਤ ਸਿੰਘ, ਸੁਖਬੀਰ ਸਿੰਘ, ਮਿਨਾਕਸ਼ੀ ਬੇਦੀ ਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹੈ ਦੱੜੇ-ਸੱਟੇ ਦਾ ਧੰਦਾ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਚ ਦੱੜੇ ਸੱਟੇ ਦਾ ਧੰਦਾ ਖੂਬ ਜੋਰਾਂ ਸ਼ੋਰਾਂ ਨਾਲ ਚਲ ਰਿਹਾ ਹੈ ਜਿਥੇ ਲੋਕ ਆਪਣੀ ਮਿਹਨਤ ਦੀ ਕਮਾਈ ਦਾ ਪੈਸਾ ਉਡਾ ਰਹੇ ਹਨ। ਇਹ ਧੰਦਾ ਲਾਟਰੀ ਦੀ ਆੜ ਵਿਚ ਵੀ ਲਗਾਇਆ ਜਾ ਰਿਹਾ ਹੈ ਜਿਸ ਨਾਲ ਜਿੱਥੇ ਸਰਕਾਰ ਦੇ ਖਜਾਨੇ ਨੂੰ ਚੂਨਾ ਲਗਾਇਆ ਜਾ ਰਿਹਾ ਹੈ ਉਥੇ ਲੋਕਾਂ ਦੇ ਘਰ ਵੀ ਬਰਬਾਦ ਕੀਤੇ ਜਾ ਰਹੇ ਹਨ। ਸ਼ਹਿਰ ਅਤੇ ਆਸ ਪਾਸ ਦੇ ਪਿੰਡਾਂ ਦੇ ਲੋਕ ਇਸ ਦੱੜੇ ਸੱਟੇ 'ਤੇ ਸੈਂਕੜਿਆਂ ਤੋਂ ਲੈ ਕੇ ਲੱਖਾਂ ਰੁਪਏ ਲਗਾਉਂਦੇ ਹਨ। ਇਕ ਵਾਰ ਹਾਰ ਜਾਣ ਤੋਂ ਬਾਅਦ ਦੁਬਾਰਾ ਜਿੱਤ ਜਾਣ ਦੀ ਆਸ ਉਨ੍ਹਾਂ ਕੋਲੋਂ ਹੋਰ ਪੈਸਾ ਲੁਆਉਂਦੀ ਰਹਿੰਦੀ ਹੈ, ਜਿਸ ਦੇ ਚਲਦਿਆਂ ਸਵੇਰ ਵੇਲੇ ਨੋਟਾਂ ਦੀਆਂ ਜੇਬਾਂ ਭਰ ਕੇ ਆਉਂਦੇ ਲੋਕ ਸ਼ਾਮ ਨੂੰ ਖਾਲੀ ਹੋ ਕੇ ਵਾਪਸ ਮੁੜ ਜਾਂਦੇ ਹਨ। ਵੱਡੀ ਗਿਣਤੀ ਵਿਚ ਲੋਕਾਂ ਦਾ ਇਹ ਸਿਲਸਿਲਾ ਨਿਰੰਤਰ ਜਾਰੀ ਹੈ। ਕਈ ਛੋਟੇ ਉਮਰ ਦੇ ਲੜਕੇ ਘਰਦਿਆਂ ਤੋਂ ਚੋਰੀ ਛੁਪੇ ਇਨ੍ਹਾਂ ਦੇ ਕੋਲ ਆਉਂਦੇ ਜਾਂਦੇ ਹਨ ਜਿਨ੍ਹਾਂ ਦੀ ਜਿੰਦਗੀ ਦਾ ਅਹਿਮ ਹਿੱਸਾ ਦੱੜੇ ਸੱਟੇ ਦੀ ਭੇਟ ਚੜ੍ਹ ਰਿਹਾ ਹੈ। ਇਹ ਕਹਾਵਤ ਮਸ਼ਹੂਰ ਹੈ ਕਿ 'ਜੂਆ ਕਿਸੀ ਕਾ ਨਾ ਹੂਆ' ਇਸ ਗੋਰਖ ਧੰਦੇ ਵਿਚ ਲਗਾਤਾਰ ਹਾਰ ਜਾਣ ਵਾਲੇ ਲੋਕਾਂ ਦੀ ਇਹ ਤ੍ਰਾਸਦੀ ਬਣ ਜਾਂਦੀ ਹੈ ਕਿ ਜਿੱਤ ਜਾਣ ਦੀ ਆਸ ਕਰਦੇ ਕਰਦੇ ਕਰਜਾ ਚੁੱਕ ਕੇ ਵੀ ਪੈਸੇ ਲਗਾਉਂਦੇ ਰਹਿੰਦੇ ਹਨ ਤੇ ਅਖੀਰ ਕਰਜੇ ਦੇ ਬੋਝ ਹੇਠ ਆ ਕੇ ਦੱਬੇ ਜਾਂਦੇ ਹਨ। ਇਨ੍ਹਾਂ ਵਿਚੋਂ ਹੀ ਬਹੁਤ ਲੋਕ ਹਨ ਜੋ ਹਾਰ ਜਾਣ 'ਤੇ ਕਰਜਾ ਚੁੱਕੇ ਜਾਣ ਕਾਰਨ ਗਹਿਰੀ ਚਿੰਤਾ ਵਿਚ ਫਸੇ ਹੋਏ ਹਨ ਤੇ ਨਸ਼ਿਆਂ ਦਾ ਸਹਾਰਾ ਲੈਣਾ ਉਨ੍ਹਾਂ ਦੀ ਮਜਬੂਰੀ ਬਣ ਚੁੱਕੀ ਹੈ। ਇਥੇ ਇਹ ਵੀ ਕਾਬਿਲੇਗੌਰ ਹੈ ਕਿ ਪੰਜਾਬ ਸਰਕਾਰ ਵਲੋਂ ਅਨੰਦਪੁਰ ਸਾਹਿਬ ਨੂੰ ਪਵਿੱਤਰਤਾ ਦਾ ਦਰਜਾ ਦਿਤਾ ਗਿਆ ਹੈ ਤੇ ਇਥੇ ਮੀਟ, ਸ਼ਰਾਬ ਦੀਆਂ ਦੁਕਾਨਾਂ ਸ਼ਹਿਰ 'ਚੋਂ ਬਾਹਰ ਕਰਵਾਈਆਂ ਗਈਆਂ ਹਨ ਪਰ ਦੱੜੇ ਸੱਟੇ ਦਾ ਧੰਦਾ ਜੋ ਕਈ ਘਰਾਂ ਦੇ ਦੀਵੇ ਬੁਝਾਉਣ ਦਾ ਕਾਰਨਬਣ ਰਿਹਾ ਹੈ ਸ਼ਰੇਆਮ ਸ਼ਹਿਰ ਵਿਚ ਚਲ ਰਿਹਾ ਹੈ। ਅਨੰਦਪੁਰ ਸਾਹਿਬ ਦੀਆਂ ਜਥੇਬੰਦੀਆਂ ਨੇ ਕੀਤੀ ਮੰਗ ਸਰਕਾਰ ਦੀ ਨੱਕ ਹੇਠ ਚੱਲ ਰਹੇ ਇਸ ਦੜ੍ਹੇ ਸੱਟੇ ਦੇ ਧੰਦੇ ਖਿਲਾਫ ਸ਼ਹਿਰ ਦੀਆਂ ਜਥੇਬੰਦੀਆਂ ਇਕਮੁੱਠ ਹਨ। ਹਲਕੇ ਦੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਇਸਤਰੀ ਸਤਿਸੰਗ ਸਭਾ ਦੇ ਪ੍ਰਧਾਨ ਮਾਤਾ ਗੁਰਚਰਨ ਕੌਰ, ਸਿੱਖ ਮਿਸ਼ਨਰੀ ਕਾਲਜ ਦੇ ਆਰਗੇਨਾਈਜਰ ਜਗਮੋਹਣ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਸਰਕਲ ਪ੍ਰਧਾਨ ਜਥੇਦਾਰ ਰਾਮ ਸਿੰਘ, ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ, ਸਿੱਖ ਨੌਜਵਾਨ ਸਭਾ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਗੋਲਡੀ, ਇਸਤਰੀ ਅਕਾਲੀ ਦਲ ਦੀ ਜ਼ਿਲ੍ਹਾ ਪ੍ਰਧਾਨ ਬੀਬੀ ਕੁਲਵਿੰਦਰ ਕੌਰ, ਕਾਂਗਰਸ ਦੇ ਪ੍ਰੇਮ ਸਿੰਘ ਬਾਸੋਵਾਲ ਆਦਿ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਅਨੰਦਪੁਰ ਸਾਹਿਬ ਦੀ ਪਵਿੱਤਰਤਾ ਨੂੰ ਮੁੱਖ ਰਖਦਿਆਂ ਦੱੜੇ ਸੱਟੇ ਦਾ ਇਹ ਧੰਦਾ ਬੰਦ ਕਰਵਾਇਆ ਜਾਵੇ। ਆਗੂਆਂ ਨੇ ਇਸ ਸਬੰਧੀ ਹਲਕੇ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਵੀ ਅਪੀਲ ਕੀਤੀ ਕਿ ਉਹ ਆਪ ਅੱਗੇ ਹੋ ਕੇ ਇਸ ਕੰਮ ਨੂੰ ਬੰਦ ਕਰਾਉਣ।

# ਟੀ ਬੀ ਦੀ ਬਿਮਾਰੀ ਬਾਰੇ ਬੱਚਿਆਂ ਨੂੰ ਦਿੱਤੀ ਜਾਣਕਾਰੀ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਸਿਵਲ ਸਰਜਨ ਰੂਪਨਗਰ ਡਾਕਟਰ ਪਰਵਿੰਦਰ ਕੁਮਾਰ ਦੇ ਦਿਸ਼ਾ ਨਿਰਦੇਸ਼ ਅਤੇ ਜ਼ਿਲ੍ਹਾ ਤਪਦਿਕ ਅਫਸਰ ਡਾਕਟਰ ਕਮਲਦੀਪ ਕੌਰ ਅਤੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਵਿਧਾਨ ਚੰਦਰ ਦੀ ਅਗਵਾਈ ਹੇਠ ਸਰਕਾਰੀ ਮਾਡਲ ਸਕੂਲ ਸਮੁੰਦੜੀਆ ਵਿਖੇ ਟੀ ਬੀ ਦੀ ਬਿਮਾਰੀ ਬਾਰੇ ਜਾਣਕਾਰੀ ਦਿੱਤੀ ਗਈ। ਸੀਨੀਅਰ ਟਰੀਟਮੈਂਟ ਸੁਪਰਾਵਾਈਜਰ ਸੁਰਜੀਤ ਸਿੰਘ ਨੇ ਦੱਸਿਆ ਕਿ ਮਿਸ਼ਨ ਟੀ ਬੀ ਮੁਕਤ ਭਾਰਤ ਤਹਿਤ ਜ਼ਿਲ੍ਹੇ ਵਿੱਚ ਸਕੂਲਾਂ, ਪਿੰਡਾਂ, ਹਾਈ ਰਿਸਕ ਏਰੀਆ ,ਸਲਮ ਏਰੀਆ, ਸਟੋਨ ਕਰੱਸ਼ਰਾਂ, ਲੇਬਰ ਆਦਿ ਨੂੰ ਟੀ ਬੀ ਦੀ ਬਿਮਾਰੀ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਟੀਬੀ ਦੀ ਬਿਮਾਰੀ ਦੇ ਲੱਛਣਾਂ ਬਾਰੇ ਦੱਸਿਆ ਕਿ ਜੇਕਰ ਕਿਸੇ ਨੂੰ ਵੀ ਦੋ ਹਫਤਿਆਂ ਤੋਂ ਵੱਧ ਖਾਂਸੀ ਆਉਂਦੀ ਹੋਵੇ ,ਜਾਂ ਭੁੱਖ ਘੱਟ ਲੱਗ ਰਹੀ ਹੋਵੇ ਭਾਰ ਘੱਟ ਰਿਹਾ ਹੋਵੇ, ਬਲਗਮ ਵਿੱਚ ਖੂਨ ਆਉਂਦਾ ਹੋਵੇ ਤਾਂ ਨੇੜੇ ਦੇ ਸਰਕਾਰੀ ਹਸਪਤਾਲ ਵਿੱਚ ਜਾਕੇ ਆਪਣੀ ਬਲਗਮ ਜਾਂਚ ਕਰਵਾਉਣੀ ਚਾਹੀਦੀ ਹੈ। ਜਾਂਚ ਉਪਰੰਤ ਜੇਕਰ ਕਿਸੇ ਨੂੰ ਵੀ ਟੀਬੀ ਦੀ ਬਿਮਾਰੀ ਦਾ ਪਤਾ ਲੱਗਣ ਉਪਰੰਤ ਟੀਬੀ ਦੀ ਦਵਾਈ ਸ਼ੁਰੂ ਕੀਤੀ ਜਾਂਦੀ ਹੈ। ਟੀਬੀ ਦੀ ਦਵਾਈ ਸਾਰੇ ਹੀ ਸਰਕਾਰੀ ਹਸਪਤਾਲਾਂ ਵਿੱਚ ਬਿਲਕੁਲ ਮੁੱਫਤ ਦਿੱਤੀ ਜਾਂਦੀ ਹੈ। ਸਰਕਾਰ ਵੱਲੋਂ ਸਾਰੇ ਹੀ ਮਰੀਜਾਂ ਨੂੰ ਚੰਗੀ ਖੁਰਾਕ ਲਈ 500/ ਰੁਪਏ ਦੀ ਮਦੱਦ ਵੀ ਦਿੱਤੀ ਜਾਂਦੀ ਹੈ। ਉਨ੍ਹਾਂ ਨੇ ਬੱਚਿਆਂ ਨੂੰ ਫਾਸਟ ਫੂਡ ਅਤੇ ਜੰਕ ਫੂਡ ਆਦਿ ਦਾ ਸੇਵਨ ਨਾ ਕਰਨ ਕਰਨ ਬਾਰੇ ਪ੍ਰੇਰਿਤ ਕੀਤਾ ਤੇ ਕਿਹਾ ਕਿ ਬੱਚਿਆਂ ਨੂੰ ਘਰ ਦਾ ਸਾਦਾ ਖਾਣਾ ਅਤੇ ਫਰੂਟ ਤੇ ਦੁੱਧ ਆਦਿ ਦਾ ਸੇਵਨ ਕਰਨ ਚਾਹੀਦਾ ਹੈ। ਇਸ ਮੌਕੇ ਮਾਸਟਰ ਹਰਜੀਤ ਸਿੰਘ, ਕਮਲਜੀਤ ਸਿੰਘ, ਮਾਸਟਰ ਪ੍ਰਿੰਸ ਕੁਮਾਰ, ਮੁਸਕਾਨ ਜੱਸਲ ਤੇ ਸਕੂਲ ਦੇ ਵਿਦਿਆਰਥੀਆਂ ਹਾਜਰ ਸਨ।

# ਫਾਰਮੇਸੀ ਕਾਲਜ ਬੇਲਾ ਵਿਖੇ ਤੀਆਂ ਦਾ ਤਿਉਹਾਰ ਮਨਾਇਆ



**ਚਮਕੌਰ ਸਾਹਿਬ,(ਗੁਰਵਿੰਦਰਪਾਲ ਸਿੰਘ ਬੋਬੀ)** - ਫਾਰਮੇਸੀ ਕਾਲਜ ਬੇਲਾ ਵੱਲੋਂ ਤੀਆਂ ਦਾ ਤਿਉਹਾਰ ਕੇਅਰ ਐਂਡ ਕਿਊਰ ਕਲੱਬ ਦੇ ਸਹਿਯੋਗ ਨਾਲ ਕੈਂਪਸ ਵਿੱਚ ਮਨਾਇਆ । ਸਮਾਗਮ ਦਾ ਉਦਘਾਟਨ ਡਾ. (ਪ੍ਰੋ.) ਸੈਲੇਸ਼ ਸ਼ਰਮਾ ਅਤੇ ਕਲੱਬ ਦੇ ਡਾਇਰੈਕਟਰ ਡਾ. ਸਤਨਾਮ ਸਿੰਘ ਨੇ ਸਾਂਝੇ ਤੌਰ 'ਤੇ ਕੀਤਾ। ਸਮਾਗਮ ਦੀ ਸ਼ੁਰੂਆਤ ਚੂੜੀਆਂ ਦੀ ਰਸਮ ਅਤੇ ਝੂਲਾ ਝੂਲਨ ਨਾਲ ਹੋਈ। ਇਸ ਮੌਕੇ ਕਰਵਾਏ ਗਏ ਵੱਖ-ਵੱਖ ਮੁਕਾਬਲਿਆਂ ਵਿੱਚ 100 ਤੋਂ ਵੱਧ ਵਿਦਿਆਰਥੀਆਂ ਅਤੇ 50 ਸਟਾਫ ਮੈਂਬਰਾਂ ਨੇ ਭਾਗ ਲਿਆ। ਮਹਿੰਦੀ ਦੇ ਮੁਕਾਬਲੇ ਵਿੱਚ ਗੁਰਸਿਮਰਨ ਕੌਰ ਪਹਿਲਾ ਤੇ ਸਿਮਰਨ ਕੁਮਾਰੀ ਨੇ ਦੂਜਾ ਸਥਾਨ ਹਾਸਲ ਕੀਤਾ। ਨੇਲ ਆਰਟ ਮੁਕਾਬਲੇ ਵਿੱਚ ਬੀ.ਫਾਰਮ ਦੀ ਪ੍ਰਭਜੋਤ ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ। ਲੋਕ ਗੀਤ ਮੁਕਾਬਲਿਆਂ ਵਿੱਚ ਬੀ.ਫਾਰਮ ਪਹਿਲਾ ਦੇ ਮਨਵੀਰ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ। ਹਾਈ ਪ੍ਰੋਫਾਈਲ ਰਵਾਇਤੀ ਪਹਿਰਾਵੇ ਮੁਕਾਬਲੇ ਵਿੱਚ ਦੀਕਸ਼ਾ ਨੇ ਪਹਿਲਾ ਸਥਾਨ ਹਾਸਲ ਕੀਤਾ। ਜੱਜਾਂ ਨੇ ਬੀ.ਫਾਰਮ 5ਵੇਂ ਸਮੈਸਟਰ ਦੀ ਦੀਕਸ਼ਾ ਨੂੰ ਮਿਸ ਤੀਜ ਅਤੇ ਬੀ.ਫਾਰਮ ਪਹਿਲੇ ਸਮੈਸਟਰ ਦੇ ਮਨਵੀਰ ਸਿੰਘ ਨੂੰ ਮਿਸਟਰ ਤੀਜ ਐਲਾਨਿਆ। ਫੈਸਟੀਵਲ ਦਾ ਮੁੱਖ ਆਕਰਸ਼ਣ ਮਹਿਲਾ ਸਟਾਫ ਲਈ ਮਿਸਿਜ ਤੀਜ ਮੁਕਾਬਲਾ ਅਤੇ ਪੁਰਸ਼ ਸਟਾਫ ਲਈ ਬੈਸਟ ਡਰੈਸਡ ਮੁਕਾਬਲਾ ਸੀ।

ਇਸ ਵਿਸ਼ੇਸ਼ ਸਮਾਗਮ ਵਿੱਚ ਸਮੂਹ ਵਿਆਹੁਤਾ ਸਟਾਫ ਨੇ ਉਤਸ਼ਾਹ ਨਾਲ ਭਾਗ ਲਿਆ। ਪੁਰਸ਼ ਸਟਾਫ ਵਿੱਚ ਪ੍ਰੋ. ਸਤਨਾਮ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਪ੍ਰੋ. ਨੋਇਲ ਨੂੰ ਫੈਸਟੀਵਲ ਦਾ ਜੇਤੂ ਐਲਾਨਿਆ। ਜੇਤੂ ਰਹੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਡਾ: ਨਵਜੋਤ ਕੌਰ , ਰਮਨਦੀਪ ਕੌਰ, ਹਰਪ੍ਰੀਤ ਕੌਰ, ਅਨੂ ਸ਼ਰਮਾ,ਰਵਿੰਦਰ ਕੌਰ, ਹਰਸਿਮਰਨ ਸਿੰਘ, ਰੁਪਿੰਦਰ ਕੌਰ ਅਤੇ ਨਵਜੀਤ ਕੌਰ ਆਦਿ ਹਾਜਰ ਸਨ।